ਕੌਮਾਂਤਰੀ www.amritsartimes.com
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 24 | Issue 245| 16 to 22 Sept. 2026 | Ph.: (510) 240-5949 | Email: asrtimes@gmail.com

# ਸਿਆਸਤ ਦੀ ਘੁੰਮਣਘੇਰੀ ’ਚ ਫਸਿਆ ਪੰਜਾਬ

## ਰਵਾਇਤੀ ਸਿਆਸੀ ਪਾਰਟੀਆਂ ਦੇ ਰਾਹ ਤੁਰ ਪਈ ਆਮ ਆਦਮੀ ਪਾਰਟੀ

## ਤੀਜੇ ਸਿਆਸੀ ਬਦਲ ਤੋਂ ਨਿਰਾਸ਼ ਹੋਏ ਪੰਜਾਬੀ ਕੀ ਚੌਥਾ ਬਦਲ ਲਿਆਉਣਗੇ ?

ਜਗਮੋਹਨ ਸਿੰਘ ‘ਲੱਕੀ’





ਪੰਜਾਬ ਇਸ ਸਮੇਂ ਸਿਆਸੀ ਸਰਗਰਮੀਆਂ ਦਾ ਮੁੱਖ ਕੇਂਦਰ ਬਣਿਆ ਹੋਇਆ ਹੈ। ਵੱਡੀ ਗਿਣਤੀ ਸਿਆਸੀ ਪਾਰਟੀਆਂ ਨੇ ਜੰਗੀ ਪੱਧਰ ’ਤੇ ਆਪਣੀ ਚੋਣ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਭਾਵੇਂ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਐਲਾਨ ਨਹੀਂ ਕੀਤਾ ਹੈ, ਪਰ ਸਿਆਸੀ ਆਗੂਆਂ ਵੱਲੋਂ ਅੰਦਾਜ਼ੇ ਲਗਾਏ ਜਾ ਰਹੇ ਹਨ ਕਿ ਇਹ ਚੋਣਾਂ ਨਵੇਂ ਸਾਲ 2027 ਦੀ ਸ਼ੁਰੂਆਤ ਵਿੱਚ ਫਰਵਰੀ ਮਹੀਨੇ ਦੌਰਾਨ ਕਰਵਾਈਆਂ ਜਾ ਸਕਦੀਆਂ ਹਨ। ਸਿਆਸੀ ਪਾਰਟੀਆਂ ਵੱਲੋਂ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਅਤੇ ਇਸ ਸਮੇਂ ਭਖੇ ਹੋਏ ਮੌਜੂਦਾ ਸਿਆਸੀ ਮਾਹੌਲ ਨੂੰ ਵੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਗਹਿਗੱਚ ਮੁਕਾਬਲੇ ਹੋਣਗੇ ਅਤੇ ਉਮੀਦਵਾਰਾਂ ਦੀ ਜਿੱਤ ਦਾ ਅੰਤਰ ਮਾਮੂਲੀ ਰਹਿ ਸਕਦਾ ਹੈ।

ਸਿਆਸੀ ਮਾਹਿਰ ਦਾਅਵਾ ਕਰ ਰਹੇ ਹਨ ਕਿ ਪੰਜਾਬ ਵਿਧਾਨ ਸਭਾ ਚੋਣਾਂ ਲਈ ਉਲਟੀ ਗਿਣਤੀ ਸ਼ੁਰੂ ਹੋ ਰਹੀ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਕੋਲ ਹੁਣ ਆਖ਼ਰੀ ਛੇ ਮਹੀਨੇ ਦਾ ਸਮਾਂ ਬਚਿਆ ਹੈ। ਮੌਜੂਦਾ ਸਰਕਾਰ ਦੇ ਕਾਰਜਕਾਲ ਦਾ 16 ਮਾਰਚ 2027 ਨੂੰ ਪੰਜ ਸਾਲ ਦਾ ਸਮਾਂ ਪੂਰਾ ਹੋਣਾ ਹੈ ਅਤੇ ਅੱਜ ਤੋਂ ਪੂਰਾ ਛੇ ਮਹੀਨੇ ਦਾ ਸਮਾਂ ਬਾਕੀ ਰਹਿ ਜਾਣਾ ਹੈ। ਹਰ ਸਰਕਾਰ ਲਈ ਆਪਣੇ ਰਾਜ ਦੇ ਆਖ਼ਰੀ ਛੇ ਮਹੀਨੇ ਬਹੁਤ ਮਹੱਤਵਪੂਰਨ ਹੁੰਦੇ ਹਨ। ਇਹਨਾਂ ਮਹੀਨਿਆਂ ਦੌਰਾਨ ਸਰਕਾਰ ਅੱਗੇ ਵੱਡੀਆਂ ਚੁਣੌਤੀਆਂ ਪੇਸ਼ ਹੁੰਦੀਆਂ ਹਨ ਕਿਉਂਕਿ ਇਹੋ ਸਮਾਂ ਹੁੰਦਾ ਹੈ ਕਿ ਜਦੋਂ ਸਮਾਜ ਦਾ ਹਰੇਕ ਵਰਗ ਆਪਣੇ ਹਿੱਤਾਂ ਦੀ ਪੂਰਤੀ ਲਈ ਸਰਕਾਰ ’ਤੇ ਦਬਾਅ ਬਣਾਉਣਾ ਸ਼ੁਰੂ ਕਰ ਦਿੰਦਾ ਹੈ। ਸੱਤਾਧਾਰੀ ਧਿਰ ਨੂੰ ਹੁਣ ਆਖ਼ਰੀ ਛੇ ਮਹੀਨਿਆਂ ਦੌਰਾਨ ਇੱਕੋ ਸਮੇਂ ਕਈ ਫਰੰਟਾਂ ’ਤੇ ਜੂਝਣਾ ਪੈਣਾ ਹੈ। ਵੱਡੀ ਚੁਣੌਤੀ ਮੁਲਾਜ਼ਮ ਵਰਗ ਦੀ ਹੈ ਜਿਸ ਨੇ ਆਪਣੀਆਂ ਮੰਗਾਂ ਜਿਵੇਂ ਬਕਾਇਆ ਮਹਿੰਗਾਈ ਭੱਤਾ, ਪੁਰਾਣੀ ਪੈਨਸ਼ਨ ਸਕੀਮ ਆਦਿ ਮੁੱਦਿਆਂ ’ਤੇ ਸੰਘਰਸ਼ ਵਿੱਢਿਆ ਹੋਇਆ ਹੈ। ਕਿਸਾਨ ਜਥੇਬੰਦੀਆਂ ਨੇ ਵੀ ਆਪਣੇ ਸੰਘਰਸ਼ ਨੂੰ ਤੇਜ਼ ਕਰ ਦਿੱਤਾ ਹੈ।

ਜੇ ਹੁਣ ਪੰਜਾਬ ਦੀ ਸਿਆਸੀ ਸਥਿਤੀ ਤੇ ਸਰਗਰਮੀਆਂ ਦੀ ਗੱਲ ਕੀਤੀ ਜਾਵੇ ਤਾਂ ‘ਆਪ’ ਨੇ ਆਪਣੇ ਨਵੇਂ ਹਲਕਾ ਇੰਚਾਰਜ ਲਾਉਣੇ ਸ਼ੁਰੂ ਕਰ ਦਿੱਤੇ ਹਨ ਅਤੇ ਭਾਜਪਾ ਵੱਲੋਂ 18 ਸਤੰਬਰ ਤੋਂ ‘ਨਸ਼ਾ ਮੁਕਤ ਪੰਜਾਬ ਯਾਤਰਾ’ ਸ਼ੁਰੂ ਕੀਤੀ ਜਾ ਰਹੀ ਹੈ। ਆਉਂਦੇ ਦਿਨਾਂ ਵਿੱਚ ਦਲ ਬਦਲੀ ਦਾ ਦੌਰ ਤੇਜ਼ ਹੋ ਜਾਵੇਗਾ। ਚੋਣਾਂ ਨੇੜੇ ਆਉਣ ਕਾਰਨ ਹੁਣ ਸਿਆਸੀ ਫਸਲੀ ਬਟੇਰੇ ਵੀ ਸਰਗਰਮ ਹੋ ਗਏ ਹਨ। ਅਕਾਲੀ ਦਲ ਬਾਦਲ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀਆਂ ਵੱਲੋਂ ਤਾਂ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਕਰਨ ਦੀ ਦੌੜ ਵੀ ਸ਼ੁਰੂ ਹੋ ਗਈ ਹੈ। ਪੰਜਾਬ ਕਾਂਗਰਸ ਆਪਸੀ ਫੁੱਟ ਦੀ ਸ਼ਿਕਾਰ ਹੋਣ ਦੇ ਬਾਵਜੂਦ ਅਗਲੀਆਂ ਚੋਣਾਂ ਜਿੱਤਣ ਲਈ ਪੱਬਾਂ ਭਾਰ ਹੋ ਗਈ ਹੈ। ਗੁਲਜ਼ਾਰ ਸਿੰਘ ਖੁਦਕੁਸ਼ੀ ਮਾਮਲੇ ਵਿੱਚ ਵਿੱਤ ਮੰਤਰੀ ਹਰਪਾਲ ਚੀਮਾ ਦੀ ਰਿਹਾਇਸ਼ ਵੱਲ ਬੀਤੇ ਦਿਨ ਪੰਜਾਬ ਕਾਂਗਰਸ ਵੱਲੋਂ ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ ਦੀ ਅਗਵਾਈ ਹੇਠ ਰੋਸ ਮਾਰਚ ਕੀਤਾ ਗਿਆ। ਪਾਇਲਟ ਨੇ ਵੱਖ-ਵੱਖ ਧੜਿਆਂ ਵਿੱਚ ਵੰਡੀ ਹੋਈ ਕਾਂਗਰਸ ਨੂੰ ਇੱਕ ਮੰਚ ’ਤੇ ਲਿਆ ਖੜ੍ਹਾ ਕਰ ਦਿੱਤਾ ਹੈ। ਇਸ ਰੋਸ ਪ੍ਰਦਰਸ਼ਨ ਦੌਰਾਨ ਸਚਿਨ ਪਾਇਲਟ,



ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਰੰਧਾਵਾ ਇੱਕੋ ਮੰਚ ’ਤੇ ਨਜ਼ਰ ਆਏ ਪਰ ਇਸ ਦੌਰਾਨ ਵੀ ਇਸ ਪਾਰਟੀ ਦੀ ਅੰਦਰੂਨੀ ਫੁੱਟ ਦਾ ਪਰਛਾਵਾਂ ਵੀ ਪੈਂਦਾ ਰਿਹਾ ਕਿਉਂਕਿ ਵੱਖ-ਵੱਖ ਕਾਂਗਰਸੀ ਆਗੂਆਂ ਨੇ ਇਸ ਰੋਸ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਦੇ ਬਾਵਜੂਦ ਨਾ ਤਾਂ ਆਪਸ ਵਿੱਚ ਅੱਖਾਂ ਮਿਲਾਈਆਂ ਤੇ ਨਾ ਹੀ ਉਹਨਾਂ ਦੇ ਦਿਲ ਮਿਲੇ।

ਪੰਜਾਬ ’ਚ ਕਣਕ ਝੋਨੇ ਦੇ ਫਸਲੀ ਚੱਕਰ ਵਾਂਗੂੰ ਹੀ ਅਕਾਲੀ ਦਲ ਅਤੇ ਕਾਂਗਰਸ ਦੇ ਸਿਆਸੀ ਚੱਕਰ ’ਚ ਉਲਝੇ ਵੱਡੀ ਗਿਣਤੀ ਪੰਜਾਬੀਆਂ ਨੇ ਪਿਛਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਪੰਜਾਬ ਦੀ ਸਿਆਸਤ ’ਚ ਤੀਜਾ ਬਦਲ ਲਿਆਉਂਦਿਆਂ ਆਮ ਆਦਮੀ ਪਾਰਟੀ ਨੂੰ ਸੱਤਾ ਸੌਂਪੀ ਸੀ। ਸੱਤਾ ਪ੍ਰਾਪਤ ਕਰਨ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਵੀ ਪੰਜਾਬ ਵਿੱਚ ਵੱਡਾ ਬਦਲਾਓ ਲਿਆਉਣ ਦਾ ਵਾਅਦਾ ਕੀਤਾ ਸੀ। ਹੁਣ ਵਿਰੋਧੀ ਧਿਰਾਂ ਦੋਸ਼ ਲਗਾ ਰਹੀਆਂ ਹਨ ਕਿ ਪੰਜਾਬ ਦੀ ਆਪ ਸਰਕਾਰ ਹੁਣ ਤਕ ਦੀ ਕਾਰਗੁਜ਼ਾਰੀ ਦੌਰਾਨ ਪੰਜਾਬ ’ਚ ਕੋਈ ਵੱਡਾ ਬਦਲਾਓ ਲਿਆਉਣ ਵਿੱਚ ਕਾਮਯਾਬ ਨਹੀਂ ਹੋਈ। ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਜਿਹੜੇ ਆਗੂ ਆਪਣੇ ਆਪ ਨੂੰ ਆਮ ਬੰਦੇ ਕਹਿ ਕੇ ਲੋਕਾਂ ਦੇ ਨੁਮਾਇੰਦੇ ਬਣੇ ਸਨ, ਉਨ੍ਹਾਂ ਨੂੰ ਵੀ ਇਸ ਸਮੇਂ ਸੱਤਾ ਦਾ ਨਸ਼ਾ ਚੜ੍ਹ ਗਿਆ ਹੈ। ਜਿਸ ਦੀ ਮਿਸਾਲ ਬੀਤੇ ਦਿਨੀਂ ਉਸ ਸਮੇਂ ਮਿਲੀ ਜਦੋਂ ਹਲਕਾ ਲੁਧਿਆਣਾ ਦੱਖਣੀ ਤੋਂ ਆਮ ਆਦਮੀ ਪਾਰਟੀ (ਆਪ) ਦੀ ਵਿਧਾਇਕਾ ਰਜਿੰਦਰਪਾਲ ਕੌਰ ਛੀਨਾ ਨੇ ਰਸਤਾ ਨਾ ਮਿਲਣ ਕਾਰਨ ਇੱਕ ਟਰੱਕ ਡਰਾਇਵਰ ਨੂੰ ਥੱਪੜ ਮਾਰ ਦਿੱਤਾ। ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਇੱਕ ਵੀਡੀਓ ਵਿੱਚ ਦਿਖਾਇਆ ਗਿਆ ਕਿ ਵਿਧਾਇਕਾ ਦੀ ਗੱਡੀ ਇੱਕ ਟਰੱਕ ਦੇ ਪਿੱਛੇ ਸੀ। ਟਰੱਕ ਚਾਲਕ ਵੱਲੋਂ ਲੰਘਣ ਲਈ ਰਾਹ ਦੇਣ ਵਿੱਚ ਦੇਰੀ ਹੋਣ ’ਤੇ ਵਿਧਾਇਕਾ ਕਥਿਤ ਤੌਰ ’ਤੇ ਨਰਾਜ਼ ਹੋ ਗਏ। ਇਸ ਤੋਂ ਬਾਅਦ ਟਰੱਕ ਨੂੰ ਰੁਕਵਾਇਆ ਗਿਆ ਅਤੇ ਪਿੱਛੇ ਆ ਰਹੀ ਗੱਡੀ ਵਿੱਚੋਂ ਉੱਤਰ ਕੇ ਵਿਧਾਇਕਾ ਟਰੱਕ ਡਰਾਈਵਰ ਵੱਲ ਜਾਂਦੀ ਦਿਖਾਈ ਦਿੰਦੀ ਹੈ। ਉਸ ਨੇ ਡਰਾਈਵਰ ਨੂੰ ਹੇਠਾਂ ਉੱਤਰਨ ਲਈ ਕਿਹਾ ਅਤੇ ਉਸ ਨਾਲ ਬਹਿਸ ਕਰਨ ਲੱਗੀ। ਦੇਖਦੇ ਹੀ ਦੇਖਦੇ ਵਿਧਾਇਕਾ ਵੱਲੋਂ ਡਰਾਈਵਰ ਨੂੰ ਕਥਿਤ ਤੌਰ ’ਤੇ ਥੱਪੜ ਮਾਰ ਦਿੱਤਾ ਗਿਆ। ਚਸ਼ਮਦੀਦਾਂ ਅਨੁਸਾਰ ਡਰਾਈਵਰ ਦਾ ਕੋਈ ਕਸੂਰ ਨਾ ਹੋਣ ਦੇ ਬਾਵਜੂਦ ਉਸ ਨੂੰ ਥੱਪੜ ਮਾਰੇ ਜਾਣ ’ਤੇ ਹਰ ਕੋਈ ਹੈਰਾਨ ਸੀ। ਇਸ ਤੋਂ ਪਹਿਲਾਂ ਵੀ ਸੱਤਾਧਾਰੀ ਪਾਰਟੀ ‘ਆਪ’ ਨਾਲ ਕਈ ਵਿਵਾਦ ਜੁੜ ਚੁੱਕੇ ਹਨ। ਇਸ ਦੇ ਬਾਵਜੂਦ ਇਹ ਪਾਰਟੀ ਦਾਅਵਾ ਕਰ ਰਹੀ ਹੈ ਕਿ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਜਿੱਤ ਕੇ ਉਹ ਪੰਜਾਬ ਵਿੱਚ ਮੁੜ ਸਰਕਾਰ ਬਣਾਏਗੀ।

> ਪੰਜਾਬ ਦੇ ਲੋਕ ਜਿੱਥੇ ਰਵਾਇਤੀ ਸਿਆਸੀ ਪਾਰਟੀਆਂ ਤੋਂ ਅੱਕ ਚੁੱਕੇ ਹਨ, ਉਥੇ ਪੰਜਾਬੀਆਂ ਦੀ ਕਸੌਟੀ ’ਤੇ ਆਮ ਆਦਮੀ ਪਾਰਟੀ ਵੀ ਖਰੀ ਨਹੀਂ ਉੱਤਰੀ। ਇਸ ਕਾਰਨ ਪੰਜਾਬੀ ਤੀਜੇ ਸਿਆਸੀ ਬਦਲ ਤੋਂ ਵੀ ਨਿਰਾਸ਼ ਹੋ ਚੁੱਕੇ ਹਨ। ਪੰਜਾਬ ਦੇ ਵੱਖ- ਵੱਖ ਵਰਗਾਂ ਦੇ ਲੋਕਾਂ ਨਾਲ ਗੱਲਬਾਤ ਦੌਰਾਨ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਉਹ ਹੁਣ ਕਿਸੇ ਚੌਥੇ ਸਿਆਸੀ ਬਦਲ ਦੀ ਉਡੀਕ ਕਰ ਰਹੇ ਹਨ। ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪੰਜਾਬੀਆਂ ਵੱਲੋਂ ਸਿਆਸੀ ਪਾਰਟੀਆਂ ਦੀ ਥਾਂ ਉਮੀਦਵਾਰਾਂ ਦੀ ਸ਼ਖ਼ਸੀਅਤ ਵੇਖ ਕੇ ਵੋਟਾਂ ਪਾਉਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਪੰਜਾਬ ਵਿੱਚ ਚੌਥਾ ਸਿਆਸੀ ਬਦਲ ਵੀ ਉਭਰਨ ਦੇ ਸੰਕੇਤ ਮਿਲ ਰਹੇ ਹਨ।

ਇਸ ਸਮੇਂ ਪੰਜਾਬ ਦਾ ਹਾਲ ਇਹ ਹੈ ਕਿ ਇੱਕ ਪਾਸੇ ਬੇਅਦਬੀ ਰੋਕੂ ਐਕਟ ਕਾਰਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਿਚਕਾਰ ਤਨਾਓ ਚੱਲ ਰਿਹਾ ਹੈ, ਦੂਜੇ ਪਾਸੇ ਪੰਜਾਬ ’ਚ ਮਹਿੰਗਾਈ ਤੇ ਬੇਰੁਜ਼ਗਾਰੀ ਬਹੁਤ ਵੱਧ ਰਹੀ ਹੈ। ਭਾਵੇਂ ਕਿ ਆਪ ਸਰਕਾਰ ਨੇ ਅਨੇਕਾਂ ਬੇਰੁਜ਼ਗਾਰਾਂ ਨੂੰ ਸਰਕਾਰੀ ਨੌਕਰੀਆਂ ਦੇਣ ਦਾ ਦਾਅਵਾ ਵੀ ਕੀਤਾ ਹੈ ਪਰ ਪੰਜਾਬ ’ਚ ਅਜੇ ਵੀ ਹਜ਼ਾਰਾਂ ਨੌਜਵਾਨਾਂ ਕੋਲ ਕੋਈ ਕੰਮ ਧੰਦਾ ਨਾ ਹੋਣ ਕਾਰਨ ਉਹ ਵਿਹਲੇ ਫਿਰਦੇ ਹਨ। ਵਿਹਲੇ ਨੌਜਵਾਨ ਕਿਸੇ ਸਮੇਂ ਵੀ ਸਮਾਜ ਲਈ ਵੱਡੀ ਸਮੱਸਿਆ ਬਣ ਸਕਦੇ ਹਨ। ਪੰਜਾਬ ਦੇ ਸਿਆਸੀ ਆਗੂਆਂ ਵੱਲੋਂ ਮਹਿੰਗਾਈ ਅਤੇ ਬੇਰੁਜ਼ਗਾਰੀ ਦੇ ਹੱਲ ਲਈ ਸਾਂਝੇ ਯਤਨਾਂ ਦੀ ਥਾਂ ਹੋਰਨਾਂ ਮੁੱਦਿਆਂ ’ਤੇ ਪੰਜਾਬੀਆਂ ਦਾ ਧਿਆਨ ਭਟਕਾਇਆ ਜਾ ਰਿਹਾ ਹੈ। ਹੁਣ ਪੰਜਾਬ ਦੇ ਆਮ ਲੋਕਾਂ ਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ ਸਿਆਸੀ ਆਗੂ ਉਹਨਾਂ ਨੂੰ ਸਿਰਫ਼ ਵੋਟ ਬੈਂਕ ਸਮਝਦੇ ਹਨ ਅਤੇ ਆਮ ਲੋਕਾਂ ਦੀਆਂ ਤਕਲੀਫ਼ਾਂ ਅਤੇ ਮਸਲਿਆਂ ਸਬੰਧੀ ਵੱਖ- ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਪਹੁੰਚ ਨਾਂਹਪੱਖੀ ਹੈ।

ਸੱਚ ਤਾਂ ਇਹ ਹੈ ਕਿ ਭਾਵੇਂ ਪੰਜਾਬ ਵਿੱਚ ਕਈ ਸਰਕਾਰਾਂ ਆਈਆਂ ਤੇ ਗਈਆਂ ਪਰ ਪੰਜਾਬੀਆਂ ਦੇ ਮਸਲੇ ਰੁੱਖਾਂ ਵਾਂਗੂੰ ਖੜੇ ਰਹਿੰਦੇ ਹਨ। ਪੰਜਾਬੀਆਂ ਦਾ ਕਹਿਣਾ ਹੈ ਕਿ ਪੰਜਾਬ ’ਚ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ ਪਰ ਪੰਜਾਬ ਵਿੱਚ ਅਫ਼ਸਰਸ਼ਾਹੀ ਤਾਂ ਉਹੀ ਰਹਿੰਦੀ ਹੈ। ਪੰਜਾਬ ਦੇ ਕੁਝ ਸੂਝਵਾਨ ਆਗੂ ਇਹ ਵੀ ਦੋਸ਼ ਲਗਾਉਂਦੇ ਹਨ ਕਿ ਅਸਲ ਵਿੱਚ ਪੰਜਾਬ ਦੀ ਅਫ਼ਸਰਸ਼ਾਹੀ ਹੀ ਪੰਜਾਬ ਦੀ ਸਰਕਾਰ ਨੂੰ ਚਲਾਉਂਦੀ ਹੈ। ਇਸੇ ਕਾਰਨ ਪੰਜਾਬੀਆਂ ਦੇ ਮਸਲੇ ਲੰਬੇ ਸਮੇਂ ਤੋਂ ਲਮਕ ਰਹੇ ਹਨ।

ਪੰਜਾਬ ਦੇ ਵਸਨੀਕਾਂ ਨੂੰ ਇਸ ਸਮੇਂ ਬੇਰੁਜ਼ਗਾਰੀ, ਨਸ਼ੇ, ਮਹਿੰਗਾਈ, ਅਮਨ ਕਾਨੂੰਨ ਦੀ ਮਾੜੀ ਹਾਲਤ, ਖ਼ੂਨ ਪੀਣੀਆਂ ਸੜਕਾਂ, ਪੀਣ ਵਾਲੇ ਪਾਣੀ ਦੀ ਘਾਟ ਸਮੇਤ ਹੋਰ ਕਈ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਬਾਵਜੂਦ ਪੰਜਾਬ ਦੇ ਸਿਆਸੀ ਆਗੂ ਇਹਨਾਂ ਸਮੱਸਿਆਵਾਂ ਦਾ ਹੱਲ ਕਰਨ ਦੀ ਥਾਂ ਬੇਲੋੜੇ ਵਿਵਾਦਾਂ ਅਤੇ ਨਿੱਜੀ ਦੂਸ਼ਣਬਾਜੀ ਵਿੱਚ ਉਲਝੇ ਹੋਏ ਨਜ਼ਰ ਆ ਰਹੇ ਹਨ। ਇਸੇ ਕਾਰਨ ਵੱਡੀ ਗਿਣਤੀ ਪੰਜਾਬੀ ਕਹਿ ਰਹੇ ਹਨ ਕਿ ਪੰਜਾਬੀਆਂ ਦੇ ਵੱਡੇ ਮਸਲੇ ਇਸ ਸਮੇਂ ਫਿਰ ਠੰਡੇ ਬਸਤੇ ਵਿੱਚ ਪੈ ਗਏ ਹਨ।

### ਸਿਆਸੀ ਪਾਰਟੀਆਂ ਵੱਲੋਂ ਪਲੈਨ ‘ਏ’ ਦੇ ਨਾਲ ਪਲੈਨ ‘ਬੀ’ ਵੀ ਤਿਆਰ

ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ ਨੂੰ ਵੇਖਦਿਆਂ ਸਾਰੀਆਂ ਮੁੱਖ ਪਾਰਟੀਆਂ ਨੇ ਅਗਾਮੀ ਵਿਧਾਨ ਸਭਾ ਚੋਣਾਂ ਅਤੇ ਚੋਣ ਨਤੀਜਿਆਂ ਤੋਂ ਬਾਅਦ ਦੀ ਸਥਿਤੀ ਲਈ ਪਲੈਨ ‘ਏ’ ਦੇ ਨਾਲ ਪਲੈਨ ‘ਬੀ’ ਵੀ ਬਣਾਏ ਹੋਏ ਹਨ ਅਤੇ ਇਹ ਸਿਆਸੀ ਪਾਰਟੀਆਂ ਚੋਣ ਨਤੀਜਿਆਂ ਤੋਂ ਬਾਅਦ ਹਰ ਤਰ੍ਹਾਂ ਦੀ ਸਥਿਤੀ ਲਈ ਪੂਰੀ ਤਰ੍ਹਾਂ ਤਿਆਰ ਹਨ। ਭਾਵੇਂ ਕਿ ਸਾਰੀਆਂ ਹੀ ਸਿਆਸੀ ਪਾਰਟੀਆਂ ਆਪੋ ਆਪਣੀ ਜਿੱਤ ਦੇ ਦਾਅਵੇ ਕਰ ਰਹੀਆਂ ਹਨ ਪਰ ਪੰਜਾਬ ਵਿੱਚ ਅਜੇ ਕਿਸੇ ਵੀ ਪਾਰਟੀ ਦੇ ਪੱਖ ਵਿੱਚ ਹਵਾ ਨਹੀਂ ਚੱਲੀ ਹੈ, ਇਹ ਵੱਖਰੀ ਗੱਲ ਹੈ ਕਿ ਕੁਝ ਸਿਆਸੀ ਆਗੂ ਆਪਣੀ ਪਾਰਟੀ ਦੇ ਪੱਖ ਵਿੱਚ ਹਨੇਰੀ ਚੱਲਣ ਦੇ ਫੋਕੇ ਦਾਅਵੇ ਹੀ ਕਰੀ ਜਾ ਰਹੇ ਹਨ।


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

ਮਾਹਿਰਾਂ ਨੇ ਦਿੱਤੀ ਵੱਡੀ ਚਿਤਾਵਨੀ

# ਕੀ ਮਨੁੱਖਤਾ ਲਈ ਘਾਤਕ ਸਾਬਤ ਹੋ ਸਕਦੀ ਹੈ ਏ.ਆਈ. ?

## ਐਂਥ੍ਰੋਪਿਕ, ਓਪਨ ਏ.ਆਈ. ਅਤੇ ਮਸਕ ਨੇ ਮੰਗੀ ਸੁਰੱਖਿਆ ਜਾਂਚ ਲਈ ਮੋਹਲਤ

## ਬੇਲਗਾਮ ਤਕਨੀਕ ’ਤੇ ਨੱਥ ਪਾਉਣੀ ਜ਼ਰੂਰੀ

ਵਾਸ਼ਿੰਗਟਨ/ਏ.ਟੀ.ਨਿਊਜ਼ : ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਦੁਨੀਆ ਵਿੱਚ ਅੱਜ-ਕੱਲ੍ਹ ਇੱਕ ਵੱਡੀ ਬਹਿਸ ਛਿੜੀ ਹੋਈ ਹੈ। ਦੁਨੀਆ ਭਰ ਦੇ ਤਕਨੀਕੀ ਮਾਹਿਰ ਹੁਣ ਚਿਤਾਵਨੀ ਦੇ ਰਹੇ ਹਨ ਕਿ ਜੇਕਰ ਏ.ਆਈ. ਦੀ ਰਫ਼ਤਾਰ ਨੂੰ ਕਾਬੂ ਨਾ ਕੀਤਾ ਗਿਆ, ਤਾਂ ਇਹ ਮਨੁੱਖੀ ਹੋਂਦ ਲਈ ਵੱਡਾ ਸੰਕਟ ਖੜ੍ਹਾ ਕਰ ਸਕਦੀ ਹੈ।

ਕੀ ਏ.ਆਈ. ਸੱਚਮੁੱਚ ਮਨੁੱਖਾਂ ਨੂੰ ਖ਼ਤਮ ਕਰ ਸਕਦੀ ਹੈ ?

ਕੰਪਨੀ ਐਂਥ੍ਰੋਪਿਕ ਦੇ ਸੀਈਓ ਡਾਰੀਓ ਅਮੋਦੇਈ ਨੇ ਹਾਲ ਹੀ ਵਿੱਚ ਚਿਤਾਵਨੀ ਦਿੱਤੀ ਹੈ ਕਿ ਸ਼ਕਤੀਸ਼ਾਲੀ ਏ.ਆਈ. ਮਨੁੱਖਤਾ ਲਈ ਘਾਤਕ ਸਾਬਤ ਹੋ ਸਕਦੀ ਹੈ। ਉਹ ਕੰਪਨੀ ਦੇ ਸਾਬਕਾ ਖੋਜੀ ਜੈਕਬ ਕੌਕਸਨ ਦੇ ਇਸ ਖ਼ਦਸ਼ੇ ਨਾਲ ਸਹਿਮਤ ਨਜ਼ਰ ਆਏ ਕਿ ਇਸ ਦਹਾਕੇ ਦੇ ਅੰਤ ਤੱਕ ਬੇਲਗਾਮ ਏ.ਆਈ. ਮਨੁੱਖਾਂ ਲਈ ਵੱਡਾ ਖ਼ਤਰਾ ਬਣ ਸਕਦੀ ਹੈ। ਹਾਲਾਂਕਿ, ਮਾਹਿਰਾਂ ਦਾ ਕਹਿਣਾ ਹੈ ਕਿ ਇਹ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਦੁਨੀਆ ਇਸ ਨੂੰ ਕਿਵੇਂ ਚਲਾਉਂਦੀ ਹੈ।

**ਏ.ਆਈ. ਕਿੰਨੀ ਖ਼ਤਰਨਾਕ ਸਾਬਤ ਹੋ ਸਕਦੀ ਹੈ ?**

ਏ.ਆਈ. ਦੇ ਤੇਜ਼ੀ ਨਾਲ ਵਧ ਰਹੇ ਖ਼ਤਰਿਆਂ ਵਿੱਚ ਮੁੱਖ ਤੌਰ ’ਤੇ ਇਹ ਨੁਕਤੇ ਸ਼ਾਮਲ ਹਨ-

* ਖ਼ੁਦ ਫ਼ੈਸਲੇ ਲੈਣ ਵਾਲੇ ਘਾਤਕ ਹਥਿਆਰ ਅਤੇ ਮਿਜ਼ਾਈਲ ਪ੍ਰਣਾਲੀਆਂ ਜੰਗਾਂ ਦਾ ਰੂਪ ਬਦਲ ਸਕਦੀਆਂ ਹਨ।

* ਉੱਨਤ ਏਆਈ ਵੱਡੇ ਪੱਧਰ ’ਤੇ ਸਾਈਬਰ ਹਮਲੇ ਕਰ ਸਕਦੀ ਹੈ ਅਤੇ ਸਰਕਾਰੀ ਸੁਰੱਖਿਆ ਸੰਨ੍ਹ ਲਗਾ ਸਕਦੀ ਹੈ।

* ਏ.ਆਈ. ਮਾਡਲ ਖ਼ੁਦ ਨਵੇਂ ਤੇ ਹੋਰ ਸ਼ਕਤੀਸ਼ਾਲੀ ਮਾਡਲ ਬਣਾਉਣ ਦੇ ਸਮਰੱਥ ਹੋ ਰਹੇ ਹਨ, ਜਿਸ ਕਾਰਨ ਮਨੁੱਖ ਇਸ ਦਾ ਕੰਟਰੋਲ ਗੁਆ ਸਕਦਾ ਹੈ।

* ਨਕਲੀ ਆਵਾਜ਼ਾਂ ਅਤੇ ਵੀਡੀਓਜ਼ ਰਾਹੀਂ ਵਿੱਤੀ ਧੋਖਾਧੜੀ ਤੇ ਗ਼ਲਤ ਜਾਣਕਾਰੀ ਤੇਜ਼ੀ ਨਾਲ ਫੈਲ ਰਹੀ ਹੈ।

* ਵੱਡੇ ਪੱਧਰ ’ਤੇ ਲੋਕਾਂ ਦੀਆਂ ਨੌਕਰੀਆਂ ਖੁੱਸਣ ਦਾ ਖ਼ਤਰਾ ਹੈ। ਇਸ ਤੋਂ ਇਲਾਵਾ, ਵੱਡੇ ਡਾਟਾ ਸੈਂਟਰ ਬਹੁਤ ਜ਼ਿਆਦਾ ਬਿਜਲੀ ਅਤੇ ਪਾਣੀ ਦੀ ਖਪਤ ਕਰ ਰਹੇ ਹਨ।

**ਇਸ ਨੂੰ ਕੰਟਰੋਲ ਕਿਵੇਂ ਕੀਤਾ ਜਾਵੇ ?**






**ਮਾਹਿਰਾਂ ਦੇ ਸੁਝਾਅ**

ਵਿਕਾਸ ਦੀ ਗਤੀ ਮੱਠੀ ਕਰਨਾ: ਡਾਰੀਓ ਅਮੋਦੇਈ, ਓਪਨਏਆਈ ਦੇ ਮੁਖੀ ਸੈਮ ਆਲਟਮੈਨ ਅਤੇ ਐਲਨ ਮਸਕ ਨੇ ਸਹਿਮਤੀ ਜਤਾਈ ਹੈ ਕਿ ਨਵੇਂ ਅਤੇ ਬੇਹੱਦ ਸ਼ਕਤੀਸ਼ਾਲੀ ਮਾਡਲਾਂ ਦੀ ਰਫ਼ਤਾਰ ਨੂੰ ਕੁਝ ਸਮੇਂ ਲਈ ਧੀਮਾ ਕਰਨਾ ਚਾਹੀਦਾ ਹੈ।

ਰਫ਼ਤਾਰ ਘੱਟ ਹੋਣ ਨਾਲ ਮਾਹਿਰਾਂ ਨੂੰ ਸੁਰੱਖਿਆ ਪ੍ਰਣਾਲੀਆਂ ਦੀ ਜਾਂਚ ਕਰਨ ਦਾ ਪੂਰਾ ਸਮਾਂ ਮਿਲੇਗਾ।

ਏ.ਆਈ. ਕੰਪਨੀਆਂ ਦੇ ਅੰਦਰ ਸੁਤੰਤਰ ਮਾਹਿਰਾਂ ਨੂੰ ਜਾਂਚ ਦਾ ਪੂਰਾ ਅਧਿਕਾਰ ਦਿੱਤਾ ਜਾਵੇ ਤਾਂ ਜੋ ਖ਼ਤਰਨਾਕ ਪ੍ਰਣਾਲੀਆਂ ਦੀ ਪਛਾਣ ਹੋ ਸਕੇ। ਵਿਸ਼ਵ ਪੱਧਰ ’ਤੇ ਨਿਯਮ ਬਣਾਏ ਜਾਣ ਤਾਂ ਜੋ ਕੋਈ ਵੀ ਦੇਸ਼ ਜਾਂ ਕੰਪਨੀ ਬਿਨਾਂ ਸੁਰੱਖਿਆ ਪ੍ਰਬੰਧਾਂ ਦੇ ਖ਼ਤਰਨਾਕ ਟੈਕਨਾਲੋਜੀ ਬਾਜ਼ਾਰ ਵਿੱਚ ਨਾ ਉਤਾਰੇ।

**ਅਮਰੀਕਾ ਅਤੇ ਚੀਨ ਦੀ ਦੌੜ**

ਦੂਜੇ ਪਾਸੇ, ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਕਈ ਅਮਰੀਕੀ ਆਗੂ ਏ.ਆਈ. ਨੂੰ ਰੋਕਣ ਜਾਂ ਸਖ਼ਤ ਨਿਯਮਾਂ ਦੇ ਖ਼ਿਲਾਫ਼ ਹਨ। ਉਹਨਾਂ ਦਾ ਮੰਨਣਾ ਹੈ ਕਿ ਜੇਕਰ ਅਮਰੀਕਾ ਨੇ ਰਫ਼ਤਾਰ ਮੱਠੀ ਕੀਤੀ, ਤਾਂ ਚੀਨ ਇਸ ਦੌੜ ਵਿੱਚ ਅੱਗੇ ਨਿਕਲ ਜਾਵੇਗਾ।

ਮਾਹਿਰਾਂ ਦਾ ਮੰਨਣਾ ਹੈ ਕਿ ਤਕਨੀਕੀ ਵਿਕਾਸ ਦੇ ਨਾਲ-ਨਾਲ ਮਜ਼ਬੂਤ ਸੁਰੱਖਿਆ ਨਿਯਮ ਬਣਾਉਣੇ ਜ਼ਰੂਰੀ ਹਨ, ਤਾਂ ਜੋ ਏਆਈ ਮਨੁੱਖਾਂ ਦਾ ਨੁਕਸਾਨ ਕਰਨ ਦੀ ਬਜਾਏ ਉਹਨਾਂ ਦੀ ਸੇਵਾ ਕਰ ਸਕੇ।

# ਮੱਧਕਾਲੀ ਚੋਣਾਂ ਲਈ ਟਰੰਪ ਦਾ ਮਾਸਟਰਸਟ੍ਰੋਕ ਜਾਂ ਸਿਆਸੀ ਸਟੰਟ ?

## ਸੱਤਾ ਬਚਾਉਣ ਲਈ ਟਰੰਪ ਦਾ 1.2 ਟ੍ਰਿਲੀਅਨ ਡਾਲਰ ਦਾ ਦਾਅ

## ਜਿੱਤਣ ’ਤੇ ਹਰ ਬਾਲਗ ਦੇ ਖਾਤੇ ਵਿੱਚ ਆਉਣਗੇ 5,000 ਡਾਲਰ

ਵਿਕਾਸਸ਼ੀਲ ਦੇਸ਼ਾਂ ਵਿੱਚ ਚੋਣਾਂ ਦੌਰਾਨ ਵੋਟਰਾਂ ਨੂੰ ਲੁਭਾਉਣ ਲਈ ਮੁਫ਼ਤ ਸਹੂਲਤਾਂ ਅਤੇ ਨਕਦੀ ਵੰਡਣ ਵਾਲਾ ‘ਰੇਵੜੀ ਕਲਚਰ’ ਹੁਣ ਦੁਨੀਆ ਦੀ ਸਭ ਤੋਂ ਵੱਡੀ ਅਰਥਵਿਵਸਥਾ ਅਮਰੀਕਾ ਦੀਆਂ ਬਰੂਹਾਂ ’ਤੇ ਵੀ ਦਸਤਕ ਦਿੰਦਾ ਨਜ਼ਰ ਆ ਰਿਹਾ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਗਾਮੀ ਮੱਧਕਾਲੀ ਚੋਣਾਂ ਦੇ ਮੱਦੇਨਜ਼ਰ ਇੱਕ ਬੇਹੱਦ ਹੈਰਾਨੀਜਨਕ ਅਤੇ ਸਨਸਨੀਖੇਜ਼ ਐਲਾਨ ਕੀਤਾ ਹੈ। ਟਰੰਪ ਨੇ ਕਿਹਾ ਹੈ ਕਿ ਜੇਕਰ ਉਨ੍ਹਾਂ ਦੀ ਰਿਪਬਲਿਕਨ ਪਾਰਟੀ ਸੰਸਦ ਦੇ ਦੋਵਾਂ ਸਦਨਾਂ (ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਅਤੇ ਸੈਨੇਟ) ਵਿੱਚ ਜਿੱਤ ਦਰਜ ਕਰਦੀ ਹੈ, ਤਾਂ ਅਮਰੀਕਾ ਦੇ ਹਰ ਬਾਲਗ ਨਾਗਰਿਕ ਨੂੰ 5,000 ਅਮਰੀਕੀ ਡਾਲਰ (ਕਰੀਬ ਸਵਾ ਚਾਰ ਲੱਖ ਰੁਪਏ) ਦਿੱਤੇ ਜਾਣਗੇ। ਟਰੰਪ ਨੇ ਇਸ ਨਕਦ ਰਾਸ਼ੀ ਨੂੰ ‘ਟਰੰਪ ਡਿਵੀਡੈਂਡ’ ਦਾ ਨਾਮ ਦਿੱਤਾ ਹੈ।

ਟੈਕਸਾਸ ਦੇ ਡਲਾਸ ਸ਼ਹਿਰ ਵਿੱਚ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਜੇਕਰ ਰਿਪਬਲਿਕਨ ਜਿੱਤਦੇ ਹਨ, ਤਾਂ ਤੁਸੀਂ ਸਾਡੇ ਨਾਲ ਜਿੱਤਦੇ ਹੋ ਅਤੇ ਤੁਹਾਨੂੰ 5,000 ਅਮਰੀਕੀ ਡਾਲਰ ਮਿਲਣਗੇ। ਇਸਨੂੰ ਟਰੰਪ ਡਿਵੀਡੈਂਡ ਕਿਹਾ ਜਾਵੇਗਾ।




ਟਰੰਪ ਨੇ ਇਸ ਭੁਗਤਾਨ ਦੀ ਤੁਲਨਾ ਇੱਕ ਕਾਰਪੋਰੇਟ ਕੰਪਨੀ ਵੱਲੋਂ ਆਪਣੇ ਸ਼ੇਅਰਧਾਰਕਾਂ ਨੂੰ ਦਿੱਤੇ ਜਾਣ ਵਾਲੇ ਮੁਨਾਫ਼ੇ (ਡਿਵੀਡੈਂਡ) ਨਾਲ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਦੀ ਅਗਵਾਈ ਵਿੱਚ ਦੇਸ਼ ਨੇ ‘ਜ਼ਬਰਦਸਤ ਆਰਥਿਕ ਕਾਮਯਾਬੀ ਅਤੇ ਤਾਕਤ’ ਹਾਸਲ ਕੀਤੀ ਹੈ, ਜਿਸਦਾ ਲਾਭ ਹੁਣ ਸਿੱਧਾ ਜਨਤਾ ਤੱਕ ਪਹੁੰਚਾਇਆ ਜਾਣਾ ਚਾਹੀਦਾ ਹੈ।

**ਟਰੰਪ ਨੇ ਇਹ ਵੱਡਾ ਵਾਅਦਾ ਕਿਉਂ ਕੀਤਾ ?**

ਅਮਰੀਕੀ ਇਤਿਹਾਸ ਵਿੱਚ ਇਹ ਆਮ ਰਿਹਾ ਹੈ ਕਿ ਮੌਜੂਦਾ ਰਾਸ਼ਟਰਪਤੀ ਦੀ ਪਾਰਟੀ ਮੱਧਕਾਲੀ ਚੋਣਾਂ ਵਿੱਚ ਅਕਸਰ ਸੰਸਦ ਵਿੱਚ ਸੀਟਾਂ ਗੁਆ ਲੈਂਦੀ ਹੈ। ਟਰੰਪ ਪਹਿਲਾਂ ਵੀ ਕਈ ਵਾਰ ਇਸ ਰੁਝਾਨ ’ਤੇ ਨਿਰਾਸ਼ਾ ਜ਼ਾਹਿਰ ਕਰ ਚੁੱਕੇ ਹਨ ਅਤੇ ਇਸ ਪਰੰਪਰਾ ਨੂੰ ਤੋੜਨ ਲਈ ਉਹ ਹਰ ਸੰਭਵ ਗ਼ੈਰ-ਰਵਾਇਤੀ ਹੱਥਕੰਡਾ ਅਪਣਾ ਰਹੇ ਹਨ। ਮੌਜੂਦਾ ਸਮੇਂ ਅਮਰੀਕਾ ਵਿੱਚ ਮਹਿੰਗਾਈ, ਆਮ ਲੋਕਾਂ ਲਈ ਵਧਦਾ ਗੁਜ਼ਾਰਾ ਖ਼ਰਚ , ਅਤੇ ਈਰਾਨ ਨਾਲ ਚੱਲ ਰਹੇ ਸੰਘਰਸ਼ ਪ੍ਰਤੀ ਲੋਕਾਂ ਦੀ ਨਾਰਾਜ਼ਗੀ ਕਾਰਨ ਰਿਪਬਲਿਕਨ ਪਾਰਟੀ ਦਬਾਅ ਹੇਠ ਹੈ। ਸੈਨੇਟ ਅਤੇ ਪ੍ਰਤੀਨਿਧੀ ਸਭਾ ਵਿੱਚ ਰਿਪਬਲਿਕਨਾਂ ਦਾ ਬਹੁਮਤ ਦਾਅ ’ਤੇ ਲੱਗਿਆ ਹੋਇਆ ਹੈ। ਵੋਟਰਾਂ ਦਾ ਧਿਆਨ ਖਿੱਚਣ ਲਈ ਸਿੱਧੀ ਨਕਦੀ ਦੇਣ ਦਾ ਇਹ ਵਾਅਦਾ ਇੱਕ ਵੱਡੇ ਚੋਣ ਪੱਤੇ ਵਜੋਂ ਸੁੱਟਿਆ ਗਿਆ ਹੈ।

**ਅਮਰੀਕੀ ਅਰਥਵਿਵਸਥਾ ਨੂੰ ਕੀ ਨੁਕਸਾਨ ਹੋਵੇਗਾ ?**

ਅਰਥਸ਼ਾਸਤਰੀਆਂ ਅਤੇ ਬਜਟ ਮਾਹਿਰਾਂ ਨੇ ਇਸ ਐਲਾਨ ’ਤੇ ਗੰਭੀਰ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਮੁਤਾਬਕ ਇਹ ਕਦਮ ਅਮਰੀਕੀ ਜਨਗਣਨਾ ਅਨੁਸਾਰ ਦੇਸ਼ ਵਿੱਚ ਲਗਭਗ 24.5 ਕਰੋੜ ਬਾਲਗ ਨਾਗਰਿਕ ਹਨ।

(ਬਾਕੀ ਸਫ਼ਾ 26 ’ਤੇ)

# ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਵੱਲੋਂ ਮਜੀਠੀਆ, ਹਰਸਿਮਰਤ ਬਾਦਲ ਅਤੇ ਖਹਿਰਾ ਖ਼ਿਲਾਫ਼ ਮਾਣਹਾਨੀ ਦਾ ਕੇਸ ਦਰਜ

## ਚੰਡੀਗੜ੍ਹ ਅਦਾਲਤ ’ਚ ਸ਼ਿਕਾਇਤ ਦਰਜ

ਚੰਡੀਗੜ੍ਹ/ ਏ.ਟੀ.ਨਿਊਜ਼: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਆਪਣੇ ਉੱਪਰ ਝੂਠੇ ਦੋਸ਼ ਲਗਾਉਣ ਦੇ ਮਾਮਲੇ ਵਿੱਚ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ, ਹਰਸਿਮਰਤ ਕੌਰ ਬਾਦਲ ਅਤੇ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਖ਼ਿਲਾਫ਼ ਅਦਾਲਤ ਵਿੱਚ ਅਪਰਾਧਿਕ ਮਾਣਹਾਨੀ ਦਾ ਕੇਸ ਦਰਜ ਕਰਵਾਇਆ ਹੈ।

ਉਨ੍ਹਾਂ ਨੇ ਚੰਡੀਗੜ੍ਹ ਅਦਾਲਤ ਵਿੱਚ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (2ਟਛਛ), 2023 ਦੀ ਧਾਰਾ 210 ਅਤੇ 222 ਤਹਿਤ ਸ਼ਿਕਾਇਤ ਦਰਜ ਕਰਵਾਈ ਹੈ, ਜੋ ਕਿ ਭਾਰਤੀ ਨਿਆਇਕ ਸੰਹਿਤਾ (2ਟਛ), 2023 ਦੀ ਧਾਰਾ 356 ਅਧੀਨ ਆਉਂਦੇਅਪਰਾਧ ਨਾਲ ਸਬੰਧਤ ਹੈ। ਆਪਣੀ ਸ਼ਿਕਾਇਤ ਵਿੱਚ ਉਨ੍ਹਾਂ ਦੱਸਿਆ ਕਿ ਉਹ ਇੱਕ ਯੋਗ ਮੈਡੀਕਲ ਪੇਸ਼ੇਵਰ ਹਨ ਅਤੇ ਸਮਾਜ ਵਿੱਚ ਉਨ੍ਹਾਂ ਦਾ ਇੱਕ ਚੰਗਾ ਰੁਤਬਾ ਤੇ ਵੱਕਾਰ ਹੈ।

ਸ਼ਿਕਾਇਤਕਰਤਾ ਅਨੁਸਾਰ ਮੁਲਜ਼ਮਾਂ ਵੱਲੋਂ ਲਗਾਏ ਗਏ ਬੇਬੁਨਿਆਦ ਦੋਸ਼ਾਂ ਨਾਲ ਉਨ੍ਹਾਂ ਦੇ ਚਰਿੱਤਰ ਅਤੇ ਸ਼ੋਹਰਤ ਨੂੰ ਨਾ ਸਿਰਫ਼



## ਝੂਠੇ ਦੋਸ਼ ਲਗਾ ਕੇ ਅਕਸ ਖ਼ਰਾਬ ਕਰਨ ’ਤੇ ਸਜ਼ਾ ਦੇਣ ਦੀ ਕੀਤੀ ਮੰਗ

ਸਮਾਜਿਕ ਤੌਰ ’ਤੇ ਸਗੋਂ ਵਿਅਕਤੀਗਤ ਤੌਰ ’ਤੇ ਵੀ ਅਜਿਹਾ ਵੱਡਾ ਘਾਟਾ ਪਹੁੰਚਿਆ ਹੈ, ਜਿਸ ਦੀ ਭਰਪਾਈ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਦੱਸਿਆ ਕਿ ਬਿਕਰਮ ਸਿੰਘ ਮਜੀਠੀਆ ਨੇ ਉਨ੍ਹਾਂ ਵਿਰੁੱਧ ਝੂਠੀ ਮੁਹਿੰਮ ਛੇੜੀ ਹੈ। 1 ਸਤੰਬਰ, 2026 ਨੂੰ ਚੰਡੀਗੜ੍ਹ ਵਿੱਚ ਕੀਤੀ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਮਜੀਠੀਆ ਨੇ ਬੇਬੁਨਿਆਦ ਅਤੇ ਝੂਠੇ ਬਿਆਨ ਦਿੰਦਿਆਂ ਦੋਸ਼ ਲਾਇਆ ਸੀ ਕਿ ਡਾ. ਗੁਰਪ੍ਰੀਤ ਕੌਰ ਨੇ ਆਪਣੇ ਇੱਕ ਰਿਸ਼ਤੇਦਾਰ ਰਾਹੀਂ ਜਬਰ-ਜਨਾਹ ਵਰਗੇ ਗੰਭੀਰ ਅਪਰਾਧ ਦੇ ਮੁਲਜ਼ਮ ਨੂੰ ਬਚਾਉਣ ਲਈ ਸਰਕਾਰੀ ਤੰਤਰ ਨੂੰ ਪ੍ਰਭਾਵਿਤ ਕਰਨ ਬਦਲੇ ਪੈਸਿਆਂ ਦੀ ਮੰਗ ਕੀਤੀ ਸੀ। ਇਸ ਪ੍ਰੈੱਸ ਕਾਨਫਰੰਸ ਦੌਰਾਨ ਝੂਠੀਆਂ ਆਡੀਓ ਰਿਕਾਰਡਿੰਗਾਂ, ਤਸਵੀਰਾਂ ਅਤੇ ਸੀ.ਸੀ.ਟੀ.ਵੀ. ਫੁਟੇਜ ਦਿਖਾ ਕੇ ਇਹ ਦਾਅਵਾ ਕੀਤਾ ਗਿਆ ਸੀ ਕਿ ਸ਼ਿਕਾਇਤਕਰਤਾ ਦੇ ਨਜ਼ਦੀਕੀ ਪੈਸਿਆਂ ਦੇ ਲੈਣ-ਦੇਣ ਵਿੱਚ ਸ਼ਾਮਲ ਹਨ।

(ਬਾਕੀ ਸਫ਼ਾ 26 ’ਤੇ)

# ਡੇਟਨ ਦੇ ਸਿੱਖਾਂ ਨੇ 9/11 ਦੀ 25ਵੀਂ ਵਰ੍ਹੇਗੰਢ ਦੇ ਸਮਾਰੋਹ ’ਚ ਦਿੱਤੀ ਸ਼ਰਧਾਂਜਲੀ








ਡੇਟਨ/ਓਹਾਇਓ/ਏ.ਟੀ. ਨਿਊਜ਼: ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਡੇਟਨ ਖੇਤਰ ਦੇ ਸਿੱਖ ਭਾਈਚਾਰੇ ਨੇ ਬੀਵਰਕ੍ਰੀਕ ਪੁਲਿਸ, ਅੱਗ ਬੁਝਾਊ ਵਿਭਾਗ, ਫ਼ੌਜੀ ਜਵਾਨਾਂ, ਸਥਾਨਕ ਨਿਵਾਸੀਆਂ ਅਤੇ ਸੈਂਕੜੇ ਹੋਰ ਅਮਰੀਕਨਾਂ ਨਾਲ ਮਿਲ ਕੇ 11 ਸਤੰਬਰ, 2001 ਦੇ ਅੱਤਵਾਦੀ ਹਮਲਿਆਂ ਦੀ 25ਵੀਂ ਵਰ੍ਹੇਗੰਢ ਮੌਕੇ ਬੀਵਰਕ੍ਰੀਕ ਸ਼ਹਿਰ ਦੇ 9/11 ਮੈਮੋਰੀਅਲ ਵਿਖੇ ਸ਼ਰਧਾਂਜਲੀ ਭੇਟ ਕੀਤੀ।

ਬੀਵਰਕ੍ਰੀਕ ਸ਼ਹਿਰ ਅਤੇ ਇਸ ਦੇ ਪੁਲਿਸ ਵਿਭਾਗ ਵੱਲੋਂ ਆਯੋਜਿਤ ਕੀਤੇ ਗਏ ਇਸ ਸਲਾਨਾ ਯਾਦਗਾਰੀ ਸਮਾਗਮ ਦੌਰਾਨ ਨਿਊਯਾਰਕ ਦੇ ਵਰਲਡ ਟਰੇਡ ਸੈਂਟਰ, ਪੈਂਟਾਗਨ ਅਤੇ ਪੈਨਸਿਲਵੇਨੀਆ ਵਿੱਚ ਯੂਨਾਈਟਿਡ ਏਅਰਲਾਈਨਜ਼ ਦੀ ਉਡਾਣ ਨੰਬਰ 93 ਵਿੱਚ ਮਾਰੇ ਗਏ 2,977 ਲੋਕਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

ਸਮਾਰੋਹ ਵਿੱਚ ਅਮਰੀਕਾ ਦਾ ਝੰਡਾ ਨੀਵਾਂ ਕੀਤਾ ਗਿਆ, ਫੁੱਲ ਚੜ੍ਹਾਏ ਗਏ, ਰਾਸ਼ਟਰੀ ਗੀਤ ਗਾਇਆ ਗਿਆ ਅਤੇ ਸਵੇਰੇ 8:46 ਵਜੇ ਇੱਕ ਰਸਮੀ ਘੰਟੀ ਵਜਾਈ ਗਈ, ਜਿਸ ਸਮੇਂ ਪਹਿਲਾ ਅਗਵਾ ਜਹਾਜ਼ ਵਰਲਡ ਟਰੇਡ ਸੈਂਟਰ ਦੇ ਉੱਤਰੀ ਟਾਵਰ ਨਾਲ ਟਕਰਾਇਆ ਸੀ। ਬੀਵਰਕ੍ਰੀਕ ਦੇ ਮੇਅਰ ਡੋਨ ਐਡਮਜ਼ ਨੇ ਸ਼ਰਧਾਂਜਲੀ ਸੰਦੇਸ਼ ’ਚ 25 ਸਾਲ ਬਾਅਦ ਵੀ 9/11 ਨੂੰ ਯਾਦ ਰੱਖਣ ਦੀ ਅਹਿਮੀਅਤ ਬਾਰੇ ਵਿਚਾਰ ਸਾਂਝੇ ਕੀਤੇ।ਬੀਵਰਕ੍ਰੀਕ ਤੋਂ ਸਿੱਖ ਭਾਈਚਾਰੇ ਦੇ ਕਾਰਕੁਨ ਸਮੀਪ ਸਿੰਘ ਗੁਮਟਾਲਾ ਨੇ ਕਿਹਾ, 9/11 ਦੇ 25 ਸਾਲ ਬਾਅਦ, ਅਸੀਂ ਉਨ੍ਹਾਂ ਸਭਨਾਂ ਨੂੰ ਯਾਦ ਕਰਦੇ ਹਾਂਜਿਨ੍ਹਾਂ ਨੇ ਆਪਣੀਆਂ ਜਾਨਾਂ ਗੁਆਈਆਂ ਅਤੇ ਉਨ੍ਹਾਂ ਫਸਟ ਰਿਸਪੌਂਡਰਾਂ ਨੂੰ ਜਿਨ੍ਹਾਂ ਨੇ ਬੇਮਿਸਾਲ ਦਲੇਰੀ ਅਤੇ ਕੁਰਬਾਨੀ ਦਾ ਸਬੂਤ ਦਿੱਤਾ। ਸਿੱਖਅਮਰੀਕਨਾਂ ਵਜੋਂ, ਅਸੀਂ ਇਨ੍ਹਾਂ ਹਮਲਿਆਂ ਤੋਂ ਬਾਅਦ ਸ਼ੁਰੂ ਹੋਈ ਨਫ਼ਰਤ ਅਤੇ ਗਲਤਫਹਿਮੀਆਂ ਨੂੰ ਵੀ ਯਾਦ ਕਰਦੇ ਹਾਂ। ਹੁਣ ਜਦੋਂ ਇੱਕ ਨਵੀਂ ਪੀੜ੍ਹੀ ਵੱਡੀ ਹੋ ਰਹੀ ਹੈ ਜਿਸ ਨੂੰ 9/11 ਦੀ ਕੋਈ ਨਿੱਜੀ ਯਾਦ ਨਹੀਂ, ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਆਪਸੀ ਏਕਤਾ, ਸੇਵਾ ਅਤੇ ਨਫ਼ਰਤ ਵਿਰੁੱਧ ਡਟਣ ਦੇ ਸਬਕ ਲਗਾਤਾਰ ਸਿਖਾਉਂਦੇ ਰਹੀਏ।

ਦੱਸਣਯੋਗ ਹੈ ਕਿ ਹਮਲਿਆਂ ਤੋਂ ਮਹਿਜ਼ ਚਾਰ ਦਿਨ ਬਾਅਦ ਮੀਸਾ, ਐਰੀਜ਼ੋਨਾ ਵਿਖੇ ਸਿੱਖ ਅਮਰੀਕਨ ਬਲਬੀਰ ਸਿੰਘ ਸੋਢੀ ਨੂੰ ਉਨ੍ਹਾਂ ਦੇ ਗੈਸ ਸਟੇਸ਼ਨ ਦੇ ਬਾਹਰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਹ 9/11 ਦੇ ਹਮਲਿਆਂ ਤੋਂ ਬਾਅਦ ਦਾ ਪਹਿਲਾ ਘਾਤਕ ਨਫ਼ਰਤੀ ਅਪਰਾਧ ਸੀ ਅਤੇ ਸਿੱਖਾਂ, ਮੁਸਲਮਾਨਾਂ, ਅਤੇ ਦੱਖਣੀ ਏਸ਼ੀਆਈ ਭਾਈਚਾਰਿਆਂ ਵਿਰੁੱਧ ਵਧੀ ਨਫ਼ਰਤ ਅਤੇ ਵਿਤਕਰੇ ਦੀ ਲਹਿਰ ਦੀ ਇੱਕ ਦਰਦਨਾਕ ਸ਼ੁਰੂਆਤੀ ਮਿਸਾਲ ਬਣਿਆ।

ਬੀਵਰਕ੍ਰੀਕ ਮੈਮੋਰੀਅਲ ਵਿਖੇ ਸਥਾਪਿਤ ਵਰਲਡ ਟਰੇਡ ਸੈਂਟਰ ਦੇ ਉੱਤਰੀ ਟਾਵਰ ਦਾ ਲਗਭਗ 25 ਫੁੱਟ ਉੱਚਾ ਮੁੜਿਆ ਹੋਇਆ ਸਟੀਲ ਦਾ ਪਿਲਰ ਹਮਲੇ ਤੋਂ ਪਹਿਲਾਂ 101ਵੀਂ ਅਤੇ 105ਵੀਂ ਮੰਜ਼ਿਲ ਦੇ ਵਿਚਕਾਰ ਲੱਗਾ ਹੋਇਆ ਸੀ। ਇਸ ਨੂੰ ਓਹਾਇਓ ਟਾਸਕ ਫੋਰਸ ਵਨ ਨਾਲ ਜੁੜੇ ਅੱਗ ਬੁਝਾਊ ਕਰਮਚਾਰੀਆਂ ਵੱਲੋਂ ਬੀਵਰਕ੍ਰੀਕ ਲਿਆਂਦਾ ਗਿਆ ਸੀ।ਇਸ ਸਮਾਰੋਹ ਵਿੱਚ ਭਾਗ ਲੈਣ ਵਾਲੇ ਸਿੱਖ ਭਾਈਚਾਰੇ ਦੇ ਮੈਂਬਰਾਂ ਵਿੱਚ ਡਾ. ਚਰਨਜੀਤ ਸਿੰਘ ਗੁਮਟਾਲਾ, ਅਵਤਾਰ ਸਿੰਘ ਸਪਰਿੰਗਫੀਲਡ, ਡਾ. ਦਰਸ਼ਨ ਸਿੰਘ ਸਹਿਬੀ, ਡਾ. ਸਿਮਰਨ ਕੌਰ ਸਹਿਬੀ, ਲਖਵਿੰਦਰ ਸਿੰਘ, ਹਰਪ੍ਰੀਤ ਕੌਰ ਅਤੇ ਰਵਨੂਰ ਸਿੰਘ ਸ਼ਾਮਲ ਸਨ। ਪਿਛਲੇ ਸਾਲਾਂ ਵਾਂਗ ਸ੍ਰ.ਅਵਤਾਰ ਸਿੰਘ ਇਸ ਵਾਰ ਵੀ ਆਪਣੇ ਵਾਹਨ ਨੂੰ ਅਮਰੀਕੀ ਝੰਡਿਆਂ ਅਤੇ ਬੈਨਰਾਂ ਨਾਲ ਸਜਾ ਕੇ ਪਹੁੰਚੇ, ਜਿਨ੍ਹਾਂ ਉੱਤੇ ਸਿੱਖ ਅਮਰੀਕਨ, ਸਟੈਂਡ ਫਾਰ ਫਰੀਡਮ ਅਤੇ ਗੌਡ ਬਲੈੱਸ ਅਮਰੀਕਾ ਵਰਗੇ ਸੰਦੇਸ਼ ਲਿਖੇ ਹੋਏ ਸਨ।

# ਕੀ ਅਮਰੀਕਾ ’ਚ ਪਰਤ ਰਿਹੈ 9/11 ਵਾਲਾ ਕਾਲਾ ਦੌਰ ? ਨਸਲੀ ਵਿਤਕਰੇ ਖ਼ਿਲਾਫ਼ ਬੁਲੰਦ ਹੋਈ ਆਵਾਜ਼

## ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਖ਼ਿਲਾਫ਼ ਅਮਰੀਕਾ ’ਚ ਸਿੱਖਾਂ ਦਾ ਫੁੱਟਿਆ ਗੁੱਸਾ; ਨਸਲਵਾਦ ਦੇ ਲਾਏ ਗੰਭੀਰ ਦੋਸ਼

## ਸਿੱਖ ਡਰਾਈਵਰਾਂ ਦੀ ਰੋਜ਼ੀ-ਰੋਟੀ ’ਤੇ ਚੱਲਿਆ ਸਰਕਾਰੀ ਕੁਹਾੜਾ; ਭਾਈਚਾਰੇ ਅੰਦਰ ਭਾਰੀ ਰੋਸ ਦੀ ਲਹਿਰ



ਦੁਨੀਆ ਭਰ ਵਿੱਚ ਜਮਹੂਰੀ ਕਦਰਾਂ-ਕੀਮਤਾਂ ਅਤੇ ਮਨੁੱਖੀ ਅਧਿਕਾਰਾਂ ਦੀ ਦੁਹਾਈ ਦੇਣ ਵਾਲੇ ਅਮਰੀਕਾ ਵਿੱਚ ਇਸ ਵੇਲੇ ਜੋ ਕੁਝ ਵਾਪਰ ਰਿਹਾ ਹੈ, ਉਹ ਬੇਹੱਦ ਸ਼ਰਮਨਾਕ ਅਤੇ ਚਿੰਤਾਜਨਕ ਹੈ। ਟਰੰਪ ਪ੍ਰਸ਼ਾਸਨ ਦੇ ਤਾਜ਼ਾ ਰੁਖ਼ ਨੇ ਇੱਕ ਵਾਰ ਫਿਰ ਇਹ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਕੀ ਅਮਰੀਕੀ ਸੁਫ਼ਨਿਆਂ ਦੀ ਧਰਤੀ ਹੁਣ ਮਿਹਨਤਕਸ਼ ਪ੍ਰਵਾਸੀ ਸਿੱਖਾਂ ਲਈ ਸੁਰੱਖਿਅਤ ਨਹੀਂ ਰਹੀ ? ਸੋਸ਼ਲ ਮੀਡੀਆ ਰਾਹੀਂ ਸਿੱਖ ਡਰਾਈਵਰ ਨੂੰ ਨਿਸ਼ਾਨਾ ਬਣਾਉਣਾ ਅਤੇ ਸੜਕਾਂ ਤੋਂ ਹਟਣ ਦਾ ਫ਼ਰਮਾਨ ਸੁਣਾਉਣਾ ਸਿਰਫ ਪ੍ਰਸ਼ਾਸਨਿਕ ਕੁਤਾਹੀ ਨਹੀਂ ਸੀ, ਸਗੋਂ ਸਰਕਾਰੀ ਛਤਰ-ਛਾਇਆ ਹੇਠ ਫੈਲਾਈ ਜਾ ਰਹੀ ਨਸਲੀ ਨਫ਼ਰਤ ਦੀ ਨੰਗੀ ਚਿੱਟੀ ਤਸਵੀਰ ਹੈ।

ਸਿੱਖ ਭਾਈਚਾਰੇ ਨੇ ਆਪਣੀ ਹੱਡ-ਭੰਨਵੀਂ ਮਿਹਨਤ ਦੇ ਦਮ ’ਤੇ ਅਮਰੀਕੀ ਅਰਥਚਾਰੇ, ਖ਼ਾਸ ਕਰਕੇ ਟਰਾਂਸਪੋਰਟੇਸ਼ਨ ਖੇਤਰ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਹੈ। ਕੋਰੋਨਾ ਮਹਾਂਮਾਰੀ ਦੌਰਾਨ ਜਦੋਂ ਸਾਰੀ ਦੁਨੀਆ ਘਰਾਂ ਵਿੱਚ ਕੈਦ ਸੀ, ਉਦੋਂ ਇਹੋ ਸਿੱਖ ਅਤੇ ਪ੍ਰਵਾਸੀ ਡਰਾਈਵਰ ਆਪਣੀ ਜਾਨ ਤਲੀ ’ਤੇ ਧਰ ਕੇ ਸਪਲਾਈ ਚੇਨ ਨੂੰ ਚਾਲੂ ਰੱਖ ਰਹੇ ਸਨ। ਪਰ ਅੱਜ ਉਸੇ ਮਿਹਨਤ ਦਾ ਮੁੱਲ ‘ਆਈਸ’ ਦੀਆਂ ਮੁਖ਼ਬਰੀ ਟਿਪਲਾਈਨਾਂ ਅਤੇ ਲਾਇਸੈਂਸ ਖੋਹਣ ਦੇ ਤੁਗ਼ਲਕੀ ਫ਼ਰਮਾਨਾਂ ਰਾਹੀਂ ਮੋੜਿਆ ਜਾ ਰਿਹਾ ਹੈ। ਮਤਲਬ ਆਈਸ (ਇਮੀਗ੍ਰੇਸ਼ਨ ਵਿਭਾਗ) ਨੇ ਲੋਕਾਂ ਲਈ ਫ਼ੋਨ ਲਾਈਨਾਂ ਖੋਲ੍ਹ ਦਿੱਤੀਆਂ ਹਨ ਕਿ ਉਹ ਸ਼ੱਕੀ ਪ੍ਰਵਾਸੀ ਡਰਾਈਵਰਾਂ ਦੀ ਰਿਪੋਰਟ ਕਰਨ। ਅਸਲ ਵਿੱਚ ਇਸ ਦਾ ਅਸਰ ਇਹ ਹੋਇਆ ਹੈ ਕਿ ਆਮ ਗੋਰੇ ਲੋਕ ਸਿਰਫ਼ ਦਸਤਾਰ, ਦਾੜ੍ਹੀ ਜਾਂ ਪੱਕੇ ਰੰਗ ਨੂੰ ਦੇਖ ਕੇ ਹੀ ਸਿੱਖ ਡਰਾਈਵਰਾਂ ਵਿਰੁੱਧ ਝੂਠੀਆਂ ਸ਼ਿਕਾਇਤਾਂ (ਮੁਖ਼ਬਰੀਆਂ) ਕਰਨ ਲੱਗ ਪਏ ਹਨ। ਇਹ ਸਿੱਧੇ ਤੌਰ ’ਤੇ ਨਸਲੀ ਵਿਤਕਰੇ ਨੂੰ ਹੱਲਾਸ਼ੇਰੀ ਦੇਣਾ ਹੈ।

ਇਹ ਵਰਤਾਰਾ 9/11 ਦੇ ਕਾਲੇ ਦੌਰ ਦੀ ਯਾਦ ਤਾਜ਼ਾ ਕਰਵਾਉਂਦਾ ਹੈ, ਜਦੋਂ ਦਸਤਾਰ ਅਤੇ ਦਾੜ੍ਹੀ ਕਾਰਨ ਬੇਕਸੂਰ ਬਲਬੀਰ ਸਿੰਘ ਸੋਢੀ ਨੂੰ ਨਫ਼ਰਤ ਦੀ ਭੇਟ ਚੜ੍ਹਾ ਦਿੱਤਾ ਗਿਆ ਸੀ। ਹੁਣ ਜਦੋਂ ਸਰਕਾਰੀ ਤੰਤਰ ਖ਼ੁਦ ਲੋਕਾਂ ਨੂੰ ਰੰਗ-ਰੂਪ ਦੇ ਆਧਾਰ ’ਤੇ ਸ਼ੱਕ ਕਰਨ ਲਈ ਉਕਸਾ ਰਿਹਾ ਹੈ, ਤਾਂ ਟਰੱਕ ਸਟਾਪਾਂ ਅਤੇ ਸੜਕਾਂ ’ਤੇ ਡਰਾਈਵਰਾਂ ਉੱਤੇ ਨਸਲੀ ਹਮਲੇ ਹੋਣਾ ਸੁਭਾਵਿਕ ਹੈ। ਕਿਸੇ ਵੀ ਸੱਭਿਅਕ ਸਮਾਜ ਵਿੱਚ ਜਦੋਂ ਸਰਕਾਰ ਖ਼ੁਦ ਕਿਸੇ ਵਿਸ਼ੇਸ਼ ਭਾਈਚਾਰੇ ਨੂੰ ਬਲੀ ਦਾ ਬੱਕਰਾ ਬਣਾਉਣ ਲੱਗ ਪਵੇ, ਤਾਂ ਸਮਝੋ ਕਾਨੂੰਨ ਦੇ ਰਾਜ ਦੀਆਂ ਧੱਜੀਆਂ ਉੱਡ ਚੁੱਕੀਆਂ ਹਨ।

(ਬਾਕੀ ਸਫ਼ਾ 26 ’ਤੇ)

## ਟਰੰਪ ਪ੍ਰਸ਼ਾਸਨ ਨੂੰ ਅਦਾਲਤੀ ਝਟਕਾ

# ਟੈਕਸਦਾਤਿਆਂ ਦੇ ਪਤੇ ਇਮੀਗ੍ਰੇਸ਼ਨ ਵਿਭਾਗ ਨਾਲ ਸਾਂਝੇ ਕਰਨ ’ਤੇ ਰੋਕ ਬਰਕਰਾਰ

## 47 ਹਜ਼ਾਰ ਤੋਂ ਵੱਧ ਪਤੇ ਸਾਂਝੇ ਕਰਨ ਦੀ ਨੀਤੀ ਰੱਦ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੀ ਇੱਕ ਫੈਡਰਲ ਅਪੀਲ ਅਦਾਲਤ ਨੇ ਟਰੰਪ ਪ੍ਰਸ਼ਾਸਨ ਨੂੰ ਕਰਾਰਾ ਝਟਕਾ ਦਿੰਦਿਆਂ ਦੇਸ਼ ਦੇ ਟੈਕਸ ਮਹਿਕਮੇ ਵੱਲੋਂ ਹਜ਼ਾਰਾਂ ਟੈਕਸਦਾਤਿਆਂ ਦੇ ਪਤੇ ਇਮੀਗ੍ਰੇਸ਼ਨ ਵਿਭਾਗ ਨਾਲ ਸਾਂਝੇ ਕਰਨ ਦੀ ਨੀਤੀ ’ਤੇ ਪੱਕੀ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਸਰਕਾਰ ਦਾ ਇਹ ਕਦਮ ਫੈਡਰਲ ਕਾਨੂੰਨ ਦੀ ਸਿੱਧੀ ਉਲੰਘਣਾ ਹੈ।

ਯੂ.ਐੱਸ. ਕੋਰਟ ਆਫ਼ ਅਪੀਲਜ਼ (ਡੀ.ਸੀ. ਸਰਕਟ) ਦੇ ਤਿੰਨ ਜੱਜਾਂ ਦੇ ਪੈਨਲ ਨੇ ਹੇਠਲੀ ਅਦਾਲਤ ਦੀ ਰੋਕ ਨੂੰ ਬਰਕਰਾਰ ਰੱਖਦਿਆਂ ਫ਼ੈਸਲਾ ਸੁਣਾਇਆ ਕਿ ਟਰੰਪ ਪ੍ਰਸ਼ਾਸਨ ਨੇ ਗ਼ੈਰ-ਕਾਨੂੰਨੀ ਪਰਵਾਸ ਰੋਕਣ ਦੀ ਆੜ ਹੇਠ ਲੋਕਾਂ ਦੇ ਗੁਪਤ ਰਿਕਾਰਡ ਦੀ ਦੁਰਵਰਤੋਂ ਕੀਤੀ ਹੈ। ਅਦਾਲਤ ਅਨੁਸਾਰ ਇਸ ਨੀਤੀ ਤਹਿਤ ਲਗਭਗ 47,289 ਲੋਕਾਂ ਦੇ ਨਿੱਜੀ ਪਤੇ ਪਹਿਲਾਂ ਹੀ ਇਮੀਗ੍ਰੇਸ਼ਨ ਵਿਭਾਗ ਦੇ ਹਵਾਲੇ ਕੀਤੇ ਜਾ ਚੁੱਕੇ ਸਨ।

**12.8 ਲੱਖ ਲੋਕਾਂ ਦਾ ਡਾਟਾ ਲੈਣ ਦੀ ਸੀ ਤਿਆਰੀ**

ਜੁਲਾਈ 2025 ਵਿੱਚ ਦੋਵਾਂ ਵਿਭਾਗਾਂ ਵਿਚਾਲੇ ਹੋਏ ਸਮਝੌਤੇ ਤਹਿਤ, ਟੈਕਸ ਮਹਿਕਮੇ (ਆਈਆਰਐਸ) ਨੇ ਲਗਭਗ 13 ਲੱਖ ਸ਼ੱਕੀ ਪਰਵਾਸੀਆਂ ਦੇ ਪਤੇ ਇਮੀਗ੍ਰੇਸ਼ਨ ਵਿਭਾਗ ਨੂੰ ਦੇਣ ਦੀ ਤਿਆਰੀ ਸ਼ੁਰੂ ਕੀਤੀ ਸੀ। ਇਸ ਦੌਰਾਨ ਨਿਯਮਾਂ ਦੀ ਅਣਦੇਖੀ ਕਰਦਿਆਂ ਅਜਿਹਾ ਢੰਗ ਵਰਤਿਆ ਗਿਆ ਕਿ ਬਿਨਾਂ ਸਹੀ ਪਿੰਨ ਕੋਡ ਦੇ ਵੀ ਅੰਦਾਜ਼ਨ ਨੰਬਰਾਂ ਰਾਹੀਂ ਹੀ ਲੋਕਾਂ ਦੇ ਘਰਾਂ ਦੇ ਪਤੇ ਕੱਢ ਕੇ ਦਿੱਤੇ ਜਾ ਰਹੇ ਸਨ।

ਸੈਂਟਰ ਫ਼ਾਰ ਟੈਕਸਪੇਅਰ ਰਾਈਟਸ ਅਤੇ ਮੇਨ ਸਟ੍ਰੀਟ ਅਲਾਇੰਸ ਵਰਗੀਆਂ ਸੰਸਥਾਵਾਂ ਨੇ ਸਰਕਾਰ ਦੀ ਇਸ ਨੀਤੀ ਖ਼ਿਲਾਫ਼ ਕਾਨੂੰਨੀ ਲੜਾਈ ਛੇੜੀ ਸੀ। ਉਨ੍ਹਾਂ ਦੀ ਦਲੀਲ ਸੀ ਕਿ ਇਹ ਨੀਤੀ ਨਾ ਸਿਰਫ਼ ਗ਼ੈਰ-ਕਾਨੂੰਨੀ ਹੈ, ਸਗੋਂ ਆਮ ਲੋਕਾਂ ਦੇ ਨਿੱਜਤਾ ਦੇ ਹੱਕਾਂ ’ਤੇ ਵੀ ਵੱਡਾ ਡਾਕਾ ਹੈ। ਪਹਿਲਾਂ ਇੱਕ ਜ਼ਿਲ੍ਹਾ ਜੱਜ ਨੇ ਇਸ ’ਤੇ ਰੋਕ ਲਗਾਈ ਸੀ, ਜਿਸ ਨੂੰ ਸਰਕਾਰ ਨੇ ਅਪੀਲ ਅਦਾਲਤ ਵਿੱਚ ਚੁਣੌਤੀ ਦਿੱਤੀ ਸੀ।

**ਸ਼ਿਕਾਇਤ ਹੈ ਤਾਂ ਸੰਸਦ ਜਾਓ, ਕਾਨੂੰਨ ਨਾ ਤੋੜੋ**

ਟਰੰਪ ਪ੍ਰਸ਼ਾਸਨ ਨੇ ਅਦਾਲਤ ਵਿੱਚ ਦਲੀਲ ਦਿੱਤੀ ਸੀ ਕਿ ਇਸ ਰੋਕ ਨਾਲ ਫੈਡਰਲ ਕਾਨੂੰਨ ਲਾਗੂ ਕਰਨ

(ਬਾਕੀ ਸਫ਼ਾ 26 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।




ਸੋਸ਼ਲ ਮੀਡੀਆ ਉੱਤੇ ਅਕਸਰ ਕੁਝ ਵਿਦਵਾਨ ਗੁਰਮਤਿ ਦਰਸ਼ਨ ਅਤੇ ਇਤਿਹਾਸ ਨੂੰ ਪੱਛਮੀ ਧਰਮ-ਨਿਰਪੱਖਤਾ ਜਾਂ ਮਾਰਕਸਵਾਦੀ ਚੌਖਟੇ ਵਿੱਚ ਫਿੱਟ ਕਰਕੇ ਪੇਸ਼ ਕਰਨ ਦਾ ਯਤਨ ਕੀਤਾ ਜਾਂਦਾ ਹੈ। ਇੱਕ ਤਾਜ਼ਾ ਪੋਸਟ ਰਾਹੀਂ ਇਹ ਦਾਅਵਾ ਕੀਤਾ ਗਿਆ ਸੀ ਕਿ ਗੁਰੂਆਂ ਦਾ ਮਕਸਦ ਨਾ ਕੋਈ ਫ਼ਿਰਕਾ ਬਣਾਉਣਾ ਸੀ ਤੇ ਨਾ ਰਾਜ ਸਥਾਪਤ ਕਰਨਾ , ਧਰਮ ਤੁਹਾਡਾ ਨਿੱਜੀ ਹੁੰਦਾ ਹੈ ਅਤੇ ਖ਼ਾਲਸਾ ਰਾਜ ਦਾ ਸੰਕਲਪ ਗੁਰਬਾਣੀ ਵਿਰੋਧੀ ਧਾਰਨਾ ਹੈ। ਇਹ ਤਰਕ ਗੁਰਮਤਿ ਦੇ 'ਮੀਰੀ-ਪੀਰੀ' ਦੇ ਬੁਨਿਆਦੀ ਸਿਧਾਂਤ ਅਤੇ ਸਿੱਖ ਤਵਾਰੀਖ਼ ਤੋਂ ਪੂਰੀ ਤਰ੍ਹਾਂ ਅਗਿਆਨਤਾ ਜਾਂ ਜਾਣਬੁੱਝ ਕੇ ਕੀਤੀ ਗਈ ਗ਼ਲਤ ਬਿਆਨੀ ਦਾ ਸਿੱਟਾ ਹੈ।ਅਜਿਹੇ ਵਿਚਾਰ ਦਰਅਸਲ ਉਸ ਬਿਪਰਨ ਅਤੇ ਭੌਤਿਕਵਾਦੀ ਸੋਚ ਦੀ ਹੀ ਉਪਜ ਹਨ ਜੋ ਸਿੱਖ ਪੰਥ ਦੇ ਅੰਦਰੋਂ ਸਰਬੱਤ ਦੇ ਭਲੇ ਵਾਲੀ ਰਾਜਸੀ ਚੇਤਨਾ ਨੂੰ ਖ਼ਤਮ ਕਰਨਾ ਚਾਹੁੰਦੇ ਹਨ।ਗੁਰਮਤਿ ਵਿੱਚ ਧਰਮ ਮਹਿਜ਼ ਨਿੱਜੀ ਪੂਜਾ-ਪਾਠ, ਜਾਂ ਨਿੱਜੀ ਮੁਕਤੀ ਦਾ ਸਾਧਨ ਨਹੀਂ ਹੈ।ਜੇਕਰ ਧਰਮ ਕੇਵਲ ਨਿੱਜੀ ਹੁੰਦਾ ਤਾਂ ਗੁਰੂ ਨਾਨਕ ਸਾਹਿਬ ਨੂੰ ਬਾਬਰ ਦੇ ਜ਼ੁਲਮਾਂ ਵਿਰੁੱਧ ਆਵਾਜ਼ ਬੁਲੰਦ ਕਰਨ ਅਤੇ ਰਾਜੇ ਸੀਹ ਮੁਕਦਮ ਕੁਤੇ ਕਹਿਣ ਦੀ ਲੋੜ ਨਾ ਪੈਂਦੀ। ਗੁਰੂ ਅਰਜਨ ਦੇਵ ਜੀ ਨੇ ਜਿਸ ਸਭੇ ਜੀਅ ਸਮਾਲਿ ਅਤੇ ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣਦਾ॥ ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥ ਦਾ ਐਲਾਨ ਕੀਤਾ, ਉਹ ਇੱਕ ਸੰਪੂਰਨ ਵੈਲਫੇਅਰ ਸਟੇਟ (ਕਲਿਆਣਕਾਰੀ ਰਾਜ) ਦਾ ਖ਼ਾਕਾ ਹੈ।

ਸੰਤ ਗੁਰੂ ਰਵਿਦਾਸ ਜੀ ਦਾ 'ਬੇਗਮਪੁਰਾ' ਸੰਕਲਪ ਅਜਿਹੇ ਰਾਜਨੀਤਿਕ ਤੇ ਸਮਾਜਿਕ ਪ੍ਰਬੰਧ ਦਾ ਪ੍ਰਤੀਕ ਹੈ ਜਿੱਥੇ ਕੋਈ ਗ਼ਮ, ਚਿੰਤਾ, ਸ਼ੋਸ਼ਣ ਜਾਂ ਵਿਤਕਰਾ ਨਾ ਹੋਵੇ।

ਗੁਰੂ ਸਾਹਿਬਾਨ ਨੇ ਧਰਮ ਅਤੇ ਰਾਜਨੀਤੀ ਨੂੰ ਵੱਖ ਨਹੀਂ ਕੀਤਾ, ਸਗੋਂ ਰਾਜਨੀਤੀ ਨੂੰ ਧਰਮ (ਸੱਚ, ਨਿਆਂ ਅਤੇ ਨੈਤਿਕਤਾ) ਦੇ ਅਧੀਨ ਕੀਤਾ।ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਅਤੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਨਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਬਿਨਾਂ ਸ਼ਕਤੀ ਅਤੇ ਰਾਜਸੀ ਪ੍ਰਭੂਸੱਤਾ ਦੇ, ਕਮਜ਼ੋਰਾਂ ਅਤੇ ਮਜ਼ਲੂਮਾਂ ਦੀ ਰਾਖੀ ਸੰਭਵ ਨਹੀਂ।

ਜੇਕਰ ਰਾਜ ਦੀ ਭਾਵਨਾ ਗੁਰਬਾਣੀ ਵਿਰੋਧੀ ਹੁੰਦੀ, ਤਾਂ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜ ਤੀਰ ਅਤੇ ਥਾਪੜਾ ਦੇ ਕੇ ਪੰਜਾਬ ਵਿੱਚ ਜ਼ਾਲਮ ਮੁਗ਼ਲ ਹਕੂਮਤ ਦਾ ਖ਼ਾਤਮਾ ਕਰਨ ਅਤੇ ਖਾਲਸਾ ਰਾਜ ਕਾਇਮ ਕਰਨ ਲਈ ਨਾ ਭੇਜਦੇ।ਬਾਬਾ ਬੰਦਾ ਸਿੰਘ ਬਹਾਦਰ ਨੇ ਜ਼ੁਲਮ ਨੂੰ ਮਿਟਾ ਕੇ ਨਿਆਂ ਦਾ ਰਾਜ ਕਾਇਮ ਕੀਤਾ। ਉਨ੍ਹਾਂ ਨੇ ਸਦੀਆਂ ਤੋਂ ਲਤਾੜੇ ਹੋਏ ਮੁਜ਼ਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ, ਜਾਗੀਰਦਾਰੀ ਪ੍ਰਥਾ ਖ਼ਤਮ ਕੀਤੀ ਅਤੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ 'ਤੇ ਸਿੱਕਾ ਜਾਰੀ ਕਰਕੇ ਪਹਿਲੀ ਲੋਕ-ਪੱਖੀ ਰਿਆਸਤ ਕਾਇਮ ਕੀਤੀ। ਇਸੇ ਪਰੰਪਰਾ ਵਿੱਚੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੋਂਦ ਵਿੱਚ ਆਇਆ, ਜਿਸ ਵਿੱਚ ਕਿਸੇ ਨੂੰ ਫ਼ਾਂਸੀ ਨਹੀਂ ਦਿੱਤੀ ਗਈ ਅਤੇ ਹਰ ਵਰਗ ਨਾਲ ਬਰਾਬਰ ਨਿਆਂ ਹੋਇਆ।

ਸਿੱਖ ਧਰਮ ਵਿੱਚ 'ਰਾਜ' ਦਾ ਅਰਥ ਦੂਜਿਆਂ ਨੂੰ ਗ਼ੁਲਾਮ ਬਣਾਉਣਾ ਜਾਂ ਉਨ੍ਹਾਂ ਦਾ ਸ਼ੋਸ਼ਣ ਕਰਨਾ ਨਹੀਂ, ਸਗੋਂ ਸਰਬਤ ਦਾ ਭਲਾ ਅਤੇ ਸਭੇ ਸਾਂਝੀਵਾਲ ਸਦਾਇਨਿ ਦੇ ਸਿਧਾਂਤਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨਾ ਹੈ।ਜਦੋਂ ਕੋਈ ਵਿਦਵਾਨ ਜਾਂ ਪ੍ਰਚਾਰਕ ਇਹ ਕਹਿੰਦਾ ਹੈ ਕਿ ਰਾਜ ਦੀ ਲੋੜ ਸੱਤਾ ਦੇ ਲੋਭੀ ਲੋਕਾਂ ਨੂੰ ਹੁੰਦੀ ਹੈ , ਤਾਂ ਉਹ ਅਸਲ ਵਿੱਚ ਸਿੱਖਾਂ ਨੂੰ ਗੁਰੂ ਵੱਲੋਂ ਬਖ਼ਸ਼ੀ ਗਈ ਪਾਤਸ਼ਾਹੀ ਅਤੇ ਇਨਕਲਾਬੀ ਰਾਜਸੀ ਸੋਚ ਤੋਂ ਵਾਂਝਾ ਕਰਕੇ ਮਹਿਜ਼ ਇੱਕ ਨਿਰਬਲ ਭਾਈਚਾਰਾ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ।

ਗੁਰੂ ਆਸ਼ੇ ਅਨੁਸਾਰ ਖ਼ਾਲਸਾ ਰਾਜ ਦਾ ਸੰਕਲਪ ਇੱਕ ਪੂਰਨ ਵੈਲਫੇਅਰ ਸਟੇਟ ਹੈ, ਜਿੱਥੇ ਸੱਚ ਦਾ ਬੋਲਬਾਲਾ ਅਤੇ ਮਜ਼ਲੂਮਾਂ ਦੀ ਰੱਖਿਆ ਮੁੱਖ ਧੁਰਾ ਹੈ। ਇਸ ਇਲਾਹੀ ਤੇ ਕਲਿਆਣਕਾਰੀ ਸਿਧਾਂਤ ਨੂੰ ਨਕਾਰਨਾ ਗੁਰਮਤਿ ਦੇ ਮੂਲ ਤੱਤ ਤੋਂ ਮੁਨਕਰ ਹੋਣਾ ਹੈ।

# ਹੈਰੀਟੇਜ ਸਟਰੀਟ 'ਤੇ ਅਕਾਲੀ ਦਲ ਅੰਮ੍ਰਿਤਸਰ ਦੇ ਇਕੱਠ ਦੌਰਾਨ ਉੱਠੇ ਪੰਥਕ ਮੁੱਦੇ

## ਐੱਸ.ਜੀ.ਪੀ.ਸੀ. ਚੋਣਾਂ ਤੇ 'ਵੰਦੇ ਮਾਤਰਮ' ਨੂੰ ਲੈ ਕੇ ਕੇਂਦਰ ਸਰਕਾਰ ਘੇਰੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਵੰਦੇ ਮਾਤਰਮ ਨੂੰ ਲਾਜ਼ਮੀ ਬਣਾਉਣ ਦੀ ਚੱਲ ਰਹੀ ਕੇਂਦਰ ਸਰਕਾਰ ਦੀ ਮੁਹਿੰਮ ਨੇ ਘੱਟ-ਗਿਣਤੀਆਂ, ਖ਼ਾਸਕਰ ਸਿੱਖ ਭਾਈਚਾਰੇ ਅੰਦਰ ਡੂੰਘਾ ਰੋਸ ਪੈਦਾ ਕੀਤਾ ਹੈ।ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਅੰਤਰਰਾਸ਼ਟਰੀ ਲੋਕਤੰਤਰ ਦਿਵਸ ਮੌਕੇ ਚੁੱਕਿਆ ਗਿਆ ਇਹ ਮੁੱਦਾ ਕੋਈ ਨਵਾਂ ਨਹੀਂ, ਸਗੋਂ ਇਹ ਸਿੱਖਾਂ ਦੇ ਬੁਨਿਆਦੀ ਹੱਕਾਂ ਅਤੇ ਜ਼ਮੀਰ ਦੀ ਆਜ਼ਾਦੀ ਨਾਲ ਜੁੜਿਆ ਅਹਿਮ ਸਵਾਲ ਹੈ।ਮਾਨ ਦਾ ਸਪੱਸ਼ਟ ਆਖਣਾ ਹੈ ਕਿ ਸਿੱਖ ਕਿਸੇ ਧਰਮ ਦੇ ਵਿਰੋਧੀ ਨਹੀਂ, ਪਰ ਆਪਣੀ ਧਾਰਮਿਕ ਮਰਯਾਦਾ ਨੂੰ ਛਿੱਕੇ ਟੰਗ ਕੇ ਕਿਸੇ ਸਰਕਾਰੀ ਫ਼ਰਮਾਨ ਅੱਗੇ ਗੋਡੇ ਟੇਕਣਾ ਸਿੱਖੀ ਦੀ ਰਵਾਇਤ ਨਹੀਂ।

ਮਾਨ ਦਾ ਕਹਿਣਾ ਹੈ ਕਿ ਸਿੱਖ ਦੀ ਅਰਦਾਸ ਸਿਰਫ਼ ਇੱਕ ਅਕਾਲ ਪੁਰਖ ਦੇ ਚਰਨਾਂ ਵਿੱਚ ਹੁੰਦੀ ਹੈ। ਕਿਸੇ ਧਰਤੀ, ਦੇਵੀ, ਦੇਵਤੇ ਜਾਂ ਮੂਰਤੀ ਅੱਗੇ ਮੱਥਾ ਟੇਕਣਾ ਗੁਰੂ ਦੇ ਹੁਕਮਾਂ ਦੀ ਉਲੰਘਣਾ ਹੈ। ਇਥੇ ਜ਼ਿਕਰਯੋਗ ਹੈ ਕਿ ਗੀਤ ਦਾ ਪਿਛੋਕੜ ਤੇ ਦੇਵੀ ਪੂਜਾ: ਬੰਕਿਮ ਚੰਦਰ ਚੈਟਰਜੀ ਦੇ ਨਾਵਲ 'ਆਨੰਦ ਮੱਠ' ਵਿਚਲੇ ਇਸ ਗੀਤ ਦੇ ਅਗਲੇ ਬੰਦਾਂ ਵਿੱਚ ਮਾਤ-ਭੂਮੀ ਨੂੰ ਦੁਰਗਾ, ਲਕਸ਼ਮੀ ਅਤੇ ਸਰਸਵਤੀ ਦਾ ਰੂਪ ਮੰਨ ਕੇ ਨਮਸਕਾਰ ਕੀਤਾ ਗਿਆ ਹੈ। ਇਹ ਸ਼ਬਦਾਵਲੀ ਸਿੱਧੇ ਤੌਰ 'ਤੇ ਦੇਵੀ-ਪੂਜਾ ਵੱਲ ਲੈ ਜਾਂਦੀ ਹੈ, ਜੋ ਏਕੇਸ਼ਵਰਵਾਦ (ਇੱਕ ਰੱਬ) ਦੇ ਸਿੱਖ ਸੰਕਲਪ ਨਾਲ ਮੂਲੋਂ ਮੇਲ ਨਹੀਂ ਖਾਂਦੀ।



ਸਿੱਖ ਬੁਧੀਜੀਵੀਆਂ ਦਾ ਕਹਿਣਾ ਹੈ ਕਿ ਕਿਸੇ ਇੱਕ ਖ਼ਾਸ ਗੀਤ ਨੂੰ ਹੀ ਦੇਸ਼ ਪ੍ਰੇਮ ਦਾ ਪੈਮਾਨਾ ਬਣਾ ਦੇਣਾ ਘੱਟ-ਗਿਣਤੀਆਂ ਦੀ ਹੋਂਦ ਨੂੰ ਖੋਰਾ ਲਾਉਣ ਦੀ ਚਾਲ ਜਾਪਦੀ ਹੈ।

ਇਸ ਵਿਰੋਧ ਦੀ ਸੁਰ ਸਿਰਫ਼ ਦਲ ਖ਼ਾਲਸਾ ਜਾਂ ਸਿਮਰਨਜੀਤ ਸਿੰਘ ਮਾਨ ਤੱਕ ਸੀਮਤ ਨਹੀਂ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਵਿਭਿੰਨ ਧੜੇ, ਚੀਫ਼ ਖ਼ਾਲਸਾ ਦੀਵਾਨ ਅਤੇ ਕਈ ਅੰਤਰਰਾਸ਼ਟਰੀ ਸਿੱਖ ਜਥੇਬੰਦੀਆਂ ਨੇ ਸਮੇਂ-ਸਮੇਂ 'ਤੇ ਇਸ ਧੱਕੇਸ਼ਾਹੀ ਦਾ ਡਟਵਾਂ ਵਿਰੋਧ ਕੀਤਾ ਹਸੀ।

ਡਾ. ਗੁਰਦਰਸ਼ਨ ਸਿੰਘ ਢਿੱਲੋਂ, ਡਾ. ਦਰਸ਼ਨ ਸਿੰਘ ਅਤੇ ਰਾਜਵਿੰਦਰ ਸਿੰਘ ਰਾਹੀ ਵਰਗੇ ਉੱਘੇ ਚਿੰਤਕਾਂ ਦਾ ਕਹਿਣਾ ਹੈ ਕਿ ਸਿੱਖ ਫ਼ਲਸਫ਼ਾ 'ਨਿਰੰਕਾਰ' (ਅਰੂਪ ਪ੍ਰਮਾਤਮਾ) ਦੀ ਇਬਾਦਤ 'ਤੇ ਖੜ੍ਹਾ ਹੈ। ਬੰਕਿਮ ਚੰਦਰ ਚੈਟਰਜੀ ਦੇ ਮੂਲ ਗੀਤ ਵਿੱਚ ਧਰਤੀ ਨੂੰ ਦੁਰਗਾ, ਲਕਸ਼ਮੀ ਅਤੇ ਸਰਸਵਤੀ ਵਜੋਂ ਵਡਿਆਇਆ ਗਿਆ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਕਿਸੇ ਦੇਵੀ-ਦੇਵਤੇ ਜਾਂ ਮੂਰਤੀ ਅੱਗੇ ਮੱਥਾ ਟੇਕਣਾ ਵਰਜਿਤ ਹੈ। ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ 80 ਫ਼ੀਸਦੀ ਤੋਂ ਵੱਧ ਫਾਂਸੀਆਂ ਚੜ੍ਹਨ ਵਾਲੇ ਅਤੇ ਕਾਲੇ ਪਾਣੀ ਕੱਟਣ ਵਾਲੇ ਸਿੱਖਾਂ ਨੂੰ ਆਪਣੀ ਦੇਸ਼ ਭਗਤੀ ਸਾਬਤ ਕਰਨ ਲਈ ਕਿਸੇ ਵਿਸ਼ੇਸ਼ ਗੀਤ ਦੇ ਪ੍ਰਮਾਣ-ਪੱਤਰ ਦੀ ਲੋੜ ਕਿਉਂ ਪਵੇ ? ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਦੇਸ਼ ਭਗਤੀ ਦੇ ਨਾਂਅ 'ਤੇ ਅਜਿਹੇ ਵਿਵਾਦ ਛੇੜਨ ਦੀ ਥਾਂ ਆਪਸੀ ਭਾਈਚਾਰਕ ਸਾਂਝ ਅਤੇ ਧਾਰਮਿਕ ਆਜ਼ਾਦੀ ਦਾ ਸਤਿਕਾਰ ਬਹਾਲ ਰੱਖਣ।

# ਪੰਜਾਬ ਦੇ ਨੌਜਵਾਨ ਲਈ ਬਣੀਆਂ ਚੁਣੌਤੀਆਂ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ: ਫੈਡਰੇਸ਼ਨ ਆਗੂ

ਅੰਮ੍ਰਿਤਸਰ/ਏ.ਟੀ.ਨਿਊਜ਼: ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ 83ਵੀਂ ਵਰ੍ਹੇਗੰਢ ਮੌਕੇ ਅਕਾਲ ਤਖ਼ਤ 'ਤੇ ਅਰਦਾਸ ਸਮਾਗਮ ਕੀਤਾ ਗਿਆ। ਇਸ ਮੌਕੇ ਫੈਡਰੇਸ਼ਨ ਆਗੂਆਂ ਵੱਲੋਂ ਪੰਜਾਬ ਵਿੱਚ ਵਧ ਰਹੀਆਂ ਸਮਾਜਿਕ ਕੁਰੀਤੀਆਂ, ਨਸ਼ਿਆਂ ਅਤੇ ਧਰਮ ਪਰਿਵਰਤਨ ਦੀ ਚੁਣੌਤੀ ਵਿਰੁੱਧ ਨੌਜਵਾਨਾਂ ਨੂੰ ਜਾਗਰੂਕ ਅਤੇ ਲਾਮਬੰਦ ਕਰਨ ਦਾ ਅਹਿਦ ਲਿਆ ਗਿਆ। ਫੈਡਰੇਸ਼ਨ ਦੇ ਸਰਪ੍ਰਸਤ ਅਤੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਮੀਤ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਅਤੇ ਫੈਡਰੇਸ਼ਨ ਦੇ ਪ੍ਰਧਾਨ ਭਾਈ ਕੰਵਰਚੜ੍ਹਤ ਸਿੰਘ ਨੇ ਕਿਹਾ ਕਿ ਪੰਜਾਬ ਦੇ ਨੌਜਵਾਨ ਲਈ ਬਣੀਆਂ ਚੁਣੌਤੀਆਂ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਕਿਹਾ ਕਿ ਫੈਡਰੇਸ਼ਨ ਵੱਲੋਂ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਜਾ ਕੇ ਨੌਜਵਾਨਾਂ ਨੂੰ ਸਿੱਖੀ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ, ਸਿੱਖ ਇਤਿਹਾਸ ਅਤੇ ਆਪਣੇ ਵਿਰਸੇ ਨਾਲ ਜੋੜਨ ਲਈ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਧਰਮ ਪਰਿਵਰਤਨ ਦੇ ਮਸਲੇ ਨੂੰ ਸਿਰਫ਼ ਸਿਆਸੀ ਮੁੱਦਾ ਬਣਾਉਣ ਦੀ ਬਜਾਏ ਇਸ ਦੇ ਸਮਾਜਿਕ ਕਾਰਨਾਂ ਨੂੰ ਸਮਝਣ ਦੀ ਲੋੜ ਹੈ।ਆਗੂਆਂ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਕਿਸੇ ਧਰਮ ਜਾਂ ਭਾਈਚਾਰੇ ਵਿਰੁੱਧ ਨਫ਼ਰਤ ਪੈਦਾ ਕਰਨਾ ਨਹੀਂ, ਸਗੋਂ ਸਿੱਖ ਨੌਜਵਾਨਾਂ ਨੂੰ ਆਪਣੇ ਧਰਮ, ਵਿਰਸੇ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੋੜ ਕੇ ਮਜ਼ਬੂਤ ਕਰਨਾ ਹੈ।ਸਾਬਕਾ ਫੈਡਰੇਸ਼ਨ ਪ੍ਰਧਾਨ ਮਨਜੀਤ ਸਿੰਘ ਨੇ ਕਿਹਾ ਕਿ ਨੌਜਵਾਨਾਂ ਨੂੰ ਆਪਣੇ ਧਰਮ ਅਤੇ ਵਿਰਸੇ ਨਾਲ ਜੋੜਨਾ ਸਮੇਂ ਦੀ ਵੱਡੀ ਲੋੜ ਹੈ। ਭਾਈ ਕੰਵਰਚੜ੍ਹਤ ਸਿੰਘ ਨੇ ਕਿਹਾ ਕਿ ਨਸ਼ਿਆਂ ਅਤੇ ਧਰਮ ਪਰਿਵਰਤਨ ਵਰਗੀਆਂ ਚੁਣੌਤੀਆਂ ਦਾ ਟਾਕਰਾ ਕਰਨ ਲਈ ਫੈਡਰੇਸ਼ਨ ਨੌਜਵਾਨਾਂ ਨੂੰ ਲਾਮਬੰਦ ਕਰੇਗੀ। ਇਸ ਤੋਂ ਪਹਿਲਾਂ ਤਜੇਸ਼ਵਰ ਪ੍ਰਤਾਪ ਸਿੰਘ ਵੱਲੋਂ ਅਕਾਲ ਤਖ਼ਤ ਅੱਗੇ ਅਰਦਾਸ ਕੀਤੀ ਗਈ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਸਥਾਪਨਾ 13 ਸਤੰਬਰ 1943 ਨੂੰ ਲਾਹੌਰ ਵਿੱਚ 13 ਸਿੱਖ ਨੌਜਵਾਨਾਂ ਵੱਲੋਂ ਕੀਤੀ ਗਈ ਸੀ।

# ਨਿਰਧਾਰਿਤ ਸਮੇਂ ਦੌਰਾਨ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸੋਧ ਐਕਟ' 'ਚ ਸੋਧ ਕਰੇ ਸਰਕਾਰ : ਜਥੇ. ਗੜਗੱਜ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸੋਧ ਐਕਟ' ਨੂੰ ਲੈ ਕੇ ਪੰਜਾਬ ਸਰਕਾਰ ਵਿਰੁੱਧ ਸਖ਼ਤ ਰੁਖ਼ ਅਖਤਿਆਰ ਕਰ ਲਿਆ ਹੈ। ਜਥੇਦਾਰ ਨੇ ਸਰਕਾਰ ਨੂੰ ਅਲਟੀਮੇਟਮ ਦਿੰਦਿਆਂ ਕਿਹਾ ਹੈ ਕਿ ਇਸ ਐਕਟ ਦੀਆਂ ਇਤਰਾਜ਼ਯੋਗ ਮੱਦਾਂ ਵਿੱਚ ਸੋਧ ਕਰਨ ਲਈ ਸਰਕਾਰ ਕੋਲ ਕੁਝ ਦਿਨਾਂ ਦਾ ਸਮਾਂ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਨਿਰਧਾਰਿਤ ਸਮੇਂ ਵਿੱਚ ਕਾਰਵਾਈ ਨਾ ਹੋਈ ਤਾਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦ ਕੇ ਸਖ਼ਤ ਫੈਸਲਾ ਲਿਆ ਜਾਵੇਗਾ।ਉਨ੍ਹਾਂ ਆਖਿਆ ਕਿ ਕਾਨੂੰਨ ਵਿੱਚ ਸ਼ਾਮਿਲ ਕਸਟੋਡੀਅਨ ਸਬੰਧੀ ਮਦ ਤੇ ਇਸ



ਦੀਆਂ ਹੋਰ ਸੰਬੰਧਿਤ ਧਾਰਾਵਾਂ ਅਤੇ ਪ੍ਰਕਾਸ਼ਿਤ ਬੀੜਾਂ ਬਾਰੇ ਜਾਣਕਾਰੀ ਨੂੰ ਜਨਤਕ ਕਰਨ ਤੇ ਬੀੜਾਂ ਤੇ ਯੂਨੀਕ ਨੰਬਰ ਲਾਉਣ ਸਬੰਧੀ ਧਾਰਾਵਾਂ ਨਾਲ ਪੰਥ ਕਦਾਚਿਤ ਸਹਿਮਤ ਨਹੀਂ ਹੈ। ਇਸ ਕਾਨੂੰਨ ਵਿੱਚ ਬੇਅਦਬੀ ਕਰਨ ਵਾਲੇ ਦੋਸ਼ੀ ਸਬੰਧੀ (ਬਾਕੀ ਸ.ਫ਼ਾ 26 'ਤੇ)

## 9/11 ਹਮਲੇ ਦੀ ਚੀਸ

# ਅਮਰੀਕਾ ’ਚ ਸਿੱਖ ਧਰਮ ਅਤੇ ਸਿੱਖ ਪਛਾਣ ਨੂੰ ਦਰਪੇਸ਼ ਚੁਣੌਤੀਆਂ

ਸਮੀਪ ਸਿੰਘ ਗੁੰਮਟਾਲਾ

## ਆਮ ਲੋਕਾਂ ਨਾਲ ਸੰਪਰਕ ਅਤੇ ਜਾਗਰੂਕਤਾ ਦਾ ਕੰਮ ਜਾਰੀ ਰੱਖਣਾ ਜ਼ਰੂਰੀ

ਅਮਰੀਕਾ ਦੀ ਧਰਤੀ ’ਤੇ 11 ਸਤੰਬਰ 2001 ਨੂੰ ਹੋਏ ਦਹਿਸ਼ਤਗਰਦੀ ਹਮਲਿਆਂ ਦੀ ਇਸ ਸਾਲ 25ਵੀਂ ਵਰ੍ਹੇਗੰਢ ਹੈ। ਇਸ ਦਿਨ ਅਲ-ਕਾਇਦਾ ਨਾਲ ਜੁੜੇ 19 ਦਹਿਸ਼ਤਗਰਦਾਂ ਨੇ ਚਾਰ ਯਾਤਰੀ ਜਹਾਜ਼ ਹਾਈਜੈਕ ਕੀਤੇ। ਦੋ ਜਹਾਜ਼ ਨਿਊਯਾਰਕ ਦੇ ਵਰਲਡ ਟਰੇਡ ਸੈਂਟਰ ਦੇ ਟਵਿਨ ਟਾਵਰਾਂ ਨਾਲ ਟਕਰਾਏ, ਇੱਕ ਜਹਾਜ਼ ਵਾਸ਼ਿੰਗਟਨ ਡੀਸੀ ਦੇ ਨੇੜੇ ਅਮਰੀਕਾ ਦੇ ਰੱਖਿਆ ਵਿਭਾਗ ਦੇ ਮੁੱਖ ਦਫ਼ਤਰ ਪੈਂਟਾਗਨ ਨਾਲ ਟਕਰਾਇਆ ਅਤੇ ਚੌਥਾ ਜਹਾਜ਼ ਪੈਨਸਿਲਵੇਨੀਆ ਸੂਬੇ ਵਿੱਚ ਡਿੱਗਿਆ। ਇਨ੍ਹਾਂ ਹਮਲਿਆਂ ਵਿੱਚ 2,977 ਲੋਕਾਂ ਦੀ ਜਾਨ ਗਈ। ਇਹੀ ਘਟਨਾ ਦੁਨੀਆ ਭਰ ਵਿੱਚ 9/11 ਦੇ ਨਾਮ ਨਾਲ ਜਾਣੀ ਜਾਂਦੀ ਹੈ।

ਇਸ ਘਟਨਾ ਨੇ ਅਮਰੀਕਾ ਹੀ ਨਹੀਂ, ਪੂਰੀ ਦੁਨੀਆ ਨੂੰ ਬਦਲ ਦਿੱਤਾ, ਪਰ ਅਮਰੀਕਾ ਵਿੱਚ ਵੱਸਦੇ ਸਿੱਖਾਂ ਲਈ 9/11 ਦਾ ਇੱਕ ਹੋਰ ਪੱਖ ਵੀ ਸੀ। ਦਸਤਾਰ ਅਤੇ ਦਾੜ੍ਹੀ, ਜੋ ਸਾਡੀ ਸਿੱਖ ਪਛਾਣ ਦਾ ਮਾਣ ਹਨ, ਅਚਾਨਕ ਕੁਝ ਲੋਕਾਂ ਦੀਆਂ ਨਜ਼ਰਾਂ ਵਿੱਚ ਸ਼ੱਕ ਅਤੇ ਨਫ਼ਰਤ ਦਾ ਕਾਰਨ ਬਣ ਗਏ। ਮੈਂ ਇਸ ਤਬਦੀਲੀ ਨੂੰ ਬਹੁਤ ਨੇੜਿਓਂ ਮਹਿਸੂਸ ਕੀਤਾ। ਮੈਂ ਅਗਸਤ 2000 ਵਿੱਚ ਅੰਮ੍ਰਿਤਸਰ ਤੋਂ ਡੇਟਨ, ਓਹਾਇਓ ਦੀ ਰਾਈਟ ਸਟੇਟ ਯੂਨੀਵਰਸਿਟੀ ਵਿੱਚ ਇਲੈੱਕਟ੍ਰੀਕਲ ਇੰਜਨੀਅਰਿੰਗ ਦੀ ਮਾਸਟਰਜ਼ ਡਿਗਰੀ ਕਰਨ ਅਮਰੀਕਾ ਆਇਆ ਸੀ। ਅਸੀਂ ਯੂਨੀਵਰਸਿਟੀ ਕੈਂਪਸ ਦੇ ਨੇੜੇ ਰਹਿੰਦੇ ਸੀ ਅਤੇ ਕਈ ਵਾਰ ਰਾਤ ਨੂੰ ਵੀ ਪੈਦਲ ਬਿਨਾਂ ਕਿਸੇ ਡਰ ਦੇ ਆਉਣਾ ਜਾਣਾ ਹੁੰਦਾ ਸੀ। ਕਦੇ ਇਹ ਨਹੀਂ ਲੱਗਿਆ ਕਿ ਮੇਰੇ ਕੇਸ, ਦਾੜ੍ਹੀ ਜਾਂ ਦਸਤਾਰ ਮੈਨੂੰ ਅਸੁਰੱਖਿਅਤ ਬਣਾ ਸਕਦੇ ਹਨ।

ਇੱਕ ਸਾਲ ਬਾਅਦ ਇਹ ਸਭ ਲਗਭਗ ਇੱਕ ਰਾਤ ਵਿੱਚ ਹੀ ਬਦਲ ਗਿਆ। ਹਮਲਿਆਂ ਤੋਂ ਬਾਅਦ ਟੈਲੀਵਿਜ਼ਨ ਅਤੇ ਅਖ਼ਬਾਰਾਂ ਵਿੱਚ ਓਸਾਮਾ ਬਿਨ ਲਾਦੇਨ ਦੀ ਦਾੜ੍ਹੀ ਅਤੇ ਸਿਰ ’ਤੇ ਪਗੜੀ ਵਾਲੀਆਂ ਤਸਵੀਰਾਂ ਵਾਰ-ਵਾਰ ਦਿਖਾਈਆਂ ਜਾ ਰਹੀਆਂ ਸਨ। ਸਿੱਖ ਧਰਮ ਅਤੇ ਸਿੱਖ ਪਛਾਣ ਤੋਂ ਅਣਜਾਣ ਕਈ ਲੋਕਾਂ ਨੇ ਦਾੜ੍ਹੀ ਅਤੇ ਦਸਤਾਰ ਵਾਲੇ ਸਿੱਖਾਂ ਨੂੰ ਵੀ ਉਸੇ ਦਿੱਖ ਨਾਲ ਜੋੜਨਾ ਸ਼ੁਰੂ ਕਰ ਦਿੱਤਾ। ਨਤੀਜੇ ਵਜੋਂ ਜੋ ਦਸਤਾਰ ਸਾਡੀ ਸਿੱਖ ਪਛਾਣ ਦੀ ਨਿਸ਼ਾਨੀ ਸੀ, ਉਹੀ ਕੁਝ ਲੋਕਾਂ ਦੇ ਗੁੱਸੇ, ਸ਼ੱਕ ਅਤੇ ਬਦਲੇ ਦਾ ਨਿਸ਼ਾਨਾ ਬਣ ਗਈ।

ਉਸ ਸਮੇਂ ਪਰਿਵਾਰਾਂ ਵਿੱਚ ਸੁਰੱਖਿਆ ਦੀ ਚਿੰਤਾ ਵਧ ਗਈ। ਸਲਾਹ ਮਿਲਦੀ ਕਿ ਬਿਨਾਂ ਲੋੜ ਬਾਹਰ ਨਾ ਜਾਓ। ਕਈ ਸਿੱਖਾਂ ਨੂੰ ‘ਓਸਾਮਾ’ ਜਾਂ ‘ਟੈਰਰਿਸਟ’ ਵਰਗੇ ਸ਼ਬਦ ਸੁਣਨੇ ਪਏ। ਕੁਝ ਘਰਾਂ ਵਿੱਚ ਇਹ ਗੱਲ ਵੀ ਚੱਲੀ ਕਿ ਦਸਤਾਰ ਦੀ ਥਾਂ ਟੋਪੀ ਪਾ ਲਈ ਜਾਵੇ ਜਾਂ ਕੇਸ ਕਟਵਾ ਲਏ ਜਾਣ। ਡਰ ਅਸਲੀ ਸੀ, ਪਰ ਸਵਾਲ ਵੀ ਵੱਡਾ ਸੀ: ਕੀ ਆਪਣੀ ਜਾਨ ਬਚਾਉਣ ਦੀ ਚਿੰਤਾ ਸਾਨੂੰ ਆਪਣੀ ਪਛਾਣ ਲੁਕਾਉਣ ਵੱਲ ਧੱਕ ਦੇਵੇ?

ਇਸ ਨਫ਼ਰਤ ਦੀ ਸਭ ਤੋਂ ਦਰਦਨਾਕ ਮਿਸਾਲ ਹਮਲਿਆਂ ਤੋਂ ਸਿਰਫ਼ ਚਾਰ ਦਿਨ ਬਾਅਦ ਸਾਹਮਣੇ ਆਈ। ਐਰੀਜ਼ੋਨਾ ਦੇ ਮੇਸਾ ਸ਼ਹਿਰ ਵਿੱਚ ਬਲਬੀਰ ਸਿੰਘ ਸੋਢੀ ਨੂੰ ਆਪਣੇ ਗੈਸ ਸਟੇਸ਼ਨ ਦੇ ਬਾਹਰ ਫ਼ੁੱਲਾਂ ਨੂੰ ਪਾਣੀ ਦਿੰਦਿਆਂ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਕਾਤਲ 9/11 ਦਾ ਬਦਲਾ ਲੈਣਾ ਚਾਹੁੰਦਾ ਸੀ ਅਤੇ ਉਸ ਨੇ ਸੋਢੀ ਦੀ ਦਸਤਾਰ ਅਤੇ ਦਾੜ੍ਹੀ ਨੂੰ ਦੁਸ਼ਮਣ ਦੀ ਪਛਾਣ ਸਮਝ ਲਿਆ। ਅਮਰੀਕਾ ਵਿੱਚ ਵੱਸਦੇ ਸਿੱਖਾਂ ਲਈ ਇਹ ਸਿਰਫ਼ ਇੱਕ ਕਤਲ ਨਹੀਂ ਸੀ, ਇਹ ਚਿਤਾਵਨੀ ਸੀ ਕਿ ਜਿਸ ਦਸਤਾਰ ਨੂੰ ਅਸੀਂ ਆਪਣੀ ਪਛਾਣ, ਸਨਮਾਨ ਅਤੇ ਜ਼ਿੰਮੇਵਾਰੀ ਨਾਲ ਜੋੜਦੇ ਹਾਂ, ਉਹੀ ਕਿਸੇ ਦੀ ਨਫ਼ਰਤ ਦਾ ਨਿਸ਼ਾਨਾ ਬਣ ਸਕਦੀ ਹੈ।

ਇਸੇ ਕਰਕੇ ‘ਮਿਸਟੇਕਨ ਆਈਡੈਂਟਿਟੀ’ ਵਾਲੀ ਗੱਲ ਨੂੰ ਵੀ ਸਾਵਧਾਨੀ ਨਾਲ ਸਮਝਣ ਦੀ ਲੋੜ ਹੈ। ਸਿੱਖਾਂ ’ਤੇ ਹਮਲਾ ਇਸ ਲਈ ਗ਼ਲਤ ਨਹੀਂ ਸੀ ਕਿ ਉਹ ਮੁਸਲਮਾਨ ਨਹੀਂ ਸਨ। ਮੁਸਲਮਾਨਾਂ, ਅਰਬ ਮੂਲ ਦੇ ਲੋਕਾਂ, ਦੱਖਣੀ ਏਸ਼ਿਆਈ ਜਾਂ ਕਿਸੇ ਹੋਰ ਬੇਗੁਨਾਹ



ਵਿਅਕਤੀ ’ਤੇ ਹਮਲਾ ਵੀ ਓਨਾ ਹੀ ਗ਼ਲਤ ਸੀ। ਕਿਸੇ ਵਿਅਕਤੀ ਜਾਂ ਸਮੂਹ ਦੇ ਅਪਰਾਧ ਦਾ ਦੋਸ਼ ਉਸ ਨਾਲ ਮਿਲਦੀ-ਜੁਲਦੀ ਦਿੱਖ, ਧਰਮ ਜਾਂ ਪਿਛੋਕੜ ਵਾਲੇ ਬੇਗੁਨਾਹ ਲੋਕਾਂ ’ਤੇ ਨਹੀਂ ਲਾਇਆ ਜਾ ਸਕਦਾ।

ਪਿਛਲੇ 25 ਸਾਲਾਂ ਵਿੱਚ ਬਹੁਤ ਕੁਝ ਬਦਲਿਆ ਹੈ ਅਤੇ ਅੱਜ ਪਹਿਲਾਂ ਨਾਲੋਂ ਵੱਧ ਅਮਰੀਕੀ ਲੋਕ ਸਿੱਖਾਂ ਬਾਰੇ ਜਾਣਦੇ ਹਨ। ਫ਼ਿਰ ਵੀ ਕਦੇ-ਕਦੇ ਨਫ਼ਰਤ ਜਾਂ ਵਿਤਕਰੇ ਦੀਆਂ ਘਟਨਾਵਾਂ ਯਾਦ ਕਰਵਾਉਂਦੀਆਂ ਹਨ ਕਿ ਲੋਕਾਂ ਨਾਲ ਸੰਪਰਕ ਅਤੇ ਜਾਗਰੂਕਤਾ ਦਾ ਕੰਮ ਜਾਰੀ ਰੱਖਣਾ ਜ਼ਰੂਰੀ ਹੈ। ਸਿੱਖਾਂ ਨੂੰ ਵੀ ਸਕੂਲਾਂ, ਯੂਨੀਵਰਸਿਟੀਆਂ, ਇੰਟਰਫ਼ੇਥ ਅਤੇ ਕਮਿਊਨਿਟੀ ਪ੍ਰੋਗਰਾਮਾਂ, ਪਰੇਡ ਅਤੇ ਸੇਵਾ ਦੇ ਕੰਮਾਂ ਵਿੱਚ ਸਰਗਰਮ ਹਿੱਸਾ ਲੈਂਦੇ ਰਹਿਣਾ ਚਾਹੀਦਾ ਹੈ।

ਇਸ ਘਟਨਾ ਯਾਨੀ 9/11 ਤੋਂ ਬਾਅਦ ਸਿੱਖਾਂ ਦੇ ਤਜਰਬੇ ਸਿਰਫ਼ ਡਰ ਅਤੇ ਨਫ਼ਰਤ ਤੱਕ ਸੀਮਤ ਨਹੀਂ ਸਨ। ਸੇਵਾ ਅਤੇ ਮਨੁੱਖਤਾ ਦਾ ਇੱਕ ਹੋਰ ਪੱਖ ਵੀ ਸਾਹਮਣੇ ਆਇਆ। ਡਾ. ਨਵਿੰਦਰਦੀਪ ਸਿੰਘ ਨਿੱਝਰ ਉਸ ਵੇਲੇ ਬਰੁਕਲਿਨ, ਨਿਊਯਾਰਕ ਵਿੱਚ ਸਰਜਰੀ ਦੇ ਰੈਜ਼ੀਡੈਂਟ ਡਾਕਟਰ ਸਨ। ਰਾਤ ਦੀ ਹਸਪਤਾਲ ਡਿਊਟੀ ਤੋਂ ਬਾਅਦ ਉਹ ਵਰਲਡ ਟਰੇਡ ਸੈਂਟਰ ਦੇ ਮਲਬੇ ਵਾਲੀ ਥਾਂ (ਗਰਾਊਂਡ ਜ਼ੀਰੋ) ’ਤੇ ਸੇਵਾ ਕਰਨ ਲਈ ਪਹੁੰਚੇ। ਉਨ੍ਹਾਂ ਨੇ ਜ਼ਖ਼ਮੀਆਂ ਦੀ ਮੁੱਢਲੀ ਜਾਂਚ ਅਤੇ ਇਲਾਜ ਲਈ ਕੇਂਦਰ ਬਣਾਉਣ ਵਿੱਚ ਸਹਾਇਤਾ ਕੀਤੀ ਅਤੇ ਜ਼ਖ਼ਮੀ ਫ਼ਾਇਰਫ਼ਾਈਟਰਾਂ ਦੀ ਦੇਖਭਾਲ ਵਿੱਚ ਵੀ ਹਿੱਸਾ ਪਾਇਆ, ਪਰ ਬਾਅਦ ਵਿੱਚ ਉਨ੍ਹਾਂ ਨੂੰ ਵੀ ਅਜਿਹੇ ਲੋਕਾਂ ਦੀ ਨਫ਼ਰਤ ਦਾ ਸਾਹਮਣਾ ਕਰਨਾ ਪਿਆ ਜਿਨ੍ਹਾਂ ਨੇ ਉਨ੍ਹਾਂ ਦੀ ਦਸਤਾਰ ਅਤੇ ਦਾੜ੍ਹੀ ਦੇਖ ਕੇ ਉਨ੍ਹਾਂ ਨੂੰ ਹਮਲਾਵਰਾਂ ਨਾਲ ਜੋੜ ਦਿੱਤਾ। ਇੱਕ ਦਸਤਾਰਧਾਰੀ ਸਿੱਖ ਡਾਕਟਰ ਅਮਰੀਕਾ ਦੇ ਸਭ ਤੋਂ ਔਖੇ ਪਲਾਂ ਵਿੱਚ ਲੋਕਾਂ ਦੀ ਸੇਵਾ ਕਰ ਰਿਹਾ ਸੀ, ਪਰ ਉਹੀ ਦਸਤਾਰ ਕਿਸੇ ਹੋਰ ਲਈ ਸ਼ੱਕ ਦਾ ਕਾਰਨ ਸੀ।

ਡਾ. ਨਿੱਝਰ ਦੀ ਸੇਵਾ ਸਿੱਖੀ ਦੇ ਇੱਕ ਬੁਨਿਆਦੀ ਅਸੂਲ ਨੂੰ ਦਰਸਾਉਂਦੀ ਹੈ। ਸੇਵਾ ਕਿਸੇ ਦਾ ਧਰਮ, ਰੰਗ ਜਾਂ ਕੌਮੀਅਤ ਨਹੀਂ ਪੁੱਛਦੀ ਅਤੇ ਲੰਗਰ ਅਮੀਰ ਤੇ ਗ਼ਰੀਬ ਵਿੱਚ ਫ਼ਰਕ ਨਹੀਂ ਕਰਦਾ। ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਰ ਰੋਜ਼ ਹਜ਼ਾਰਾਂ ਲੋਕ ਬਿਨਾਂ ਕਿਸੇ ਭੇਦਭਾਵ ਦੇ ਲੰਗਰ ਛਕਦੇ ਹਨ। ਚੜ੍ਹਦੀ ਕਲਾ ਸਾਨੂੰ ਔਖੇ ਸਮੇਂ ਵਿੱਚ ਹੌਸਲਾ ਦਿੰਦੀ ਹੈ ਅਤੇ ਸਰਬੱਤ ਦਾ ਭਲਾ ਸਾਰੀ ਮਨੁੱਖਤਾ ਦੀ ਭਲਾਈ ਲਈ ਅਰਦਾਸ ਕਰਨੀ ਸਿਖਾਉਂਦਾ ਹੈ।

ਇਸੇ ਲਈ 11 ਸਤੰਬਰ ਤੋਂ ਬਾਅਦ ਸਿੱਖਾਂ ਦਾ ਜਵਾਬ ਸਿਰਫ਼ ਇਹ ਕਹਿਣ ਤੱਕ ਸੀਮਤ ਨਹੀਂ ਰਹਿ ਸਕਦਾ ਸੀ ਕਿ ਤੁਸੀਂ ਸਾਨੂੰ ਕੋਈ ਹੋਰ ਸਮਝ ਕੇ ਨਫ਼ਰਤ ਕਰ ਰਹੇ ਹੋ। ਅਮਰੀਕਾ ਭਰ ਵਿੱਚ ਕਈ ਗੁਰਦੁਆਰਿਆਂ ਨੇ ਗੁਆਂਢੀਆਂ ਲਈ ਦਰਵਾਜ਼ੇ ਖੋਲ੍ਹੇ, ਲੰਗਰ ਲਗਾਏ, ਵੱਖ-ਵੱਖ ਧਰਮਾਂ ਦੇ ਇੰਟਰਫ਼ੇਥ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ ਅਤੇ ਹੋਰਨਾਂ ਭਾਈਚਾਰਿਆਂ ਦੇ ਲੋਕਾਂ ਨਾਲ ਵੀ ਖੜ੍ਹੇ ਹੋਏ ਜੋ ਵਿਤਕਰੇ ਦਾ ਸਾਹਮਣਾ ਕਰ ਰਹੇ ਸਨ।

ਇਸ ਨਾਲ ਇੱਕ ਹੋਰ ਗੱਲ ਵੀ ਸਪੱਸ਼ਟ ਹੋਈ। ਸਿਰਫ਼ ਸੇਵਾ ਅਤੇ ਸਦਭਾਵਨਾ ਕਾਫ਼ੀ

> **ਅੱਜ, 25 ਸਾਲ ਬਾਅਦ ਅਮਰੀਕਾ ਵਿੱਚ ਸਿੱਖ ਪਹਿਲਾਂ ਨਾਲੋਂ ਵਧੇਰੇ ਸੰਗਠਿਤ ਤੇ ਸਰਗਰਮ ਹਨ ਅਤੇ ਆਪਣੇ ਅਧਿਕਾਰਾਂ ਦੀ ਵਕਾਲਤ ਕਰਨ ਲਈ ਤਿਆਰ ਵੀ ਹਨ। ਇਹ ਤਬਦੀਲੀ ਅਗਲੀ ਪੀੜ੍ਹੀ ਵਿੱਚ ਵੀ ਦਿਖਾਈ ਦਿੰਦੀ ਹੈ। ਅੱਜ ਸਿੱਖ ਨੌਜਵਾਨ, ਦਸਤਾਰਧਾਰੀ ਬੀਬੀਆਂ ਸਮੇਤ ਆਪਣੀ ਦਿੱਖ ਅਤੇ ਪਛਾਣ ਨੂੰ ਕਾਇਮ ਰੱਖਦਿਆਂ ਸਕੂਲਾਂ, ਯੂਨੀਵਰਸਿਟੀਆਂ, ਵੱਖ-ਵੱਖ ਪੇਸ਼ਿਆਂ ਅਤੇ ਜਨਤਕ ਜੀਵਨ ਵਿੱਚ ਪੂਰੇ ਹੱਕ ਨਾਲ ਅੱਗੇ ਵਧਣ ਦੀ ਉਮੀਦ ਰੱਖਦੇ ਹਨ।**

ਨਹੀਂ ਸੀ। ਭਾਈਚਾਰੇ ਨੂੰ ਅਜਿਹੀਆਂ ਸੰਸਥਾਵਾਂ ਦੀ ਵੀ ਲੋੜ ਸੀ ਜੋ ਨਫ਼ਰਤ ਦੇ ਅਪਰਾਧ, ਸਕੂਲ ਬੁਲਿੰਗ, ਨੌਕਰੀ ’ਤੇ ਵਿਤਕਰੇ ਅਤੇ ਧਾਰਮਿਕ ਆਜ਼ਾਦੀ ਨਾਲ ਜੁੜੀਆਂ ਚੁਣੌਤੀਆਂ ਦਾ ਜਵਾਬ ਦੇ ਸਕਣ। ਸਿੱਖ ਕੋਅਲੀਸ਼ਨ, ਸਾਲਡੈਫ਼, ਯੂਨਾਈਟਡ ਸਿੱਖਸ ਅਤੇ ਹੋਰ ਸੰਸਥਾਵਾਂ ਨੇ ਇਸ ਕੰਮ ਵਿੱਚ ਅਹਿਮ ਭੂਮਿਕਾ ਨਿਭਾਈ। ਇੱਕ ਤਰ੍ਹਾਂ ਨਾਲ 9/11 ਤੋਂ ਬਾਅਦ ਦੇ ਹਾਲਾਤ ਨੇ ਅਮਰੀਕਾ ਦੇ ਸਿੱਖਾਂ ਨੂੰ ਹੋਰ ਸੰਗਠਿਤ ਅਤੇ ਸਰਗਰਮ ਹੋਣ ਲਈ ਵੀ ਪ੍ਰੇਰਿਆ।

ਮੈਂ ਇਹ ਤਬਦੀਲੀ ਡੇਟਨ ਵਿੱਚ ਆਪਣੇ ਅੱਖੀਂ ਵੇਖੀ। 9/11 ਤੋਂ ਬਾਅਦ ਮੇਰੇ ਰਿਸ਼ਤੇਦਾਰਾਂ, ਹੋਰ ਸਿੱਖ ਵਿਦਿਆਰਥੀਆਂ ਅਤੇ ਸਥਾਨਕ ਪਰਿਵਾਰਾਂ ਨਾਲ ਮਿਲ ਕੇ ਮੈਂ ਵੀ ਰਾਈਟ ਸਟੇਟ ਯੂਨੀਵਰਸਿਟੀ ਵਿੱਚ ਲੋਕਾਂ ਨਾਲ ਹੋਰ ਸਰਗਰਮੀ ਨਾਲ ਸੰਪਰਕ ਕਰਨ ਲੱਗਾ। ਸਿੱਖ ਸਟੂਡੈਂਟਸ ਐਸੋਸੀਏਸ਼ਨ ਰਾਹੀਂ ਅਸੀਂ ਵੱਖ-ਵੱਖ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ ਅਤੇ ਸਿੱਖ ਇਤਿਹਾਸ ਤੇ ਪਛਾਣ ਬਾਰੇ ਪ੍ਰਦਰਸ਼ਨੀਆਂ ਲਗਾਈਆਂ। 2004 ਦੀ ਵਿਸਾਖੀ ਦੇ ਇੱਕ ਪ੍ਰੋਗਰਾਮ ਵਿੱਚ ਲਗਭਗ 350 ਵਿਦਿਆਰਥੀ, ਪ੍ਰੋਫ਼ੈਸਰ, ਸਟਾਫ਼ ਅਤੇ ਹੋਰ ਲੋਕ ਸ਼ਾਮਲ ਹੋਏ ਜਿਸ ਵਿੱਚ ਕਈ ਮਹਿਮਾਨਾਂ ਦੇ ਸਿਰਾਂ ’ਤੇ ਦਸਤਾਰਾਂ ਵੀ ਸਜਾਈਆਂ ਗਈਆਂ।

## ਸੰਯੁਕਤ ਰਾਸ਼ਟਰ ਦੀ ਖ਼ੌਫ਼ਨਾਕ ਚਿਤਾਵਨੀ

# ਧਰਤੀ ਨੇ ਗੁਆਇਆ ਜਲਵਾਯੂ ਤਬਾਹੀ ਰੋਕਣ ਦਾ ਆਖ਼ਰੀ ਮੌਕਾ

**➢ ਨੇਪਾਲ ਦੀ ਤਬਾਹੀ ਪੂਰੀ ਦੁਨੀਆ ਦੇ ਭਵਿੱਖ ਦਾ ਖ਼ਤਰਨਾਕ ਟਰੇਲਰ ➢ਵਿਕਸਤ ਦੇਸ਼ਾਂ ਦੇ ਪ੍ਰਦੂਸ਼ਣ ਦੀ ਮਾਰ ਝੱਲ ਰਹੇ ਬੇਕਸੂਰ ਮੁਲਕ**

## ਪੈਰਿਸ ਸਮਝੌਤੇ ਦੀਆਂ ਉੱਡੀਆਂ ਧੱਜੀਆਂ; ਖ਼ਤਰੇ ਦੇ ਨਿਸ਼ਾਨ ਤੋਂ ਪਾਰ ਪਹੁੰਚਿਆ ਧਰਤੀ ਦਾ ਤਾਪਮਾਨ

ਗਲੇਸ਼ੀਅਰ ਟੁੱਟਣ ਅਤੇ ਭਿਆਨਕ ਹੜ੍ਹਾਂ ਕਾਰਨ ਨੇਪਾਲ ਵਿੱਚ ਮਚੀ ਤਬਾਹੀ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਮਲਬੇ ਹੇਠ ਦੱਬੇ ਘਰਾਂ, ਉੱਜੜੇ ਪਰਿਵਾਰਾਂ ਅਤੇ ਗੁਆਚੀਆਂ ਜਾਨਾਂ ਦੇ ਦਰਦਨਾਕ ਮੰਜ਼ਰ ਦਰਮਿਆਨ ਸੰਯੁਕਤ ਰਾਸ਼ਟਰ (ਯੂ.ਐੱਨ.) ਨੇ ਇੱਕ ਅਜਿਹਾ ਖ਼ੌਫ਼ਨਾਕ ਮੁਲਾਂਕਣ ਜਨਤਕ ਕੀਤਾ ਹੈ, ਜਿਸ ਨੇ ਅੰਤਰਰਾਸ਼ਟਰੀ ਮੰਚ ’ਤੇ ਤਰਥਲੀ ਮਚਾ ਦਿੱਤੀ ਹੈ।

ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਦੀ ਇਸ ਤਾਜ਼ਾ ਰਿਪੋਰਟ ਨੂੰ ਹੁਣ ਤੱਕ ਦਾ ਸਭ ਤੋਂ ਨਿਰਾਸ਼ਾਜਨਕ ਦਸਤਾਵੇਜ਼ ਕਰਾਰ ਦਿੱਤਾ ਜਾ ਰਿਹਾ ਹੈ। ਰਿਪੋਰਟ ਵਿੱਚ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਗਿਆ ਹੈ ਕਿ ਧਰਤੀ ਹੁਣ ਜਲਵਾਯੂ ਤਬਦੀਲੀ ਦੇ ਸਭ ਤੋਂ ਮਾਰੂ ਅਤੇ ਵਿਨਾਸ਼ਕਾਰੀ ਪ੍ਰਭਾਵਾਂ ਨੂੰ ਰੋਕਣ ਦਾ ਆਖ਼ਰੀ ਮੌਕਾ ਗੁਆ ਚੁੱਕੀ ਹੈ।

ਰਿਪੋਰਟ ਅਨੁਸਾਰ ਸਾਲ 2015 ਦੇ ਇਤਿਹਾਸਕ ਪੈਰਿਸ ਜਲਵਾਯੂ ਸਮਝੌਤੇ ਦੌਰਾਨ ਤਾਪਮਾਨ ਨੂੰ ਜਿਸ ਖ਼ਤਰਨਾਕ ਹੱਦ (1.5 ਡਿਗਰੀ ਸੈਲਸੀਅਸ) ਤੋਂ ਹੇਠਾਂ ਰੱਖਣ ਦਾ ਪ੍ਰਣ ਲਿਆ ਗਿਆ ਸੀ, ਉਹ ਸੀਮਾ ਹੁਣ ਬਹੁਤ ਤੇਜ਼ੀ ਨਾਲ ਪਾਰ ਹੋਣ ਜਾ ਰਹੀ ਹੈ।

ਜਲਵਾਯੂ ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਹੁਣ ਚੁਣੌਤੀ ਤਬਾਹੀ ਨੂੰ ਰੋਕਣ ਦੀ ਨਹੀਂ ਰਹੀ, ਸਗੋਂ ਇਹ ਵਿਚਾਰਨ ਦੀ ਬਣ ਗਈ ਹੈ ਕਿ ਖ਼ਤਰੇ ਦੀ ਲਾਲ ਲਕੀਰ ਟੱਪ ਚੁੱਕੇ ਧਰਤੀ ਦੇ ਤਾਪਮਾਨ ਨੂੰ ਮੁੜ



ਵਾਪਸ ਹੇਠਾਂ ਕਿਵੇਂ ਖਿੱਚਿਆ ਜਾਵੇ। ਮਾਹਿਰਾਂ ਦਾ ਕਹਿਣਾ ਹੈ ਕਿ ਨੇਪਾਲ ਵਿੱਚ ਵਾਪਰੀ ਘਟਨਾ ਕੋਈ ਅਲੱਗ-ਥਲੱਗ ਹਾਦਸਾ ਨਹੀਂ ਹੈ, ਸਗੋਂ ਇਹ ਉਸ ਸੰਭਾਵਿਤ ਭਵਿੱਖ ਦਾ ਇੱਕ ਭਿਆਨਕ ਟ੍ਰੇਲਰ ਹੈ ਜਿਸ ਵੱਲ ਪੂਰੀ ਦੁਨੀਆ ਤੇਜ਼ੀ ਨਾਲ ਵਧ ਰਹੀ ਹੈ।

ਇਸ ਤਬਾਹੀ ਨੇ ਆਲਮੀ ਵਾਤਾਵਰਣ ਇਨਸਾਫ਼ ਦੇ ਮੁੱਦੇ ਨੂੰ ਮੁੜ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ। ਅੰਕੜੇ ਦੱਸਦੇ ਹਨ ਕਿ ਗਲੋਬਲ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਵਿੱਚ ਨੇਪਾਲ ਦਾ ਹਿੱਸਾ ਸਿਰਫ਼ 0.1 ਫ਼ੀਸਦੀ ਹੈ। ਇਸ ਨਿਗੂਣੇ ਯੋਗਦਾਨ ਦੇ ਬਾਵਜੂਦ, ਹਿਮਾਲਿਆ ਦੀਆਂ ਨਾਜ਼ੁਕ ਘਾਟੀਆਂ ਵਿੱਚ ਰਹਿਣ ਵਾਲੇ ਲੱਖਾਂ ਨਿਰਦੋਸ਼ ਲੋਕ ਗਲੋਬਲ ਵਾਰਮਿੰਗ ਦੀ ਸਭ ਤੋਂ ਪਹਿਲੀ ਅਤੇ ਮਾਰੂ ਮਾਰ ਝੱਲ ਰਹੇ ਹਨ। ਦੂਜੇ ਪਾਸੇ, ਪ੍ਰਤੀ ਵਿਅਕਤੀ ਸਭ ਤੋਂ ਵੱਧ ਕਾਰਬਨ ਨਿਕਾਸ ਲਈ ਜ਼ਿੰਮੇਵਾਰ ਅਮਰੀਕਾ ਅਤੇ ਹੋਰ ਵਿਕਸਤ ਉਦਯੋਗਿਕ ਮੁਲਕ ਆਪਣੀਆਂ ਇਤਿਹਾਸਕ ਜ਼ਿੰਮੇਵਾਰੀਆਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਰਹੇ ਹਨ।

ਰਿਪੋਰਟਾਂ ਵਿੱਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੌਰਾਨ ਅਮਰੀਕਾ ਨੇ ਵਾਤਾਵਰਣ ਸੰਭਾਲ ਅਤੇ ਆਫ਼ਤ ਪ੍ਰਬੰਧਨ ਨਾਲ ਸਬੰਧਤ ਅੰਤਰਰਾਸ਼ਟਰੀ ਬਜਟ ਵਿੱਚ ਭਾਰੀ ਕਟੌਤੀਆਂ ਕੀਤੀਆਂ ਸਨ। ਇਨ੍ਹਾਂ ਕਟੌਤੀਆਂ ਤਹਿਤ ਭੂ-ਖਿਸਕਣ ਅਤੇ ਗਲੇਸ਼ੀਅਰਾਂ ਦੇ ਖ਼ਤਰੇ ਦੀ ਅਗਾਊਂ ਨਿਗਰਾਨੀ ਲਈ ਨੇਪਾਲ ਨੂੰ ਮਿਲਣ ਵਾਲੀ ਵਿੱਤੀ ਤੇ ਤਕਨੀਕੀ ਮਦਦ ਵੀ ਠੱਪ ਕਰ ਦਿੱਤੀ ਗਈ ਸੀ।

(ਬਾਕੀ ਸਫ਼ਾ 27 ’ਤੇ)

## 9/11 ਦੇ 25 ਸਾਲ

# ਜ਼ਖ਼ਮਾਂ ਤੋਂ ਉਮੀਦ ਤੱਕ, ਸਿੱਖਾਂ ਨੇ ਨਫ਼ਰਤ ਦਾ ਜਵਾਬ 'ਸੇਵਾ' ਅਤੇ 'ਚੜ੍ਹਦੀਕਲਾ' ਨਾਲ ਦਿੱਤਾ

## ਬਲਬੀਰ ਸਿੰਘ ਸੋਢੀ ਦੀ ਸ਼ਹਾਦਤ ਤੋਂ ਵ੍ਹਾਈਟ ਹਾਊਸ ਤੱਕ: ਕਿਵੇਂ ਦਸਤਾਰ ਨੇ ਨਸਲਵਾਦ ਨੂੰ ਮਾਤ ਦਿੱਤੀ

## ਨਫ਼ਰਤੀ ਹਿੰਸਾ ਅਤੇ ਸ਼ੱਕ ਦੇ ਦੌਰ 'ਚੋਂ ਨਿਕਲ ਕੇ ਅਮਰੀਕਾ ਵਿੱਚ ਮੋਹਰੀ ਬਣਿਆ ਸਿੱਖ ਭਾਈਚਾਰਾ

## 9/11 ਦੀ ਤ੍ਰਾਸਦੀ ਤੋਂ ਕੋਵਿਡ ਮਹਾਂਮਾਰੀ ਤੱਕ-ਸਿੱਖਾਂ ਦੀ ਨਿਰਸੁਆਰਥ ਸੇਵਾ ਨੇ ਜਿੱਤੇ ਅਮਰੀਕੀਆਂ ਦੇ ਦਿਲ

ਬਲਵਿੰਦਰ ਪਾਲ ਸਿੰਘ
ਪ੍ਰੋਫ਼ੈਸਰ
99142-58142

11 ਸਤੰਬਰ 2001 ਦਾ ਦਿਨ ਦੁਨੀਆ ਦੇ ਇਤਿਹਾਸ ਦਾ ਕਾਲਾ ਪੰਨਾ ਹੈ। ਅੱਤਵਾਦੀਆਂ ਨੇ ਨਿਊਯਾਰਕ ਦੇ ਟਵਿਨ ਟਾਵਰਾਂ ਨੂੰ ਨਿਸ਼ਾਨਾ ਬਣਾਇਆ ਸੀ। ਚਾਰ ਜਹਾਜ਼ ਅਗਵਾ ਕੀਤੇ ਗਏ ਸਨ। ਹਜ਼ਾਰਾਂ ਬੇਕਸੂਰ ਲੋਕ ਪਲਾਂ ਵਿੱਚ ਮਾਰੇ ਗਏ ਸਨ। ਮਲਬੇ ਦੇ ਢੇਰ ਹੇਠ ਕੀਮਤੀ ਜਾਨਾਂ ਦਫ਼ਨ ਹੋ ਗਈਆਂ। ਇਸ ਹਮਲੇ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਸੀ। ਅਮਰੀਕਾ ਦਾ ਹਰ ਨਾਗਰਿਕ ਡੂੰਘੇ ਸਦਮੇ ਵਿੱਚ ਸੀ।

ਇਸ ਹਾਦਸੇ ਵਿੱਚ ਮਰਨ ਵਾਲਿਆਂ ਵਿੱਚ 60 ਤੋਂ ਵੱਧ ਮੁਸਲਮਾਨ ਵੀ ਸਨ। ਉਹ ਵੀ ਬਾਕੀ ਲੋਕਾਂ ਵਾਂਗ ਹੀ ਪੀੜਤ ਸਨ। ਪਰ ਹਮਲੇ ਤੋਂ ਤੁਰੰਤ ਬਾਅਦ ਅਮਰੀਕਾ ਦਾ ਮਾਹੌਲ ਬਦਲ ਗਿਆ ਸੀ। ਦੇਸ਼ ਭਗਤੀ ਦੇ ਨਾਂ 'ਤੇ ਗੁੱਸਾ ਭੜਕ ਉੱਠਿਆ ਸੀ। ਲੋਕ ਬਦਲੇ ਦੀ ਅੱਗ ਵਿੱਚ ਸੜਨ ਲੱਗੇ ਸਨ। ਇਸ ਗੁੱਸੇ ਨੇ ਬੇਕਸੂਰ ਘੱਟ-ਗਿਣਤੀਆਂ ਵੱਲ ਮੂੰਹ ਕਰ ਲਿਆ ਸੀ। ਸ਼ੱਕ ਅਤੇ ਨਫ਼ਰਤ ਦੀ ਇੱਕ ਤੇਜ਼ ਹਨੇਰੀ ਚੱਲ ਪਈ ਸੀ। ਇਸ ਹਨੇਰੀ ਨੇ ਮੁਸਲਿਮ ਅਤੇ ਸਿੱਖ ਭਾਈਚਾਰੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਸੀ।

ਅੱਜ ਇਸ ਘਟਨਾ ਨੂੰ ਪੱਚੀ ਸਾਲ ਬੀਤ ਚੁੱਕੇ ਹਨ। ਜ਼ਖ਼ਮਾਂ ਦੇ ਨਿਸ਼ਾਨ ਅੱਜ ਵੀ ਬਾਕੀ ਹਨ। ਪਛਾਣ ਦਾ ਸੰਕਟ ਅੱਜ ਵੀ ਚੇਤਿਆਂ ਵਿੱਚ ਤਾਜ਼ਾ ਹੈ। ਇਹ ਸਾਖੀ ਸਿਰਫ਼ ਦਰਦ ਦੀ ਨਹੀਂ ਹੈ। ਇਹ ਸਾਖੀ ਸਿੱਖਾਂ ਦੇ ਸਿਦਕ ਦੀ ਹੈ। ਇਹ ਗੁਰੂ ਨਾਨਕ ਦੇ ਸਰਬੱਤ ਦੇ ਭਲੇ ਦੀ ਗਾਥਾ ਹੈ। ਸਿੱਖਾਂ ਨੇ ਨਫ਼ਰਤ ਦਾ ਟਾਕਰਾ ਸੇਵਾ ਨਾਲ ਕੀਤਾ। ਉਨ੍ਹਾਂ ਨੇ ਬੰਦੂਕ ਦਾ ਜਵਾਬ ਲੰਗਰ ਨਾਲ ਦਿੱਤਾ। ਇਹ 25 ਸਾਲਾਂ ਦਾ ਸਫ਼ਰ ਸੰਘਰਸ਼ ਤੋਂ ਸਤਿਕਾਰ ਵੱਲ ਦਾ ਸਫ਼ਰ ਹੈ।

### ਪਹਿਲਾ ਹਮਲਾ ਅਤੇ ਬਲਬੀਰ ਸਿੰਘ ਸੋਢੀ ਦੀ ਸ਼ਹਾਦਤ

ਹਮਲੇ ਤੋਂ ਚਾਰ ਦਿਨ ਬਾਅਦ ਹੀ ਵੱਡਾ ਕਾਂਡ ਵਾਪਰ ਗਿਆ। 15 ਸਤੰਬਰ 2001 ਨੂੰ ਐਰੀਜ਼ੋਨਾ ਦੇ ਮੇਸਾ ਸ਼ਹਿਰ ਵਿੱਚ ਗੋਲੀ ਚੱਲੀ। ਬਲਬੀਰ ਸਿੰਘ ਸੋਢੀ ਆਪਣੇ ਗੈਸ ਸਟੇਸ਼ਨ 'ਤੇ ਖੜ੍ਹੇ ਸਨ। ਉਹ ਬਾਹਰ ਫੁੱਲ ਲਗਾ ਰਹੇ ਸਨ। ਫਰੈਂਕ ਰੋਕੇ ਨਾਂ ਦਾ ਗੋਰਾ ਟਰੱਕ ਲੈ ਕੇ ਆਇਆ। ਉਸ ਨੇ ਸੋਢੀ ਸਾਹਿਬ ਨੂੰ ਦੇਖਿਆ। ਉਨ੍ਹਾਂ ਦੇ ਸਿਰ 'ਤੇ ਦਸਤਾਰ ਸੀ। ਚਿਹਰੇ 'ਤੇ ਲੰਮੀ ਦਾੜ੍ਹੀ ਸੀ। ਕਾਤਲ ਨੇ ਪੰਜ ਗੋਲੀਆਂ ਚਲਾ ਦਿੱਤੀਆਂ। ਬਲਬੀਰ ਸਿੰਘ ਸੋਢੀ ਮੌਕੇ 'ਤੇ ਹੀ ਮਾਰੇ ਗਏ।

ਇਹ ਅਮਰੀਕਾ ਵਿੱਚ 9/11 ਤੋਂ ਬਾਅਦ ਪਹਿਲਾ ਨਫ਼ਰਤੀ ਕਤਲ ਸੀ। ਸੋਢੀ ਸਾਹਿਬ ਦਾ ਕਸੂਰ ਸਿਰਫ਼ ਉਨ੍ਹਾਂ ਦਾ ਸਰੂਪ ਸੀ। ਕਾਤਲ ਨੇ ਬਾਅਦ ਵਿੱਚ ਕਿਹਾ ਕਿ ਉਹ ਦੇਸ਼ ਭਗਤ ਹੈ। ਪਰ ਉਹ ਅਸਲ ਵਿੱਚ ਅੰਨ੍ਹੀ ਨਫ਼ਰਤ ਦਾ ਸ਼ਿਕਾਰ ਸੀ। ਇਸ ਕਤਲ ਨੇ ਦੁਨੀਆ ਭਰ ਦੇ ਸਿੱਖਾਂ ਨੂੰ ਕੰਬਾ ਦਿੱਤਾ। ਪਰਵਾਸ ਵਿੱਚ ਬੈਠੇ ਪੰਜਾਬੀਆਂ ਦੇ ਦਿਲ ਦਹਿਲ ਗਏ। ਹਰ ਦਸਤਾਰਧਾਰੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗਾ।

ਗਲੀਆਂ ਅਤੇ ਬਾਜ਼ਾਰਾਂ ਵਿੱਚ ਸਿੱਖਾਂ ਨਾਲ ਨਸਲੀ ਵਿਹਾਰ ਕੀਤਾ ਜਾਂਦਾ ਸੀ। ਸਿੱਖਾਂ ਨੂੰ 'ਓਸਾਮਾ' ਅਤੇ 'ਅੱਤਵਾਦੀ' ਕਹਿ ਕੇ ਪੁਕਾਰਿਆ ਜਾਂਦਾ ਸੀ। ਗੈਸ ਸਟੇਸ਼ਨਾਂ 'ਤੇ ਕੰਮ ਕਰਨਾ ਖ਼ਤਰਨਾਕ ਹੋ ਗਿਆ ਸੀ। ਸਿੱਖ ਟੈਕਸੀ ਡਰਾਈਵਰਾਂ 'ਤੇ ਜਾਨਲੇਵਾ ਹਮਲੇ ਹੋਏ ਸਨ। ਸੁਪਰਮਾਰਕੀਟਾਂ ਵਿੱਚ ਲੋਕ ਸਿੱਖਾਂ ਤੋਂ ਦੂਰ ਭੱਜਦੇ ਸਨ। ਹਵਾਈ ਅੱਡਿਆਂ 'ਤੇ ਸਿੱਖਾਂ ਨੂੰ ਘੰਟਿਆਂ ਬੱਧੀ ਰੋਕਿਆ ਜਾਂਦਾ ਸੀ। ਉਨ੍ਹਾਂ ਦੀਆਂ ਦਸਤਾਰਾਂ ਲਾਹ ਕੇ ਤਲਾਸ਼ੀ ਲਈ ਜਾਂਦੀ ਸੀ।

### ਘਰਾਂ ਅੰਦਰ ਪਛਾਣ ਦਾ ਸੰਕਟ ਅਤੇ ਡਰ ਦਾ ਸਹਿਮ

ਨਫ਼ਰਤ ਦਾ ਸਭ ਤੋਂ ਵੱਡਾ ਅਸਰ ਬੱਚਿਆਂ 'ਤੇ ਪਿਆ ਸੀ। ਸਿੱਖ ਬੱਚੇ ਸਕੂਲ ਜਾਣ ਤੋਂ ਡਰਨ ਲੱਗੇ ਸਨ। ਕਲਾਸਾਂ ਵਿੱਚ ਦੂਜੇ ਬੱਚੇ ਉਨ੍ਹਾਂ ਦਾ ਮਜ਼ਾਕ ਉਡਾਉਂਦੇਸਨ। ਉਨ੍ਹਾਂ ਨੂੰ 'ਬੰਬ ਬਣਾਉਣ ਵਾਲੇ' ਕਿਹਾ ਜਾਂਦਾ ਸੀ। ਅਧਿਆਪਕ ਵੀ ਕਈ ਵਾਰ ਚੁੱਪ ਰਹਿੰਦੇ ਸਨ।

ਨੌਜਵਾਨ ਪੀੜ੍ਹੀ ਅੰਦਰ ਹੀਣ-ਭਾਵਨਾ ਘਰ ਕਰ ਗਈ ਸੀ। ਕਈ ਸਿੱਖ ਨੌਜਵਾਨ ਆਪਣੀ ਪਛਾਣ ਲੁਕਾਉਣ ਲੱਗੇ ਸਨ। ਕੁਝ ਨੇ ਕਮਜ਼ੋਰ ਪੈ ਕੇ ਕੇਸ ਕਟਵਾ ਲਏ ਸਨ ਤਾਂ ਜੋ ਨਸਲਵਾਦ ਤੋਂ ਬਚ ਸਕਣ। ਸਦੀਆਂ ਪੁਰਾਣੀ ਸਿੱਖ ਸ਼ਾਨ ਦਹਿਸ਼ਤ ਦੇ ਪਰਛਾਵੇਂ ਹੇਠ ਆ ਗਈ ਸੀ। ਮੁਸਲਿਮ ਔਰਤਾਂ ਨੇ ਹਿਜਾਬ ਲਾਹੁਣੇ ਸ਼ੁਰੂ ਕਰ ਦਿੱਤੇ ਸਨ। ਕਈਆਂ ਨੇ ਆਪਣੇ ਨਾਂ ਬਦਲ ਲਏ ਸਨ। ਹਰ ਕੋਈ ਆਪਣੇ ਵਜੂਦ ਨੂੰ ਬਚਾਉਣ ਦੇ ਫ਼ਿਕਰ ਵਿੱਚ ਸੀ।

### ਓਕ ਕਰੀਕ ਦਾ ਖ਼ੂਨੀ ਸਾਕਾ: ਗੁਰਧਾਮਾਂ 'ਤੇ ਕਹਿਰ

ਇਹ ਨਫ਼ਰਤ ਸਮੇਂ ਦੇ ਨਾਲ ਘਟੀ ਨਹੀਂ, ਸਗੋਂ ਵਧਦੀ ਗਈ ਸੀ। 5 ਅਗਸਤ 2012 ਦੀ ਸਵੇਰ ਆਈ। ਵਿਸਕਾਨਸਿਨ ਸੂਬੇ ਦਾ ਓਕ ਕਰੀਕ ਸ਼ਹਿਰ ਸੀ। ਐਤਵਾਰ ਦਾ ਦਿਨ ਸੀ। ਗੁਰਦੁਆਰਾ ਸਾਹਿਬ ਵਿੱਚ ਸੰਗਤ ਜੁੜੀ ਹੋਈ ਸੀ। ਅਚਾਨਕ ਬਾਹਰੋਂ ਗੋਲੀਆਂ ਚੱਲਣ ਦੀ ਆਵਾਜ਼ ਆਈ। ਮਾਈਕਲ ਪੇਜ ਨਾਂ ਦਾ ਨਸਲਵਾਦੀ ਅੰਦਰ ਵੜ ਗਿਆ। ਉਸ ਦੇ ਹੱਥ ਵਿੱਚ ਆਟੋਮੈਟਿਕ ਪਿਸਤੌਲ ਸੀ। ਉਸ ਨੇ ਅੰਨ੍ਹੇਵਾਹ ਫਾਇਰਿੰਗ ਸ਼ੁਰੂ ਕਰ ਦਿੱਤੀ ਸੀ। ਗੁਰਦੁਆਰੇ ਦੇ ਪ੍ਰਧਾਨ ਸਤਵੰਤ ਸਿੰਘ ਕਾਲੇਕਾ ਅੱਗੇ ਵਧੇ। ਉਨ੍ਹਾਂ ਨੇ ਹਮਲਾਵਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕੋਲ ਸਿਰਫ਼ ਇੱਕ ਛੋਟੀ ਕ੍ਰਿਪਾਨ ਸੀ। ਉਨ੍ਹਾਂ ਨੇ ਸੰਗਤ ਨੂੰ ਬਚਾਉਣ ਲਈ ਆਪਣੀ ਛਾਤੀ ਡਾਹ ਦਿੱਤੀ। ਉਹ ਉੱਥੇ ਹੀ ਸ਼ਹੀਦ ਹੋ ਗਏ।

ਪੰਜ ਹੋਰ ਗੁਰਸਿੱਖ ਸ਼ਹੀਦ ਹੋ ਗਏ ਸਨ। ਗੁਰਦੁਆਰੇ ਦਾ ਫ਼ਰਸ਼ ਲਹੂ ਨਾਲ ਲਾਲ ਹੋ ਗਿਆ ਸੀ। ਕੰਧਾਂ 'ਤੇ ਗੋਲੀਆਂ ਦੇ ਨਿਸ਼ਾਨ ਛਪ ਗਏ ਸਨ। ਇੱਕ ਜ਼ਖ਼ਮੀ ਸਿੰਘ ਸਾਲਾਂ ਬਾਅਦ ਦਮ ਤੋੜ ਗਿਆ। ਹਮਲਾਵਰ ਨੇ ਬਾਅਦ ਵਿੱਚ ਖ਼ੁਦ ਨੂੰ ਵੀ ਗੋਲੀ ਮਾਰ ਲਈ। ਇਹ ਹਮਲਾ ਸਿੱਖ ਕੌਮ ਦੇ ਸੀਨੇ 'ਤੇ ਵੱਡਾ ਜ਼ਖ਼ਮ ਸੀ। ਪਰ ਸਿੱਖਾਂ ਨੇ ਇਸ ਦਰਦ ਨੂੰ ਵੀ ਹਜ਼ਮ ਕੀਤਾ। ਸੰਗਤ ਨੇ ਕੋਈ ਹਿੰਸਾ ਨਹੀਂ ਕੀਤੀ। ਉਨ੍ਹਾਂ ਨੇ ਕੋਈ ਭੰਨਤੋੜ ਨਹੀਂ ਕੀਤੀ। ਉਨ੍ਹਾਂ ਨੇ ਗੁਰੂ ਅੱਗੇ ਅਰਦਾਸ ਕੀਤੀ। ਹਮਲਾਵਰ ਦੇ ਪਰਿਵਾਰ ਨੂੰ ਵੀ ਮੁਆਫ਼ੀ ਦਾ ਸੰਦੇਸ਼ ਦਿੱਤਾ। ਇਸ ਸਬਰ ਨੇ ਅਮਰੀਕਾ ਦੇ ਹੋਸ਼ ਉਡਾ ਦਿੱਤੇ।

### ਪੰਥਕ ਜਥੇਬੰਦੀਆਂ ਦਾ ਜਥੇਬੰਦਕ ਸੰਘਰਸ਼

ਇਸ ਦੌਰ ਵਿੱਚ ਪੰਥਕ ਸੰਸਥਾਵਾਂ ਨੇ ਕਮਰ ਕੱਸੀ। ਉਹ ਘਰਾਂ ਵਿੱਚ ਬੈਠਣ ਦੀ ਬਜਾਏ ਮੈਦਾਨ ਵਿੱਚ ਉੱਤਰੀਆਂ। 'ਦ ਸਿੱਖ ਕੋਲੀਸ਼ਨ' ਬਣਾਈ ਗਈ। 'ਯੂਨਾਈਟਿਡ ਸਿੱਖਸ' ਨੇ ਮੋਰਚਾ ਸੰਭਾਲਿਆ। 'ਨਸਲਵਾਦ' ਵਿਰੁੱਧ ਸਿੱਖ ਪਛਾਣ ਲਈ ਪ੍ਰਚਾਰ ਤੇਜ਼ ਕੀਤਾ ਗਿਆ। ਉਨ੍ਹਾਂ ਨੇ ਮੀਡੀਆ ਦਫ਼ਤਰਾਂ ਦੇ ਦਰਵਾਜ਼ੇ ਖੜਕਾਏ।

ਪਹਿਲਾ ਕੰਮ ਕਾਨੂੰਨੀ ਅਧਿਕਾਰਾਂ ਦਾ ਸੀ। ਸਿੱਖਾਂ ਖ਼ਿਲਾਫ਼ ਹੁੰਦੇ ਜੁਰਮਾਂ ਨੂੰ ਵੱਖਰਾ







ਦਰਜ ਕਰਵਾਇਆ ਗਿਆ। ਐਫ.ਬੀ.ਆਈ. ਨੂੰ ਆਪਣਾ ਸਿਸਟਮ ਬਦਲਣਾ ਪਿਆ। ਹੁਣ ਸਿੱਖਾਂ 'ਤੇ ਹਮਲੇ ਵੱਖਰੇ ਤੌਰ 'ਤੇ ਗਿਣੇ ਜਾਣ ਲੱਗੇ। ਇਸ ਸੰਘਰਸ਼ ਵਿੱਚ ਕਨੈਟੀਕਟ ਮੇਅਰ ਸਵਰਨਜੀਤ ਸਿੰਘ ਖ਼ਾਲਸਾ ਦੀ ਅਹਿਮ ਭੂਮਿਕਾ ਤੇ ਯੋਗ ਅਗਵਾਈ ਸੀ। ਸਵਰਨਜੀਤ ਸਿੰਘ ਖ਼ਾਲਸਾ ਨੇ ਅਮਰੀਕਾ (ਖ਼ਾਸ ਕਰਕੇ ਕਨੈਕਟੀਕਟ ਸੂਬੇ ਦੇ ਨਾਰਵਿਚ ਸ਼ਹਿਰ) ਵਿੱਚ ਨਸਲਵਾਦ, ਨਫ਼ਰਤੀ ਅਪਰਾਧਾਂ ਅਤੇ ਸਿੱਖ ਪਛਾਣ ਬਾਰੇ ਫੈਲੀਆਂ ਗ਼ਲਤਫ਼ਹਿਮੀਆਂ ਵਿਰੁੱਧ ਜ਼ਮੀਨੀ ਪੱਧਰ 'ਤੇ ਅਹਿਮ ਭੂਮਿਕਾ ਨਿਭਾਈ ਹੈ। ਨਸਲਵਾਦ ਨਾਲ ਇਕੱਲਿਆਂ ਲੜਨ ਦੀ ਬਜਾਏ ਉਨ੍ਹਾਂ ਨੇ ਨਾਰਵਿਚ ਏਰੀਆ ਇੰਟਰਫੇਥ ਐਸੋਸੀਏਸ਼ਨ ਨਾਲ ਮਿਲ ਕੇ ਇਸਾਈ, ਯਹੂਦੀ, ਮੁਸਲਿਮ ਅਤੇ ਕਾਲੇ ਭਾਈਚਾਰੇ ਦੇ ਆਗੂਆਂ ਨੂੰ ਇੱਕ ਮੰਚ 'ਤੇ ਇਕੱਠਾ ਕੀਤਾ। ਜਦੋਂ ਵੀ ਕਿਸੇ ਘੱਟ-ਗਿਣਤੀ ਜਾਂ ਪਰਵਾਸੀ ਸਮੂਹ 'ਤੇ ਨਸਲੀ ਟਿੱਪਣੀ ਹੁੰਦੀ, ਤਾਂ ਉਹ ਸਾਂਝੀ ਆਵਾਜ਼ ਬਣ ਕੇ ਅੱਗੇ ਆਉਂਦੇ। ਉਹ ਨਾਰਵਿੱਚ ਸ਼ਹਿਰ ਦੇ ਪਹਿਲੇ ਸਿੱਖ ਸਿਟੀ ਕੌਂਸਲਰ ਬਣੇ ਅਤੇ ਬਾਅਦ ਵਿੱਚ ਸ਼ਹਿਰ ਦੇ ਮੇਅਰ ਵਜੋਂ ਚੁਣੇ ਗਏ।

ਦੂਜੀ ਵੱਡੀ ਲੜਾਈ ਫ਼ੌਜ ਅਤੇ ਪੁਲਿਸ ਵਿੱਚ ਲੜੀ ਗਈ। ਅਮਰੀਕੀ ਫ਼ੌਜ ਵਿੱਚ ਦਾੜ੍ਹੀ ਅਤੇ ਦਸਤਾਰ 'ਤੇ ਪਾਬੰਦੀ ਸੀ। ਸਿੱਖ ਅਫ਼ਸਰਾਂ ਨੇ ਇਸ ਵਿਰੁੱਧ ਆਵਾਜ਼ ਉਠਾਈ। ਕੈਪਟਨ ਕਮਲਜੀਤ ਸਿੰਘ ਕਲਸੀ ਵਰਗੇ ਜਵਾਨਾਂ ਨੇ ਹੱਕ ਮੰਗਿਆ। ਲੰਬੀ ਕਾਨੂੰਨੀ ਲੜਾਈ ਚੱਲੀ। ਅਖ਼ੀਰ ਅਮਰੀਕੀ ਰੱਖਿਆ ਵਿਭਾਗ ਝੁਕਿਆ। ਸਿੱਖਾਂ ਨੂੰ ਦਸਤਾਰ ਸਮੇਤ ਫ਼ੌਜ ਵਿੱਚ ਭਰਤੀ ਦੀ ਇਜਾਜ਼ਤ ਮਿਲੀ। ਨਿਊਯਾਰਕ ਪੁਲਿਸ ਨੇ ਵੀ ਦਸਤਾਰ ਨੂੰ ਮਾਨਤਾ ਦਿੱਤੀ। ਅੱਜ ਦਸਤਾਰਧਾਰੀ ਸਿੱਖ ਪੁਲਿਸ ਵਾਲੇ ਨਿਊਯਾਰਕ ਦੀਆਂ ਸੜਕਾਂ 'ਤੇ ਗਸ਼ਤ ਕਰਦੇ ਹਨ।

ਤੀਜੀ ਵੱਡੀ ਲੜਾਈ ਸਕੂਲਾਂ ਵਿੱਚ ਸੀ। ਜਥੇਬੰਦੀਆਂ ਨੇ ਸਰਕਾਰਾਂ ਨਾਲ ਗੱਲਬਾਤ ਕੀਤੀ। ਕੈਲੀਫੋਰਨੀਆ, ਨਿਊਯਾਰਕ ਸਮੇਤ ਕਈ ਸੂਬਿਆਂ ਦੇ ਸਿਲੇਬਸ ਬਦਲੇ ਗਏ। ਸਕੂਲੀ ਕਿਤਾਬਾਂ ਵਿੱਚ ਸਿੱਖ ਇਤਿਹਾਸ ਸ਼ਾਮਲ ਹੋਇਆ। ਬੱਚਿਆਂ ਨੂੰ ਸਿੱਖ ਧਰਮ ਦੇ ਅਸੂਲ ਪੜ੍ਹਾਏ ਜਾਣ ਲੱਗੇ। ਸਕੂਲਾਂ ਵਿੱਚ ਬੁਲਿੰਗ ਵਿਰੋਧੀ ਸੈਮੀਨਾਰ ਲੱਗੇ। ਇਸ ਨਾਲ ਨਵੀਂ ਪੀੜ੍ਹੀ ਦੀ ਸੁਰੱਖਿਆ ਮਜ਼ਬੂਤ ਹੋਈ।

ਚੌਥਾ ਕੰਮ ਲੋਕਾਂ ਵਿੱਚ ਜਾ ਕੇ ਜਾਗਰੂਕਤਾ ਫੈਲਾਉਣਾ ਸੀ। ਨਿਊਯਾਰਕ ਦੇ ਟਾਈਮਜ਼ ਸਕੁਏਅਰ 'ਤੇ 'ਦਸਤਾਰ ਦਿਵਸ' ਮਨਾਇਆ ਗਿਆ। ਹਜ਼ਾਰਾਂ ਅਮਰੀਕੀਆਂ ਦੇ ਸਿਰਾਂ 'ਤੇ ਦਸਤਾਰਾਂ ਸਜਾਈਆਂ ਗਈਆਂ। ਗੋਰੇ-ਕਾਲੇ ਲੋਕ ਦਸਤਾਰ ਬੰਨ੍ਹ ਕੇ ਖ਼ੁਸ਼ ਹੁੰਦੇ ਸਨ। ਦਸਤਾਰ ਦਾ ਡਰ ਪਿਆਰ ਵਿੱਚ ਬਦਲ ਗਿਆ। ਲੋਕਾਂ ਨੂੰ ਪਤਾ ਲੱਗਾ ਕਿ ਦਸਤਾਰ ਬਰਾਬਰੀ ਦਾ ਪ੍ਰਤੀਕ ਹੈ। ਇਹ ਜ਼ੁਲਮ ਵਿਰੁੱਧ ਖੜ੍ਹਨ ਵਾਲੇ ਸੂਰਬੀਰਾਂ ਦਾ ਤਾਜ ਹੈ।

### ਗੁਰਦੁਆਰਿਆਂ ਦੇ ਖੁੱਲ੍ਹੇ ਬੂਹੇ ਅਤੇ ਸਾਂਝੀਵਾਲਤਾ

ਸਿੱਖਾਂ ਦੇ ਧਾਰਮਿਕ ਅਸਥਾਨ ਸਿਰਫ਼ ਇਬਾਦਤਗਾਹਾਂ ਨਹੀਂ ਰਹੇ। ਉਹ ਲੋਕ-ਸੰਪਰਕ ਦੇ ਕੇਂਦਰ ਬਣ ਗਏ। ਗੁਰਦੁਆਰਾ ਕਮੇਟੀਆਂ ਨੇ ਗ਼ੈਰ-ਸਿੱਖਾਂ ਨੂੰ ਸੱਦੇ ਦਿੱਤੇ। ਪੁਲਿਸ ਮੁਖੀਆਂ ਅਤੇ ਮੇਅਰਾਂ ਨੂੰ ਸੱਦਿਆ ਗਿਆ। ਈਸਾਈ ਪਾਦਰੀਆਂ ਅਤੇ ਯਹੂਦੀ ਰੱਬੀਆਂ ਨਾਲ ਬੈਠਕਾਂ ਹੋਈਆਂ।

ਸਭ ਨੂੰ ਪੰਗਤ ਵਿੱਚ ਬਿਠਾ ਕੇ ਲੰਗਰ ਛਕਾਇਆ ਗਿਆ। ਲੰਗਰ ਦਾ ਅਰਥ ਸਮਝਾਇਆ ਗਿਆ। ਉਨ੍ਹਾਂ ਨੂੰ ਦੱਸਿਆ ਗਿਆ ਕਿ ਇੱਥੇ ਕੋਈ ਛੋਟਾ-ਵੱਡਾ ਨਹੀਂ ਹੈ। ਹਰ ਕੋਈ ਬਰਾਬਰ ਹੈ। ਇਸ ਜਦੋਂ ਜਹਿਦ ਨਾਲ ਸ਼ੱਕ ਦੀਆਂ ਕੰਧਾਂ ਹੌਲੀ-ਹੌਲੀ ਡਿੱਗਣ ਲੱਗੀਆਂ। ਪਿਆਰ ਦੇ ਪੁਲ ਬਣਨੇ ਸ਼ੁਰੂ ਹੋ ਗਏ।

### ਕੋਵਿਡ-19 ਮਹਾਂਮਾਰੀ: ਸੇਵਾ ਦਾ ਸਭ ਤੋਂ ਵੱਡਾ ਇਮਤਿਹਾਨ

2020 ਦਾ ਸਾਲ ਮਨੁੱਖਤਾ ਲਈ ਬਹੁਤ ਔਖਾ ਆਇਆ। ਕੋਵਿਡ-19 (ਕਰੋਨਾ) ਦੀ ਮਹਾਂਮਾਰੀ ਨੇ ਦੁਨੀਆ ਨੂੰ ਘੇਰ ਲਿਆ। ਅਮਰੀਕਾ ਵਿੱਚ ਹਾਹਾਕਾਰ ਮੱਚ ਗਈ। ਨਿਊਯਾਰਕ ਸ਼ਹਿਰ ਇਸ ਦਾ ਮੁੱਖ ਕੇਂਦਰ ਬਣ ਗਿਆ। ਹਰ ਪਾਸੇ ਐਂਬੂਲੈਂਸਾਂ ਦੇ ਸਾਇਰਨ ਵੱਜ ਰਹੇ ਸਨ। ਹਸਪਤਾਲ ਮਰੀਜ਼ਾਂ ਨਾਲ ਭਰ ਗਏ। ਲਾਸ਼ਾਂ ਸੰਭਾਲਣੀਆਂ ਔਖੀਆਂ ਹੋ ਗਈਆਂ। ਸਰਕਾਰ ਨੇ ਮੁਕੰਮਲ ਲੌਕਡਾਊਨ ਲਗਾ ਦਿੱਤਾ।

ਸਾਰੀਆਂ ਦੁਕਾਨਾਂ ਅਤੇ ਹੋਟਲ ਬੰਦ ਹੋ ਗਏ। ਕੰਮ-ਕਾਰ ਠੱਪ ਹੋ ਗਏ। ਦਿਹਾੜੀਦਾਰ ਲੋਕ ਭੁੱਖੇ ਮਰਨ ਲੱਗੇ। ਬੇਘਰ ਲੋਕਾਂ ਦਾ ਕੋਈ ਸਹਾਰਾ ਨਾ ਰਿਹਾ। ਰਿਸ਼ਤੇਦਾਰ ਇੱਕ-ਦੂਜੇ ਤੋਂ ਦੂਰ ਭੱਜ ਰਹੇ ਸਨ। ਕੋਈ ਕਿਸੇ ਦੇ ਨੇੜੇ ਜਾਣ ਨੂੰ ਤਿਆਰ ਨਹੀਂ ਸੀ। ਲੋਕ ਘਰਾਂ ਵਿੱਚ ਕੈਦ ਹੋ ਕੇ ਰਹਿ ਗਏ। ਚਾਰੇ ਪਾਸੇ ਮੌਤ ਦਾ ਸਹਿਮ ਸੀ।

ਅਜਿਹੇ ਭਿਆਨਕ ਸਮੇਂ ਵਿੱਚ ਸਿੱਖਾਂ ਨੇ ਇਤਿਹਾਸ ਰਚਿਆ। ਜਦੋਂ ਸਾਰੇ ਦਰਵਾਜ਼ੇ ਬੰਦ ਸਨ, ਗੁਰੂ ਕੇ ਲੰਗਰ ਖੁੱਲ੍ਹੇ ਸਨ। ਨਿਊਯਾਰਕ ਦੇ ਗੁਰਦੁਆਰਾ ਸਾਹਿਬਾਨਾਂ ਵਿੱਚ ਚੁੱਲ੍ਹੇ 24 ਘੰਟੇ ਬਲਣ ਲੱਗੇ। ਕੁਈਨਜ਼, ਰਿਚਮੰਡ ਹਿੱਲ ਅਤੇ ਲਾਂਗ ਆਈਲੈਂਡ ਦੇ ਗੁਰਦੁਆਰਿਆਂ ਵਿੱਚ ਵੱਡੀ ਪੱਧਰ 'ਤੇ ਲੰਗਰ ਤਿਆਰ ਹੋਣ ਲੱਗਾ। ਸੰਗਤਾਂ ਨੇ ਸਾਰੀ-ਸਾਰੀ ਰਾਤ ਰੋਟੀਆਂ ਪਕਾਈਆਂ। ਸਬਜ਼ੀਆਂ ਬਣਾਈਆਂ। ਗਰਮ ਖਾਣਾ ਪੈਕ ਕੀਤਾ।

ਰੋਜ਼ਾਨਾ ਹਜ਼ਾਰਾਂ ਨਹੀਂ, ਸਗੋਂ ਲੱਖਾਂ ਫੂਡ ਪੈਕੇਟ ਵੰਡੇ ਗਏ। ਸਿੱਖ ਨੌਜਵਾਨ ਆਪਣੀਆਂ ਕਾਰਾਂ ਲੈ ਕੇ ਸੜਕਾਂ 'ਤੇ ਨਿਕਲੇ। ਉਨ੍ਹਾਂ ਨੇ ਮਾਸਕ ਪਾਏ। ਉਨ੍ਹਾਂ ਨੇ ਦਸਤਾਨੇ ਪਾਏ। ਉਨ੍ਹਾਂ ਨੇ ਭੁੱਖੇ ਲੋਕਾਂ ਤੱਕ ਖਾਣਾ ਪਹੁੰਚਾਇਆ। ਬੇਘਰ ਲੋਕਾਂ ਨੂੰ ਗਰਮ ਦਾਲ-ਫੁਲਕਾ ਛਕਾਇਆ। ਬਜ਼ੁਰਗਾਂ ਦੇ ਘਰਾਂ ਤੱਕ ਸੁੱਕਾ ਰਾਸ਼ਨ ਅਤੇ ਦਵਾਈਆਂ ਪਹੁੰਚਾਈਆਂ ਗਈਆਂ।

ਹਸਪਤਾਲਾਂ ਦੇ ਬਾਹਰ ਡਾਕਟਰਾਂ ਅਤੇ ਨਰਸਾਂ ਲਈ ਲੰਗਰ ਲਗਾਇਆ ਗਿਆ। ਉਹ ਫਰੰਟ ਲਾਈਨ 'ਤੇ ਲੜ ਰਹੇ ਸਨ। ਉਨ੍ਹਾਂ ਕੋਲ ਖਾਣਾ ਖਾਣ ਦਾ ਸਮਾਂ ਨਹੀਂ ਸੀ। ਸਿੱਖਾਂ ਨੇ ਜਾ ਕੇ ਉਨ੍ਹਾਂ ਦੇ ਹੱਥਾਂ ਵਿੱਚ ਗਰਮ ਖਾਣਾ ਫੜਾਇਆ। ਨਿਊਯਾਰਕ ਦੇ ਮੇਅਰ ਨੇ ਖ਼ੁਦ ਸਿੱਖਾਂ ਤੋਂ ਮਦਦ ਮੰਗੀ। ਸਿੱਖ ਸੰਸਥਾਵਾਂ ਨੇ ਸਰਕਾਰ ਨੂੰ ਹਜ਼ਾਰਾਂ ਖਾਣੇ ਦੇ ਪੈਕੇਟ ਮੁਹੱਈਆ ਕਰਵਾਏ।

ਅਮਰੀਕੀ ਮੀਡੀਆ ਨੇ ਇਸ ਸੇਵਾ ਨੂੰ ਪ੍ਰਮੁੱਖਤਾ ਨਾਲ ਦਿਖਾਇਆ। ਸੀ.ਐਨ.ਐਨ., ਬੀ.ਬੀ.ਸੀ. ਅਤੇ ਫਾਕਸ ਨਿਊਜ਼ 'ਤੇ ਸਿੱਖਾਂ ਦੇ ਲੰਗਰ ਦੀਆਂ ਖ਼ਬਰਾਂ ਚੱਲੀਆਂ। ਐਂਕਰਾਂ ਨੇ ਕਿਹਾ ਕਿ ਸਿੱਖ ਦੂਤ ਬਣ ਕੇ ਆਏ ਹਨ। ਜਿਨ੍ਹਾਂ ਅਮਰੀਕੀਆਂ ਨੇ ਕਦੇ ਸਿੱਖਾਂ ਨੂੰ ਗਾਲ੍ਹਾਂ ਕੱਢੀਆਂ ਸਨ, ਅੱਜ ਉਹ ਹੱਥ ਜੋੜ ਕੇ ਧੰਨਵਾਦ ਕਰ ਰਹੇ ਸਨ। ਮਨੁੱਖਤਾ ਦੀ ਇਸ ਸੇਵਾ ਨੇ ਸਾਰੇ ਪੁਰਾਣੇ ਭਰਮ ਤੋੜ ਦਿੱਤੇ। (ਬਾਕੀ ਸਫ਼ਾ 27 'ਤੇ)

# ਪੰਥਕ ਸਿਆਸਤ ਦਾ ਨਿਘਾਰ - ਲੋਕ-ਮੁੱਦਿਆਂ ਦੀ ਥਾਂ ਆਪਸੀ ਭੇੜ ਦਾ ਅਖਾੜਾ

## ਵਿਚਾਰਧਾਰਕ ਖੜੋਤ: ਕੁਰਸੀ ਦੀ ਲੜਾਈ ਵਿੱਚ ਗੁਆਚੇ ਪੰਜਾਬ ਦੇ ਹਕੀਕੀ ਸੰਕਟ

## ਪੰਥਕ ਧੜੇਬੰਦੀ ਦਾ ਸੰਤਾਪ: ਆਪਸੀ ਟਕਰਾਅ ਨਾਲ ਕਮਜ਼ੋਰ ਹੁੰਦੀ ਪੰਜਾਬ ਦੀ ਖੇਤਰੀ ਆਵਾਜ਼

ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸੂਬੇ ਦੀ ਪੰਥਕ ਸਿਆਸਤ ਵਿੱਚ ਵੱਡਾ ਘਮਾਸਾਨ ਛਿੜ ਗਿਆ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ 'ਵਾਰਿਸ ਪੰਜਾਬ ਦੇ' ਨਾਲ ਜੁੜੀ ਸਿਆਸੀ ਧਿਰ ਵਿਚਾਲੇ ਖਡੂਰ ਸਾਹਿਬ ਹਲਕੇ ਤੋਂ ਸ਼ੁਰੂ ਹੋਈ ਸ਼ਬਦੀ ਜੰਗ ਨੇ ਪੰਥਕ ਹਲਕਿਆਂ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਗੋਇੰਦਵਾਲ ਸਾਹਿਬ ਰੈਲੀ ਦੌਰਾਨ ਦਿੱਤੇ ਬਿਆਨਾਂ ਤੋਂ ਬਾਅਦ ਦੋਵਾਂ ਧਿਰਾਂ ਵਿਚਾਲੇ ਆਪਸੀ ਤਿੱਖੀ ਬਿਆਨ ਦਾ ਦੌਰ ਤੇਜ਼ ਹੋ ਗਿਆ ਹੈ।

ਸ੍ਰੀ ਗੋਇੰਦਵਾਲ ਸਾਹਿਬ ਵਿਖੇ ਪਾਰਟੀ ਦੀ 'ਪੰਜਾਬ ਬਚਾਓ ਰੈਲੀ' ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ 'ਵਾਰਿਸ ਪੰਜਾਬ ਦੇ' ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਇਸ ਧਿਰ ਦਾ ਮਕਸਦ ਪੰਥਕ ਹਿੱਤਾਂ ਦੀ ਰਾਖੀ ਕਰਨਾ ਜਾਂ ਬੰਦੀ ਸਿੰਘਾਂ ਦੀ ਰਿਹਾਈ ਨਹੀਂ, ਸਗੋਂ ਸਿਰਫ਼ ਪੰਥਕ ਵੋਟਾਂ ਕੱਟਣਾ ਹੈ। ਸੁਖਬੀਰ ਬਾਦਲ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦਾ 'ਅਸਲੀ ਵਾਰਿਸ' ਅਤੇ ਖੇਤਰੀ ਹੱਕਾਂ ਦੀ ਰਾਖੀ ਕਰਨ ਵਾਲੀ ਇਕਲੌਤੀ ਧਿਰ ਹੈ। ਉਨ੍ਹਾਂ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਰਾਤੋ-ਰਾਤ ਖੜ੍ਹੀਆਂ ਹੋਣ ਵਾਲੀਆਂ ਪਾਰਟੀਆਂ ਕੋਲ ਸੰਘਰਸ਼ ਦਾ ਕੋਈ ਇਤਿਹਾਸ ਨਹੀਂ ਹੈ। ਇਸ ਦੌਰਾਨ ਉਨ੍ਹਾਂ 'ਆਪ' ਅਤੇ ਕਾਂਗਰਸ 'ਤੇ ਪੰਜਾਬ ਨੂੰ ਲੁੱਟਣ ਦੇ ਦੋਸ਼ ਲਾਉਂਦਿਆਂ ਕਿਸਾਨਾਂ, ਨੌਜਵਾਨਾਂ ਅਤੇ ਗਰੀਬ ਵਰਗ ਲਈ ਟਿਊਬਵੈੱਲ ਕੁਨੈਕਸ਼ਨ, ਵਿਆਜ ਮੁਕਤ ਕਰਜ਼ੇ ਅਤੇ ਸ਼ਗਨ ਸਕੀਮਾਂ ਸਮੇਤ ਕਈ ਲੋਕ-ਲੁਭਾਊ ਐਲਾਨ ਵੀ ਕੀਤੇ।

?ਦੂਜੇ ਪਾਸੇ, 'ਵਾਰਿਸ ਪੰਜਾਬ ਦੇ' ਨਾਲ ਜੁੜੇ ਆਗੂਆਂ ਅਤੇ ਬੁੱਧੀਜੀਵੀਆਂ ਨੇ ਸੁਖਬੀਰ ਬਾਦਲ ਦੇ ਬਿਆਨਾਂ 'ਤੇ ਤਿੱਖਾ ਪਲਟਵਾਰ ਕੀਤਾ ਹੈ।ਵਾਰਿਸ ਪੰਜਾਬ ਦੇ ਚਿੰਤਕ ਅਮਰੀਕ ਸਿੰਘ ਮੁਕਤਸਰ ਨੇ ਬਾਦਲ ਪਰਿਵਾਰ ਨੂੰ ਮਿਲ ਰਹੀ ਸਰਕਾਰੀ ਸੁਰੱਖਿਆ ਅਤੇ ਖ਼ਰਚਿਆਂ 'ਤੇ ਸਵਾਲ ਚੁੱਕਦਿਆਂ ਦੋਸ਼ ਲਾਇਆ ਕਿ ਸਰਕਾਰਾਂ ਆਪਣੇ ਵਫ਼ਾਦਾਰ ਆਗੂਆਂ ਦੀ ਪੁਸ਼ਤਪਨਾਹੀ ਕਰਦੀਆਂ ਹਨ, ਜਦਕਿ ਕੌਮੀ ਪਛਾਣ ਅਤੇ ਹੋਂਦ ਦੀ




ਲੜਾਈ ਲੜਨ ਵਾਲੇ ਭਾਈ ਅੰਮ੍ਰਿਤਪਾਲ ਸਿੰਘ ਵਰਗੇ ਆਗੂਆਂ 'ਤੇ ਤਸ਼ੱਦਦ ਅਤੇ ਕਿਰਦਾਰਕੁਸ਼ੀ ਦੀਆਂ ਸਾਜ਼ਿਸ਼ਾਂ ਘੜੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਬਾਦਲ ਦਲ ਸਿੱਖ ਸੰਸਥਾਵਾਂ ਦੇ ਨਿਘਾਰ ਲਈ ਜ਼ਿੰਮੇਵਾਰ ਹੈ ਅਤੇ ਪੰਥਕ ਹਿੱਤਾਂ ਦੀ ਰਾਖੀ ਲਈ ਸਿੱਖ ਸਿਆਸਤ ਨੂੰ ਇਸ ਪਰਿਵਾਰ ਦੇ ਗ਼ਲਬੇ ਤੋਂ ਮੁਕਤ ਕਰਵਾਉਣਾ ਜ਼ਰੂਰੀ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਥਕ ਧਿਰਾਂ ਵਿਚਾਲੇ ਛਿੜੀ ਇਹ ਸਿੱਧੀ ਟੱਕਰ ਅਤੇ ਵੋਟ ਬੈਂਕ ਦਾ ਸੰਭਾਵੀ ਖਿਲਾਰਾ ਆਗਾਮੀ ਚੋਣਾਂ ਵਿੱਚ ਕੇਂਦਰੀ ਧਿਰਾਂ ਲਈ ਸਿਆਸੀ ਜ਼ਮੀਨ ਸੁਖਾਲੀ ਕਰ ਸਕਦਾ ਹੈ, ਜਦਕਿ ਪੰਜਾਬ ਦੇ ਬੁਨਿਆਦੀ ਮੁੱਦੇ ਇਸ ਆਪਸੀ ਵਿਵਾਦ ਦੇ ਰੌਲੇ ਵਿੱਚ ਪਛੜਦੇ ਨਜ਼ਰ ਆ ਰਹੇ ਹਨ। ਸਿਆਸੀ ਮਾਹਿਰ ਖੁਸ਼ਹਾਲ ਸਿੰਘ ਚੰਡੀਗੜ੍ਹ ਦਾ ਕਹਿਣਾ ਹੈ ਕਿ ਇਸ ਆਪਸੀ ਟਕਰਾਅ ਅਤੇ ਪੰਥਕ ਵੋਟ-ਬੈਂਕ ਦੀ ਪਾੜੋ-ਤੇ-ਰਾਜ ਕਰੋ ਵਾਲੀ ਸਥਿਤੀ ਦਾ ਸਿੱਧਾ ਲਾਹਾ ਉਨ੍ਹਾਂ ਹੀ ਰਵਾਇਤੀ ਜਾਂ ਕੇਂਦਰ-ਮੁਖੀ ਧਿਰਾਂ (ਜਿਵੇਂ ਕਿ 'ਆਪ', ਕਾਂਗਰਸ ਜਾਂ ਭਾਜਪਾ) ਨੂੰ ਮਿਲਣਾ ਤੈਅ ਹੈ, ਜਿਨ੍ਹਾਂ ਵਿਰੁੱਧ ਪੰਥਕ ਸਿਆਸਤ ਖੜ੍ਹੇ ਹੋਣ ਦਾ ਦਾਅਵਾ ਕਰਦੀ ਹੈ। ਜਦੋਂ ਵੋਟ ਖਿੰਡ ਜਾਂਦੀ ਹੈ ਤਾਂ ਖੇਤਰੀ ਆਵਾਜ਼ ਕਮਜ਼ੋਰ ਪੈ ਜਾਂਦੀ ਹੈ ਅਤੇ ਦਿੱਲੀ-ਦਰਬਾਰ ਵੱਲ ਤੱਕਣ ਵਾਲੀਆਂ ਤਾਕਤਾਂ ਹੋਰ ਬਲਵਾਨ ਹੁੰਦੀਆਂ ਹਨ। ਜੇਕਰ ਪੰਥਕ ਧਿਰਾਂ ਨੇ ਆਪਣੀ ਹੋਂਦ ਅਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨੀ ਹੈ, ਤਾਂ ਉਨ੍ਹਾਂ ਨੂੰ ਨਿੱਜੀ ਕਿੜਾਂ, ਪਰਿਵਾਰਵਾਦੀ ਜਕੜ ਅਤੇ ਸ਼ਖ਼ਸੀਅਤ-ਪ੍ਰਸਤੀ ਦੇ ਦਾਇਰੇ ਵਿੱਚੋਂ ਬਾਹਰ ਨਿਕਲਣਾ ਪਵੇਗਾ। ਸਿੱਖ ਸੰਸਥਾਵਾਂ ਦੀ ਪਵਿੱਤਰਤਾ ਬਹਾਲ ਕਰਨਾ ਅਤੇ ਲੋਕ-ਹਿਤੈਸ਼ੀ ਏਜੰਡੇ ਦੁਆਲੇ ਇਕਜੁੱਟ ਹੋਣਾ ਹੀ ਇਸ ਵੇਲੇ ਪੰਜਾਬ ਨੂੰ ਦਰਪੇਸ਼ ਸੰਕਟਾਂ ਵਿੱਚੋਂ ਕੱਢਣ ਦਾ ਇਕੋ-ਇੱਕ ਕਾਰਗਰ ਰਾਹ ਹੈ; ਨਹੀਂ ਤਾਂ ਇਤਿਹਾਸ ਇਸ ਦੌਰ ਨੂੰ ਸਿਰਫ਼ ਸਿੱਖ ਸਿਆਸਤ ਦੀ ਖ਼ੁਦਕੁਸ਼ੀ ਵਜੋਂ ਯਾਦ ਰੱਖੇਗਾ।

# ਇਸ਼ਤਿਹਾਰਾਂ ਦੀ ਓਟ ਵਿੱਚ ਸੌਦਾ ਸਾਧ ਦੇ ਦਾ.ਗ ਧੋਣ ਦੀ ਮੁਹਿੰਮ

## ਸੌਦਾ ਸਾਧ ਦੇ ਬਚਾਅ ਲਈ ਪੂਰੇ ਪੰਨੇ ਦਾ ਪ੍ਰਚਾਰ, ਪਿੱਛੇ ਭਗਵੀਂ ਸਿਆਸਤ ਕਿਉਂ ?

## ਕਤਲ ਕੇਸਾਂ 'ਚ ਅਪੀਲਾਂ ਪੈਂਡਿੰਗ, ਕੀ ਅਦਾਲਤਾਂ 'ਤੇ ਦਬਾਅ ਪਾਉਣ ਦੀ ਤਿਆਰੀ ਹੈ ?

ਦੋ ਸਾਧਵੀਆਂ ਨਾਲ ਬਲਾਤਕਾਰ ਦੇ ਘਿਨਾਉਣੇ ਜੁਰਮ ਵਿੱਚ ਰੋਹਤਕ ਦੀ ਸੁਨਾਰੀਆ ਜੇਲ੍ਹ ਅੰਦਰ 20 ਸਾਲ ਦੀ ਸਖ਼ਤ ਕੈਦ ਕੱਟ ਰਹੇ ਡੇਰਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਲੈ ਕੇ ਦੇਸ਼ ਭਰ ਵਿੱਚ ਇੱਕ ਵਾਰ ਫਿਰ ਤਿੱਖੀ ਬਹਿਸ ਛਿੜ ਗਈ ਹੈ। ਅਦਾਲਤਾਂ ਵੱਲੋਂ ਦੋਸ਼ੀ ਕਰਾਰ ਦਿੱਤੇ ਜਾ ਚੁੱਕੇ ਡੇਰਾ ਮੁਖੀ ਦੇ ਅਕਸ ਨੂੰ ਚਮਕਾਉਣ ਅਤੇ ਉਸ ਨੂੰ 'ਬੇਕਸੂਰ' ਸਾਬਤ ਕਰਨ ਲਈ ਡੇਰੇ ਵੱਲੋਂ ਹੁਣ ਕੌਮੀ ਪੱਧਰ ਦੇ ਵੱਡੇ ਅਖ਼ਬਾਰਾਂ ਵਿੱਚ ਪੂਰੇ-ਪੂਰੇ ਪੰਨੇ ਦੇ ਇਸ਼ਤਿਹਾਰ ਛਪਵਾ ਕੇ ਪੂਰਾ ਜ਼ੋਰ ਲਾਇਆ ਜਾ ਰਿਹਾ ਹੈ। ਪਰਦੇ ਪਿੱਛੇ ਚੱਲ ਰਹੀ ਇਸ ਪੂਰੀ ਖੇਡ ਨੇ ਨਿਆਂ ਪ੍ਰਣਾਲੀ, ਚੋਣ ਸਿਆਸਤ ਅਤੇ ਕਾਨੂੰਨ ਦੇ ਰਾਜ 'ਤੇ ਕਈ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ।

### ਇਸ਼ਤਿਹਾਰਾਂ ਦੀ ਆੜ ਵਿੱਚ ਕੀ ਪਾਪੜ ਵੇਲੇ ਜਾ ਰਹੇ ਹਨ ?

ਦੇਸ਼ ਦੇ ਵੱਡੇ ਅਖ਼ਬਾਰਾਂ ਵਿੱਚ 'ਡੇਰਾ ਸੱਚਾ ਸੌਦਾ: ਤੱਥ ਬਨਾਮ ਝੂਠ' ਦੇ ਨਾਂ ਹੇਠ ਛਪੇ ਇਸ਼ਤਿਹਾਰਾਂ ਰਾਹੀਂ ਡੇਰੇ ਨੇ ਖ਼ੁਦ ਹੀ ਸਵਾਲ ਘੜ ਕੇ ਖ਼ੁਦ ਹੀ ਉਨ੍ਹਾਂ ਦੇ ਜਵਾਬ ਦੇ ਦਿੱਤੇ ਹਨ। ਇਨ੍ਹਾਂ ਇਸ਼ਤਿਹਾਰਾਂ ਵਿੱਚ ਮੁੱਖ ਤੌਰ 'ਤੇ ਤਿੰਨ ਦਾਅਵੇ ਠੋਕੇ ਗਏ ਹਨ:

ਦਾਅਵਾ ਕੀਤਾ ਗਿਆ ਹੈ ਕਿ ਸੌਦਾ ਸਾਧ ਰਾਮ ਰਹੀਮ ਨੇ ਕਰੋੜਾਂ ਲੋਕਾਂ ਦਾ ਨਸ਼ਾ ਛੁਡਵਾਇਆ, ਜਿਸ ਕਾਰਨ ਨਾਰਾਜ਼ ਹੋਏ 'ਡਰੱਗ ਮਾਫ਼ੀਆ' ਅਤੇ ਡੇਰਾ ਵਿਰੋਧੀ ਤਾਕਤਾਂ ਨੇ ਉਸ ਨੂੰ ਬੰਬਾਂ ਨਾਲ ਉਡਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਉਹ ਨਾਕਾਮ ਰਹੇ, ਤਾਂ ਝੂਠੇ ਗਵਾਹ ਖੜ੍ਹੇ ਕਰਕੇ ਅਤੇ ਸਾਜ਼ਿਸ਼ਾਂ ਘੜ ਕੇ ਜਬਰ-ਜਨਾਹ ਤੇ ਕਤਲ ਵਰਗੇ ਸੰਗੀਨ ਕੇਸ ਦਰਜ ਕਰਵਾਏ।

ਇਸ਼ਤਿਹਾਰ ਵਿੱਚ ਕਰੋੜਾਂ ਰੁੱਖ ਲਗਾਉਣ, ਲੱਖਾਂ ਯੂਨਿਟ ਖ਼ੂਨਦਾਨ ਕਰਨ ਅਤੇ ਗ਼ਰੀਬਾਂ ਨੂੰ ਮੁਫ਼ਤ ਮਕਾਨ ਬਣਾ ਕੇ ਦੇਣ ਦੀਆਂ ਲੰਮੀਆਂ-ਚੌੜੀਆਂ ਸੂਚੀਆਂ ਗਿਣਵਾ ਕੇ ਸਜ਼ਾਯਾਫ਼ਤਾ ਮੁਜਰਮ ਨੂੰ ਇੱਕ 'ਮਸੀਹਾ' ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਪੈਰੋਲਾਂ 'ਤੇ ਪਰਦਾ: ਵਾਰ-ਵਾਰ ਮਿਲ ਰਹੀ ਪੈਰੋਲ ਅਤੇ ਫ਼ਰਲੋ ਨੂੰ ਕਿਸੇ ਵੀ ਤਰ੍ਹਾਂ ਦਾ ਵੀ.ਆਈ.ਪੀ. ਟ੍ਰੀਟਮੈਂਟ ਮੰਨਣ ਤੋਂ ਸਾਫ਼ ਇਨਕਾਰ ਕਰਦਿਆਂ ਇਸ ਨੂੰ ਜੇਲ੍ਹ ਨਿਯਮਾਂ ਤਹਿਤ ਮਿਲਿਆ ਆਮ ਕੈਦੀ ਅਧਿਕਾਰ ਦੱਸਿਆ ਗਿਆ ਹੈ।

ਕੀ ਕਾਨੂੰਨੀ ਤੌਰ 'ਤੇ ਸੌਦਾ ਸਾਧ ਦੀ ਪੱਕੀ ਰਿਹਾਈ ਮੁਮਕਿਨ ਹੈ ?

ਡੇਰਾ ਸਮਰਥਕ ਭਾਵੇਂ ਮਾਹੌਲ ਅਜਿਹਾ ਬਣਾ ਰਹੇ ਹਨ ਜਿਵੇਂ ਸੌਦਾ ਸਾਧ ਨੂੰ ਕੱਲ੍ਹ ਹੀ ਕਲੀਨ ਚਿੱਟ ਮਿਲ ਜਾਣੀ ਹੋਵੇ, ਪਰ ਕਾਨੂੰਨੀ ਹਕੀਕਤ ਬਿਲਕੁਲ ਉਲਟ ਹੈ। ਹਾਲਾਂਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੱਤਰਕਾਰ ਰਾਮ ਚੰਦਰ ਛਤਰਪਤੀ ਅਤੇ ਡੇਰਾ ਪ੍ਰਬੰਧਕ ਰਣਜੀਤ ਸਿੰਘ ਦੇ ਕਤਲ ਕੇਸਾਂ ਵਿੱਚ ਸੀ.ਬੀ.ਆਈ. ਦੀ ਜਾਂਚ ਵਿੱਚ ਖ਼ਾਮੀਆਂ ਦੱਸਦਿਆਂ ਸੌਦਾ ਸਾਧ ਨੂੰ ਬਰੀ ਕਰ ਦਿੱਤਾ ਸੀ, ਪਰ ਕਾਨੂੰਨੀ ਸ਼ਿਕੰਜਾ ਅਜੇ ਬਹੁਤ ਸਖ਼ਤ ਹੈ: ਸੌਦਾ ਸਾਧ ਦੋ ਸਾਧਵੀਆਂ ਦੇ ਜਬਰ-ਜਨਾਹ ਦੇ ਮਾਮਲੇ ਵਿੱਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ। ਇਸ ਮਾਮਲੇ ਵਿੱਚ ਸੁਪਰੀਮ ਕੋਰਟ ਤੱਕ ਉਸ ਨੂੰ ਕੋਈ ਰਾਹਤ ਨਹੀਂ ਮਿਲੀ।

ਪੱਤਰਕਾਰ ਛਤਰਪਤੀ ਦੇ ਬੇਟੇ ਅੰਸ਼ੁਲ ਛਤਰਪਤੀ ਦੀ ਅਪੀਲ 'ਤੇ ਚੀਫ਼ ਜਸਟਿਸ ਦੀ ਅਗਵਾਈ ਵਾਲੇ ਬੈਂਚ ਨੇ ਸਪੱਸ਼ਟ ਕੀਤਾ ਹੈ ਕਿ ਹਾਈ ਕੋਰਟ ਵੱਲੋਂ ਸਜ਼ਾ ਪਲਟ ਕੇ ਬਰੀ ਕੀਤੇ ਜਾਣ ਦੇ ਫ਼ੈਸਲੇ ਦੀ ਡੂੰਘੀ ਪੜਤਾਲ ਜ਼ਰੂਰੀ ਹੈ। ਰਣਜੀਤ ਸਿੰਘ ਕਤਲ ਕਾਂਡ ਵਿੱਚ ਵੀ ਸੀ.ਬੀ.ਆਈ. ਦੀ ਅਪੀਲ 'ਤੇ ਨੋਟਿਸ ਜਾਰੀ ਹੋ ਚੁੱਕਾ ਹੈ।ਸ਼ਰਧਾਲੂਆਂ ਨੂੰ ਅੰਨ੍ਹੀ ਸ਼ਰਧਾ ਦੇ ਨਾਂ ਹੇਠ ਕਥਿਤ ਤੌਰ 'ਤੇ ਨਪੁੰਸਕ ਬਣਾਉਣ ਦੇ ਮਾਮਲੇ ਵਿੱਚ ਪੰਚਕੂਲਾ ਦੀ ਸੀ.ਬੀ.ਆਈ. ਅਦਾਲਤ ਵਿੱਚ ਟਰਾਇਲ ਚੱਲ ਰਿਹਾ ਹੈ, ਜਿਸ ਵਿੱਚ ਦਰਜਨਾਂ ਗਵਾਹਾਂ ਅਤੇ ਪੀੜਤਾਂ ਦੇ ਬਿਆਨ ਦਰਜ ਹਨ। ਕਾਨੂੰਨੀ ਮਾਹਿਰਾਂ ਅਨੁਸਾਰ ਅਦਾਲਤੀ ਕਾਗ਼ਜ਼ਾਂ ਦੇ ਲਿਹਾਜ਼ ਨਾਲ ਸੌਦਾ ਸਾਧ ਲਈ ਪੱਕੀ ਰਿਹਾਈ ਅਸੰਭਵ ਜਾਪਦੀ ਹੈ।




### ਸਰਕਾਰਾਂ ਦੀ ਨਰਮੀ ਕਿਉਂ ?

ਆਮ ਲੋਕਾਂ ਦੇ ਮਨਾਂ ਵਿੱਚ ਇਹ ਸਵਾਲ ਲਗਾਤਾਰ ਉਠਦਾ ਹੈ ਕਿ ਜਦੋਂ ਵੀ ਹਰਿਆਣਾ ਜਾਂ ਆਸ-ਪਾਸ ਦੇ ਸੂਬਿਆਂ ਵਿੱਚ ਵਿਧਾਨ ਸਭਾ, ਲੋਕ ਸਭਾ ਜਾਂ ਪੰਚਾਇਤੀ ਚੋਣਾਂ ਦਾ ਬਿਗੁਲ ਵੱਜਦਾ ਹੈ, ਤਾਂ ਸੌਦਾ ਸਾਧ ਲਈ ਜੇਲ੍ਹ ਦੇ ਦਰਵਾਜ਼ੇ ਕਿਉਂ ਖੁੱਲ੍ਹ ਜਾਂਦੇ ਹਨ ?

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਮਾਲਵਾ ਖੇਤਰ ਅਤੇ ਹਰਿਆਣਾ ਦੀਆਂ ਦਰਜਨਾਂ ਸੀਟਾਂ 'ਤੇ ਡੇਰੇ ਦੇ ਸ਼ਰਧਾਲੂਆਂ ਦਾ ਵੱਡਾ ਵੋਟ ਬੈਂਕ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਚੋਣਾਂ ਵੇਲੇ ਇਹ ਵੋਟ ਬੈਂਕ ਕਿਸੇ ਵੀ ਸਿਆਸੀ ਪਾਰਟੀ ਦੇ ਹੱਕ ਵਿੱਚ ਪਾਸਾ ਪਲਟਣ ਦੀ ਸਮਰੱਥਾ ਰੱਖਦਾ ਹੈ। ਭਾਜਪਾ ਇਸ ਵੋਟ ਬੈਂਕ ਨੂੰ ਕੈਸ਼ ਕਰਨ ਦੇ ਯਤਨ ਵਿਚ ਹੈ।

2017 ਵਿੱਚ ਜੇਲ੍ਹ ਜਾਣ ਤੋਂ ਬਾਅਦ ਹੁਣ ਤੱਕ ਸੌਦਾ ਸਾਧ ਨੂੰ ਦਰਜਨਾਂ ਵਾਰ ਪੈਰੋਲ ਜਾਂ ਫ਼ਰਲੋ ਮਿਲ ਚੁੱਕੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਵਿੱਚੋਂ ਜ਼ਿਆਦਾਤਰ ਰਿਹਾਈਆਂ ਕਿਸੇ ਨਾ ਕਿਸੇ ਸੂਬੇ ਦੀਆਂ ਚੋਣਾਂ ਦੌਰਾਨ ਹੁੰਦੀਆਂ ਰਹੀਆਂ ਹਨ। ਸਿਆਸੀ ਹਿੱਤ ਸਾਧਣ ਲਈ ਭਾਜਪਾ ਸਰਕਾਰ ਉਪਰ ਨਿਯਮਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੇ ਦੋਸ਼ ਆਮ ਲੱਗਦੇ ਰਹੇ ਹਨ।

### ਕੀ ਇਹ ਆਮ ਨਾਗਰਿਕਾਂ ਅਤੇ ਪੀੜਤਾਂ ਨਾਲ ਬੇਇਨਸਾਫ਼ੀ ਨਹੀਂ ?

ਦੇਸ਼ ਦੇ ਆਮ ਕੈਦੀਆਂ ਅਤੇ ਰਾਮ ਰਹੀਮ ਨੂੰ ਮਿਲ ਰਹੀਆਂ ਸਹੂਲਤਾਂ ਵਿੱਚ ਜ਼ਮੀਨ-ਆਸਮਾਨ ਦਾ ਅੰਤਰ ਦੇਖਣ ਨੂੰ ਮਿਲਦਾ ਹੈ:

ਇੱਕ ਗ਼ਰੀਬ ਆਮ ਕੈਦੀ ਨੂੰ ਆਪਣੇ ਮਾਂ-ਬਾਪ ਦੀ ਮੌਤ ਜਾਂ ਧੀ ਦੇ ਵਿਆਹ ਲਈ ਵੀ ਹਫ਼ਤਿਆਂ ਬੱਧੀ ਕਚਹਿਰੀਆਂ ਦੇ ਗੇੜੇ ਮਾਰਨੇ ਪੈਂਦੇ ਹਨ, ਪਰ ਇੱਕ ਸੰਗੀਨ ਮੁਜਰਮ ਨੂੰ ਸਰਕਾਰੀ ਮਿਹਰਬਾਨੀ ਨਾਲ ਵਾਰ-ਵਾਰ 'ਮਨੋਰੰਜਕ ਛੁੱਟੀਆਂ' ਮਿਲ ਰਹੀਆਂ ਹਨ।

15-20 ਸਾਲ ਲੰਬੀ ਕਾਨੂੰਨੀ ਲੜਾਈ ਲੜਨ ਵਾਲੀਆਂ ਪੀੜਤ ਸਾਧਵੀਆਂ ਅਤੇ ਜਾਨ ਗਵਾਉਣ ਵਾਲੇ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਪਰਿਵਾਰ ਲਈ ਇਹ ਵਰਤਾਰਾ ਅਸਹਿਣਯੋਗ ਹੈ। ਪੀੜਤਾਂ ਦਾ ਕਹਿਣਾ ਹੈ ਕਿ ਜਦੋਂ ਦੋਸ਼ੀ ਬਾਹਰ ਆ ਕੇ ਆਲੀਸ਼ਾਨ ਆਸ਼ਰਮਾਂ ਵਿੱਚ ਲਾਈਵ ਸਤਿਸੰਗ ਕਰਦਾ ਹੈ ਅਤੇ ਆਪਣੇ ਆਪ ਨੂੰ ਨਿਰਦੋਸ਼ ਦੱਸਦਾ ਹੈ, ਤਾਂ ਇਹ ਸਿੱਧੇ ਤੌਰ 'ਤੇ ਨਿਆਂ ਪ੍ਰਣਾਲੀ ਅਤੇ ਉਨ੍ਹਾਂ ਦੇ ਸੰਘਰਸ਼ ਦਾ ਮਜ਼ਾਕ ਉਡਾਉਣਾ ਹੈ।ਕਾਨੂੰਨ ਦੇ ਜਾਣਕਾਰਾਂ ਅਤੇ ਮਨੁੱਖੀ ਹੱਕਾਂ ਲਈ ਲੜਨ ਵਾਲੀਆਂ ਜਥੇਬੰਦੀਆਂ ਨੇ ਇਸ ਪੂਰੇ ਘਟਨਾਕ੍ਰਮ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਵਕੀਲ ਅਤੇ ਹਰਿਆਣਾ ਦੇ ਸਾਬਕਾ ਵਧੀਕ ਐਡਵੋਕੇਟ ਜਨਰਲ ਰਵਿੰਦਰ ਢੁੱਲ ਨੇ ਸਪੱਸ਼ਟ ਕੀਤਾ ਹੈ ਕਿ ਜਦੋਂ ਕਤਲ ਦੇ ਦੋਵੇਂ ਮਾਮਲੇ ਦੇਸ਼ ਦੀ ਸਰਵਉੱਚ ਅਦਾਲਤ (ਸੁਪਰੀਮ ਕੋਰਟ) ਵਿੱਚ ਵਿਚਾਰ ਅਧੀਨ ਹਨ ਅਤੇ ਨਪੁੰਸਕ ਬਣਾਉਣ ਦਾ ਮਾਮਲਾ ਸੀ.ਬੀ.ਆਈ. ਅਦਾਲਤ ਵਿੱਚ ਚੱਲ ਰਿਹਾ ਹੈ, ਅਜਿਹੇ ਸਮੇਂ ਅਖ਼ਬਾਰਾਂ ਵਿੱਚ ਕਰੋੜਾਂ ਰੁਪਏ ਖ਼ਰਚ ਕੇ ਦੋਸ਼ਾਂ ਨੂੰ ਝੂਠਾ ਦੱਸਣਾ ਅਦਾਲਤਾਂ 'ਤੇ ਦਬਾਅ ਬਣਾਉਣ ਅਤੇ ਲੋਕਾਂ ਨੂੰ ਗੁਮਰਾਹ ਕਰਨ ਦੀ ਸਿੱਧੀ ਕੋਸ਼ਿਸ਼ ਹੈ, ਜੋ ਕਿ ਅਦਾਲਤ ਦੀ ਮਾਣਹਾਨੀ ਦੇ ਦਾਇਰੇ ਵਿੱਚ ਆਉਂਦੀ ਹੈ।

ਮਨੁੱਖੀ ਅਧਿਕਾਰ ਕਾਰਕੁੰਨਾਂ ਦਾ ਤਰਕ ਹੈ ਕਿ ਸੰਵਿਧਾਨ ਦੀ ਧਾਰਾ 14 ਸਾਰੇ ਨਾਗਰਿਕਾਂ ਨੂੰ ਕਾਨੂੰਨ ਸਾਹਮਣੇ ਬਰਾਬਰ ਮੰਨਦੀ ਹੈ। ਇੱਕ ਪ੍ਰਭਾਵਸ਼ਾਲੀ ਮੁਜਰਮ ਨੂੰ ਚੋਣਾਂ ਨੇੜੇ ਵਿਸ਼ੇਸ਼ ਰਿਆਇਤਾਂ ਦੇਣਾ ਕਾਨੂੰਨ ਦੇ ਰਾਜ ਨੂੰ ਕਮਜ਼ੋਰ ਕਰਦਾ ਹੈ ਅਤੇ ਲੋਕਾਂ ਦਾ ਅਦਾਲਤਾਂ ਤੋਂ ਵਿਸ਼ਵਾਸ ਉਠਾਉਣ ਦਾ ਕਾਰਨ ਬਣਦਾ ਹੈ।

ਬੇਸ਼ੱਕ ਡੇਰਾ ਇਸ਼ਤਿਹਾਰਾਂ ਅਤੇ ਸਮਾਜ ਸੇਵਾ ਦੀ ਓਟ ਲੈ ਕੇ ਲੋਕਾਂ ਦੇ ਦਿਲਾਂ ਵਿੱਚੋਂ ਦਾ.ਗ ਧੋਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਅਦਾਲਤੀ ਦਸਤਾਵੇਜ਼ਾਂ ਅਤੇ ਪੀੜਤਾਂ ਦੇ ਹੰਝੂਆਂ ਸਾਹਮਣੇ ਇਹ ਦਲੀਲਾਂ ਕਿੰਨਾ ਚਿਰ ਟਿਕਣਗੀਆਂ, ਇਹ ਸੁਪਰੀਮ ਕੋਰਟ ਵਿੱਚ ਹੋਣ ਵਾਲੀ ਅਗਲੀ ਕਾਰਵਾਈ ਹੀ ਤੈਅ ਕਰੇਗੀ। ਗਿਆਨੀ ਕੁਲਦੀਪ ਸਿੰਘ ਗੜਗੱਜ ਜਥੇਦਾਰ ਅਕਾਲ ਤਖ਼ਤ ਸਾਹਿਬ ਦਾ ਕਹਿਣਾ ਹੈ ਕਿ ਇਹ ਡਰਾਮਾ ਸੱਤਾ ਧਿਰਾਂ ਦੀ ਮਿਲੀਭੁਗਤ ਤੋਂ ਬਿਨਾਂ ਸੰਭਵ ਨਹੀਂ। ਆਮ ਕੈਦੀਆਂ ਨੂੰ ਪਰਿਵਾਰਕ ਦੁੱਖ-ਸੁੱਖ ਵੇਲੇ ਵੀ ਪੈਰੋਲ ਲਈ ਦਰ-ਦਰ ਠੋਕਰਾਂ ਖਾਣੀਆਂ ਪੈਂਦੀਆਂ ਹਨ, ਜਦਕਿ ਇੱਕ ਸੰਗੀਨ ਮੁਜਰਮ 9 ਸਾਲਾਂ ਵਿੱਚ 17 ਵਾਰ ਜੇਲ੍ਹ ਤੋਂ ਬਾਹਰ ਆ ਕੇ ਆਲੀਸ਼ਾਨ ਡੇਰਿਆਂ ਵਿੱਚ ਆਨਲਾਈਨ ਦਰਬਾਰ ਲਾਉਂਦਾ ਹੈ। ਸਰਕਾਰ ਵੱਲੋਂ ਇਸ ਨੂੰ 'ਕੈਦੀਆਂ ਦਾ ਕਾਨੂੰਨੀ ਅਧਿਕਾਰ' ਦੱਸ ਕੇ ਪੱਲਾ ਝਾੜ ਲੈਣਾ ਇਹ ਸਾਬਤ ਕਰਦਾ ਹੈ ਕਿ ਸੱਤਾ ਲਈ ਨਿਆਂ ਦੇ ਅਸੂਲਾਂ ਨੂੰ ਛਿੱਕੇ ਟੰਗਣਾ ਹੁਣ ਆਮ ਵਰਤਾਰਾ ਬਣ ਚੁੱਕਾ ਹੈ। ਜਦ ਕਿ ਬੰਦੀ ਸਿੱਖਾਂ ਦੀ ਰਿਹਾਈ ਬਾਰੇ ਸਰਕਾਰ ਨੇ ਚੁਪੀ ਧਾਰੀ ਹੋਈ ਹੈ।

ਦਰਪਣ ਝੂਠ ਨਹੀਂ ਬੋਲਦਾ

# ਸਰਕਾਰੀ ਅਣਗਹਿਲੀ ਦੀ ਭੇਟ ਚੜ੍ਹੀ ਸਿੱਖ ਵਿਰਾਸਤ, ਦਰਜਨਾਂ ਇਤਿਹਾਸਕ ਸਮਾਰਕ ਅਲੋਪ ਹੋਣ ਕੰਢੇ

## ਖ਼ਾਲਸਾ ਰਾਜ ਦੀਆਂ ਨਿਸ਼ਾਨੀਆਂ ਦੀ ਬੇਕਦਰੀ; ਸੁਰੱਖਿਅਤ ਸੂਚੀ ਵਿੱਚ ਸ਼ਾਮਲ ਹੋਣ ਨੂੰ ਤਰਸੀਆਂ ਹਵੇਲੀਆਂ ਤੇ ਕਿਲ੍ਹੇ

## ਕੁੰਭਕਰਨੀ ਨੀਂਦ ਸੁੱਤੀ ਪੰਜਾਬ ਸਰਕਾਰ; ਰੁਲ ਰਿਹਾ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਗੌਰਵਮਈ ਵਿਰਸਾ

ਜਿਸ ਪੰਜਾਬ ਨੇ ਕਦੇ ਅਟਕ ਤੋਂ ਲੈ ਕੇ ਦਿੱਲੀ ਦੇ ਲਾਲ ਕਿਲ੍ਹੇ ਤੱਕ ਖ਼ਾਲਸਈ ਨਿਸ਼ਾਨ ਸਾਹਿਬ ਝੁਲਾਇਆ, ਜਿਸ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਧਾਕ ਪੂਰੀ ਦੁਨੀਆ ਮੰਨਦੀ ਸੀ, ਅੱਜ ਉਸੇ ਖ਼ਾਲਸਾ ਰਾਜ ਤੇ ਮਿਸਲ ਕਾਲ ਦੀਆਂ ਇਤਿਹਾਸਕ ਨਿਸ਼ਾਨੀਆਂ ਆਪਣੀ ਹੋਂਦ ਬਚਾਉਣ ਲਈ ਹੰਝੂ ਕੇਰ ਰਹੀਆਂ ਹਨ। ਨਾ ਤਾਂ ਦਿੱਲੀ ਬੈਠੇ ਕੇਂਦਰੀ ਪੁਰਾਤੱਤਵ ਸਰਵੇਖਣ ਨੂੰ ਇਨ੍ਹਾਂ ਵਿੱਚ ਕੋਈ ਦਿਲਚਸਪੀ ਹੈ ਅਤੇ ਨਾ ਹੀ ਪੰਜਾਬ ਦੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਕੰਨਾਂ 'ਤੇ ਕੋਈ ਜੂੰ ਸਰਕ ਰਹੀ ਹੈ। ਸਾਡੀਆਂ ਦਰਜਨਾਂ ਇਤਿਹਾਸਕ ਹਵੇਲੀਆਂ, ਜੰਗੀ ਕਿਲ੍ਹੇ, ਮਹਾਨ ਜਰਨੈਲਾਂ ਦੀਆਂ ਸਮਾਧਾਂ, ਤਲਾਬ ਅਤੇ ਬਾਉਲੀਆਂ ਅੱਜ ਤੱਕ ਸਰਕਾਰੀ ਕਾਗ਼ਜ਼ਾਂ ਵਿੱਚ 'ਸੁਰੱਖਿਅਤ ਸਮਾਰਕਾਂ' ਦੀ ਸੂਚੀ ਵਿੱਚ ਦਰਜ ਹੋਣ ਲਈ ਤਰਸ ਰਹੀਆਂ ਹਨ। ਇਹ ਸਰਕਾਰੀ ਬੇਰੁਖ਼ੀ ਨਹੀਂ ਤਾਂ ਹੋਰ ਕੀ ਹੈ ਕਿ ਜਿਨ੍ਹਾਂ ਮਹਿਲਾਂ ਵਿੱਚ ਕਦੇ ਰਾਜ-ਦਰਬਾਰ ਸੱਜਦੇ ਸਨ, ਅੱਜ ਉੱਥੇ ਜੰਗਲੀ ਘਾਹ-ਫੂਸ ਉਗੇ ਹਨ ?

ਖ਼ਾਲਸਾ ਰਾਜ ਦਾ ਧੁਰਾ ਰਹੇ ਅੰਮ੍ਰਿਤਸਰ ਅਤੇ ਮਾਝੇ ਦੇ ਆਸ-ਪਾਸ ਦੇ ਇਲਾਕੇ ਇਸ ਅਣਗਹਿਲੀ ਦੀ ਸਭ ਤੋਂ ਦਰਦਨਾਕ ਮਿਸਾਲ ਹਨ। ਮਹਾਰਾਜਾ ਰਣਜੀਤ ਸਿੰਘ ਵੱਲੋਂ ਸਰਹੱਦੀ ਪਿੰਡ ਧਣੋਏ ਕਲਾਂ ਵਿਖੇ ਪਿਆਰ ਨਾਲ ਬਣਵਾਈ ਗਈ ਸ਼ਾਹੀ ਬਾਰਾਂਦਰੀ ਤੇ ਇਤਿਹਾਸਕ ਪੁਲ ਮੋਰਾਂ ਅੱਜ ਖੰਡਰ ਬਣਨ ਕੰਢੇ ਪੁੱਜੇ ਹੋਏ ਹਨ। ਭਾਰਤ-ਪਾਕਿ ਸਰਹੱਦ ਦੇ ਐਨ ਨੇੜੇ ਵੱਸੇ ਪਿੰਡ ਵਣੀਏਕੇ ਵਿੱਚ ਮਹਾਰਾਜੇ ਨਾਲ ਸਬੰਧਿਤ ਬਾਰਾਂ-ਨੁੱਕਰਾ ਢਾਈ ਮੰਜ਼ਿਲਾ ਅਦਭੁੱਤ ਜੰਗੀ ਬੁਰਜ ਢਹਿ ਢੇਰੀ ਹੋਣ ਦੇ ਕਿਨਾਰੇ ਹੈ। ਮਹਾਰਾਜੇ ਦੇ ਸਹੁਰੇ ਪਰਿਵਾਰ ਨਾਲ ਸਬੰਧਿਤ ਛੀਨਾ ਪਿੰਡ ਦਾ ਇਤਿਹਾਸਕ ਕਿਲ੍ਹਾ ਕਰਮ ਸਿੰਘ, ਜਿਸ ਨੇ ਕਦੇ ਵੱਡੇ-ਵੱਡੇ ਝੱਖੜ ਝੱਲੇ ਸਨ, ਅੱਜ ਢਹਿ ਰਿਹਾ ਹੈ। ਕਾਲਿਆਂ ਵਾਲੇ ਸੂਰਬੀਰ ਸਰਦਾਰਾਂ ਦੀਆਂ ਇਤਿਹਾਸਕ ਸਮਾਧਾਂ,



ਕਸ਼ਮੀਰੀ ਕਾਰੀਗਰੀ ਦਾ ਸ਼ਾਹਕਾਰ ਤਲਾਬ ਸਮਦ ਜੂ, ਰਾਜਾਸਾਂਸੀ ਦਾ ਪੁਰਾਤਨ ਤਲਾਬ, ਰੁਲੀਆ ਰਾਮ ਦਾ ਬਾਗ਼ ਤੇ ਸਮਾਧਾਂ, ਦੀਨਾਨਗਰ ਵਿੱਚ ਮਹਾਰਾਜੇ ਦਾ ਮਸ਼ਹੂਰ ਸਮਰ ਹਾਊਸ (ਗਰਮੀਆਂ ਦਾ ਨਿਵਾਸ ਅਸਥਾਨ) ਅਤੇ ਬਟਾਲੇ ਅੰਦਰ ਸ਼ਹਿਜ਼ਾਦਾ ਸ਼ੇਰ ਸਿੰਘ ਦਾ ਸ਼ਾਨਦਾਰ ਮਹਿਲ—ਇਹ ਸਭ ਥਾਵਾਂ ਖਸਤਾ ਹਾਲਤ ਵਿੱਚ ਹਨ। ਸਥਾਨਕ ਲੋਕਾਂ ਅਤੇ ਪ੍ਰਸ਼ਾਸਨ ਨੂੰ ਇਨ੍ਹਾਂ ਦੀ ਇਤਿਹਾਸਕ ਕਦਰ ਹੀ ਨਹੀਂ ਪਤਾ। ਲੋਕਾਂ ਨੇ ਇਹਨਾਂ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਕਰ ਲਏ ਹਨ ਅਤੇ ਪੁਰਾਤਨ ਨਾਨਕਸ਼ਾਹੀ ਇੱਟਾਂ ਪੁੱਟ-ਪੁੱਟ ਕੇ ਘਰਾਂ ਦੀਆਂ ਨੀਹਾਂ ਵਿੱਚ ਲਾਈਆਂ ਜਾ ਰਹੀਆਂ ਹਨ।

ਅੰਮ੍ਰਿਤਸਰ ਦਾ ਇਤਿਹਾਸਕ ਰਾਮ ਬਾਗ਼ ਅਖੌਤੀ ਵਿਕਾਸ ਦੀ ਭੇਂਟ ਚੜ੍ਹ ਰਿਹਾ ਹੈ। ਸੁੰਦਰੀਕਰਨ ਅਤੇ ਸੈਰ-ਸਪਾਟਾ ਉਤਸ਼ਾਹਿਤ ਕਰਨ ਦੇ ਨਾਂਅ 'ਤੇ ਅਜਿਹੇ ਪ੍ਰਾਈਵੇਟ ਠੇਕੇਦਾਰਾਂ ਅਤੇ ਕੰਪਨੀਆਂ ਨੂੰ ਠੇਕੇ ਸੌਂਪ ਦਿੱਤੇ ਗਏ, ਜਿਨ੍ਹਾਂ ਨੂੰ ਪੁਰਾਤੱਤਵ ਸਾਇੰਸ ਦੀ ਸਮਝ ਨਹੀਂ। ਅਖੇ, 'ਮੱਝ ਵੇਚ ਕੇ ਘੋੜੀ ਲਈ, ਦੁੱਧ ਪੀਣੋਂ ਗਏ ਲਿੱਦ ਚੁੱਕਣੀ ਪਈ!' ਪੁਰਾਤਨ ਚੂਨੇ, ਸੁਰਖ਼ੀ ਤੇ ਗੱਚ ਦੀਆਂ ਕੰਧਾਂ 'ਤੇ ਸੀਮਿੰਟ ਦੇ ਲੇਪ ਲਾ ਕੇ, ਮਨਮਰਜ਼ੀ ਦੇ ਟਾਈਲਾਂ ਤੇ ਗ੍ਰੇਨਾਈਟ ਠੋਕ ਕੇ ਅਸਲ ਦਿੱਖ ਦਾ ਸੱਤਿਆਨਾਸ ਮਾਰ ਦਿੱਤਾ ਗਿਆ। ਵਿਰਾਸਤ ਨੂੰ ਬਚਾਉਣ ਦੇ ਨਾਂਅ 'ਤੇ ਉਸ ਦੀ ਰੂਹ ਹੀ ਕੱਢ ਲਈ ਗਈ।

ਸਭ ਤੋਂ ਵੱਡਾ ਸਵਾਲ ਤਾਂ ਪੰਜਾਬ ਸਰਕਾਰ ਦੀ ਨੀਅਤ ਅਤੇ ਕਾਰਗੁਜ਼ਾਰੀ 'ਤੇ ਉੱਠਦਾ ਹੈ। ਸਰਕਾਰਾਂ ਵੋਟਾਂ ਲੈਣ ਵੇਲੇ ਤਾਂ ਪੰਜਾਬੀਅਤ, ਵਿਰਸੇ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀਆਂ ਕਸਮਾਂ ਖਾਂਦੀਆਂ ਨਹੀਂ ਥੱਕਦੀਆਂ, ਪਰ ਜਦੋਂ ਇਨ੍ਹਾਂ ਯਾਦਗਾਰਾਂ ਨੂੰ ਬਚਾਉਣ ਲਈ ਖ਼ਜ਼ਾਨਾ ਖੋਲ੍ਹਣ ਦੀ ਗੱਲ ਆਉਂਦੀ ਹੈ ਤਾਂ ਹੱਥ ਪਿੱਛੇ ਖਿੱਚ ਲਏ ਜਾਂਦੇ ਹਨ।

ਇਸ ਤੋਂ ਵੀ ਵੱਧ ਸ਼ਰਮਨਾਕ ਅਤੇ ਚੁੱਭਣ ਵਾਲੀ ਗੱਲ ਇਹ ਹੈ ਕਿ ਆਪਣੇ-ਆਪ ਨੂੰ ਸਿੱਖ ਹਿਤਾਂ ਅਤੇ ਪੰਥ ਦੀਆਂ ਅਲੰਬਰਦਾਰ ਅਖਵਾਉਣ ਵਾਲੀਆਂ ਸਿਰਮੌਰ ਪੰਥਕ ਸੰਸਥਾਵਾਂ ਸਿੱਖ ਵਿਰਾਸਤ ਦੀ ਤਬਾਹੀ ਬਾਰੇ ਕਿਉਂ ਚੁੱਪ ਹਨ ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਸਮੁੱਚੀਆਂ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਜੇਕਰ ਆਪਣੀਆਂ ਅੱਖਾਂ ਦੇ ਸਾਹਮਣੇ ਖ਼ਾਲਸਾ ਰਾਜ ਦੀਆਂ ਨਿਸ਼ਾਨੀਆਂ ਨੂੰ ਮਿੱਟੀ ਵਿੱਚ ਮਿਲਦਾ ਵੇਖ ਕੇ ਵੀ ਚੁੱਪ-ਚਾਪ ਬੈਠੀਆਂ ਹਨ, ਤਾਂ ਇਸ ਨਾਲੋਂ ਮਾੜੇ ਹਾਲਾਤ ਸਿੱਖ ਕੌਮ ਦੇ ਹੋਰ ਕੀ ਹੋ ਸਕਦੇ ਹਨ ? ਕਾਰ ਸੇਵਾ ਦੇ ਨਾਂਅ 'ਤੇ ਪਹਿਲਾਂ ਹੀ ਅਸੀਂ ਅਣਗਿਣਤ ਪੁਰਾਤਨ ਗੁਰਦੁਆਰਾ ਇਮਾਰਤਾਂ ਸੰਗਮਰਮਰ ਦੀ ਭੇਟ ਚੜ੍ਹਾ ਕੇ ਗੁਆ ਚੁੱਕੇ ਹਾਂ, ਅਤੇ ਹੁਣ ਬਚੀਆਂ-ਖੁਚੀਆਂ ਇਤਿਹਾਸਕ ਇਮਾਰਤਾਂ, ਸਮਾਧਾਂ ਤੇ ਹਵੇਲੀਆਂ ਵੱਲੋਂ ਅੱਖਾਂ ਮੀਚ ਲੈਣਾ ਕੌਮ ਦੀ ਵਿਰਾਸਤ ਨਾਲ ਸਰਾਸਰ ਧ੍ਰੋਹ ਹੈ। ਇੰਟੈਕ ਦੇ ਮਾਹਿਰਾਂ, ਇਤਿਹਾਸਕਾਰਾਂ ਅਤੇ ਚਿੰਤਕਾਂ ਦੀ ਇਹ ਮੰਗ ਬਿਲਕੁਲ ਜਾਇਜ਼ ਅਤੇ ਸਮੇਂ ਦੀ ਪੁਕਾਰ ਹੈ ਕਿ ਜੇਕਰ ਵਿਰਾਸਤ ਬਚਾਉਣੀ ਹੈ ਤਾਂ ਨਾਅਰੇਬਾਜ਼ੀ ਛੱਡ ਕੇ ਜ਼ਮੀਨੀ ਪੱਧਰ 'ਤੇ ਠੋਸ ਨੀਤੀ ਘੜਨੀ ਪਵੇਗੀ।

(ਬਾਕੀ ਸਫ਼ਾ 26 'ਤੇ)


# ਨਿਆਂਪਾਲਿਕਾ 'ਚ 'ਕਾਲੀਆਂ ਭੇਡਾਂ' ਵਧੀਆਂ, ਅਦਾਲਤਾਂ ਬਹੁਗਿਣਤੀਵਾਦ ਵੱਲ ਝੁਕੀਆਂ

## ➤ ਜਸਟਿਸ ਦੀਪਕ ਗੁਪਤਾ ਨੇ ਤਿੱਖੀਆਂ ਟਿੱਪਣੀਆਂ ਕਿਉਂ ਕੀਤੀਆਂ ? ➤ਕੋਲੀਜੀਅਮ ਪ੍ਰਣਾਲੀ ਦੀ ਅਪਾਰਦਰਸ਼ਤਾ: ਉੱਚ ਅਦਾਲਤਾਂ ਵਿੱਚ ਸਮਾਜਿਕ ਵਿਭਿੰਨਤਾ ਅਤੇ ਨਿਰਪੱਖਤਾ 'ਤੇ ਉੱਠੇ ਸਵਾਲ

ਸੁਪਰੀਮ ਕੋਰਟ ਦੇ ਸਾਬਕਾ ਜੱਜ, ਜਸਟਿਸ ਦੀਪਕ ਗੁਪਤਾ ਨੇ ਦੇਸ਼ ਦੀ ਮੌਜੂਦਾ ਨਿਆਂ ਪ੍ਰਣਾਲੀ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜ੍ਹੇ ਕਰਦਿਆਂ ਕਿਹਾ ਹੈ ਕਿ ਭਾਵੇਂ ਨਿਆਂਪਾਲਿਕਾ ਵਿੱਚ ਇਮਾਨਦਾਰ ਜੱਜਾਂ ਦੀ ਬਹੁਤਾਤ ਹੈ, ਪਰ ਗਲਤ ਕੰਮਾਂ ਵਿੱਚ ਸ਼ਾਮਲ 'ਕਾਲੀਆਂ ਭੇਡਾਂ' (ਭ੍ਰਿਸ਼ਟ ਤੱਤਾਂ) ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਉਨ੍ਹਾਂ ਚਿੰਤਾ ਜ਼ਾਹਰ ਕੀਤੀ ਕਿ ਦੇਸ਼ ਦੀਆਂ ਅਦਾਲਤਾਂ ਹੌਲੀ-ਹੌਲੀ ਬਹੁਗਿਣਤੀਵਾਦੀ ਸੋਚ ਦੇ ਪ੍ਰਭਾਵ ਹੇਠ ਆ ਰਹੀਆਂ ਹਨ, ਜੋ ਲੋਕਤੰਤਰ ਦੇ ਮੂਲ ਸਿਧਾਂਤਾਂ ਲਈ ਵੱਡਾ ਖ਼ਤਰਾ ਹੈ।

ਅੰਗਰੇਜ਼ੀ ਅਖ਼ਬਾਰ 'ਦ ਟ੍ਰਿਬਿਊਨ' ਵਿੱਚ ਲਿਖੇ ਆਪਣੇ ਇੱਕ ਵਿਸ਼ੇਸ਼ ਲੇਖ ਵਿੱਚ ਜਸਟਿਸ ਗੁਪਤਾ ਨੇ ਕਿਹਾ ਸੀ ਕਿ ਲੋਕਤੰਤਰ ਸਿਰਫ਼ ਬਹੁਮਤ ਦਾ ਸ਼ਾਸਨ ਨਹੀਂ ਹੁੰਦਾ, ਸਗੋਂ ਇਸ ਵਿੱਚ ਘੱਟ-ਗਿਣਤੀਆਂ ਦੇ ਅਧਿਕਾਰਾਂ ਅਤੇ ਅਸਹਿਮਤੀ ਦੀ ਆਵਾਜ਼ ਦੀ ਰਾਖੀ ਕਰਨਾ ਸਭ ਤੋਂ ਅਹਿਮ ਹੁੰਦਾ ਹੈ। ਕਾਨੂੰਨੀ ਪੇਸ਼ੇ ਵਿੱਚ ਲਗਭਗ 50 ਸਾਲ ਬਿਤਾਉਣ ਵਾਲੇ ਸਾਬਕਾ ਜੱਜ ਨੇ ਕਿਹਾ ਕਿ ਕੋਈ ਵੀ ਮੁਲਕ ਉਦੋਂ ਤੱਕ ਸੱਚੇ ਅਰਥਾਂ ਵਿੱਚ ਆਜ਼ਾਦ ਨਹੀਂ ਹੋ ਸਕਦਾ, ਜਦੋਂ ਤੱਕ ਉਸ ਦੀ ਨਿਆਂਪਾਲਿਕਾ ਪੂਰੀ ਤਰ੍ਹਾਂ ਨਿਡਰ ਅਤੇ ਨਿਰਪੱਖ ਨਾ ਹੋਵੇ।

ਜਸਟਿਸ ਗੁਪਤਾ ਨੇ ਜੱਜਾਂ ਦੀ ਨਿਯੁਕਤੀ ਵਾਲੀ 'ਕੋਲੀਜੀਅਮ ਪ੍ਰਣਾਲੀ' ਨੂੰ ਨਿਆਂਇਕ ਕਮਜ਼ੋਰੀਆਂ ਦੀ ਵੱਡੀ ਜੜ੍ਹ ਕਰਾਰ ਦਿੱਤਾ। ਉਨ੍ਹਾਂ ਕਿਹਾ ਸੀ ਕਿ ਇਹ ਪ੍ਰਣਾਲੀ ਬੁਰੀ ਤਰ੍ਹਾਂ ਅਸਫ਼ਲ ਅਤੇ ਪੂਰੀ ਤਰ੍ਹਾਂ ਅਪਾਰਦਰਸ਼ੀ ਸਾਬਤ ਹੋਈ ਹੈ, ਜਿੱਥੇ ਬਿਨਾਂ ਠੋਸ ਕਾਰਨ ਦੱਸੇ ਅਹਿਮ ਫ਼ੈਸਲੇ ਲਏ ਜਾਂਦੇ ਹਨ। ਉੱਚ ਅਦਾਲਤਾਂ ਵਿੱਚ ਸਮਾਜਿਕ ਵਿਭਿੰਨਤਾ ਦੀ ਘਾਟ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ



ਸੀ ਕਿ ਸੁਪਰੀਮ ਕੋਰਟ ਵਿੱਚ ਹਾਲ ਹੀ ਦੌਰਾਨ ਹੋਈਆਂ ਨਿਯੁਕਤੀਆਂ ਵਿੱਚ ਉੱਚ ਜਾਤੀਆਂ, ਖ਼ਾਸ ਕਰਕੇ ਬ੍ਰਾਹਮਣ ਵਰਗ ਦੀ ਪ੍ਰਧਾਨਗੀ ਦਿਖਾਈ ਦਿੰਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਹਾਈ ਕੋਰਟਾਂ ਵਿੱਚ ਦਲਿਤ, ਪੱਛੜੇ ਵਰਗ ਅਤੇ ਘੱਟ-ਗਿਣਤੀ ਭਾਈਚਾਰਿਆਂ ਨਾਲ ਸਬੰਧਤ ਕਈ ਬੇਹੱਦ ਯੋਗ ਅਤੇ ਇਮਾਨਦਾਰ ਜੱਜ ਮੌਜੂਦ ਹਨ, ਇਸ ਲਈ ਦੇਸ਼ ਦੀ ਸਰਵਉੱਚ ਅਦਾਲਤ ਵਿੱਚ ਸਮਾਜ ਦੇ ਸਾਰੇ ਵਰਗਾਂ ਦੀ ਢੁੱਕਵੀਂ ਪ੍ਰਤੀਨਿਧਤਾ ਹੋਣੀ ਲਾਜ਼ਮੀ ਹੈ।

ਅਦਾਲਤਾਂ ਦੇ ਬਹੁਗਿਣਤੀਵਾਦੀ ਰੁਝਾਨ ਵੱਲ ਇਸ਼ਾਰਾ ਕਰਦਿਆਂ ਸਾਬਕਾ ਜੱਜ ਨੇ ਰਾਮ ਜਨਮ ਭੂਮੀ ਫ਼ੈਸਲੇ ਅਤੇ ਗਿਆਨਵਾਪੀ ਮਸਜਿਦ ਵਿਵਾਦ ਦਾ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਪੂਜਾ ਸਥਾਨ ਕਾਨੂੰਨ ਦੀ ਮਰਿਆਦਾ ਹੋਣ ਦੇ ਬਾਵਜੂਦ ਸਰਵੇਖਣ ਦੇ ਹੁਕਮ ਦੇਣਾ ਬਹੁਗਿਣਤੀ ਵਰਗ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਵਾਂਗ ਜਾਪਦਾ ਹੈ, ਜਿਸ ਨੇ ਭਾਈਚਾਰਕ ਸਾਂਝ ਨੂੰ ਢਾਹ ਲਾਉਣ ਵਾਲੇ ਮੁਕੱਦਮਿਆਂ ਦਾ ਰਾਹ ਖੋਲ੍ਹ ਦਿੱਤਾ ਹੈ।

ਉਨ੍ਹਾਂ ਧਾਰਮਿਕ ਆਧਾਰ 'ਤੇ ਜ਼ਮਾਨਤ ਦੇ ਮਾਮਲਿਆਂ ਵਿੱਚ ਵਰਤੇ ਜਾਂਦੇ ਦੋਹਰੇ ਮਾਪਦੰਡਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਜਿੱਥੇ ਗੰਗਾ ਨਦੀ ਵਿੱਚ ਕਿਸ਼ਤੀ 'ਤੇ ਚਿਕਨ ਖਾਣ ਵਾਲੇ ਘੱਟ-ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਮਹੀਨਿਆਂ ਤੱਕ ਜ਼ਮਾਨਤ ਨਹੀਂ ਮਿਲੀ, ਉੱਥੇ ਹੀ ਉਸੇ ਨਦੀ ਵਿੱਚ ਸ਼ਰਾਬ ਪੀਣ ਵਾਲੇ ਬਹੁਗਿਣਤੀ ਵਰਗ ਦੇ ਲੋਕਾਂ ਨੂੰ ਕੁਝ ਘੰਟਿਆਂ ਵਿੱਚ ਹੀ ਜ਼ਮਾਨਤ ਦੇ ਦਿੱਤੀ ਗਈ ਸੀ।

ਜਸਟਿਸ ਗੁਪਤਾ ਨੇ ਫ਼ੌਜਦਾਰੀ ਕਾਨੂੰਨ ਦੇ ਬੁਨਿਆਦੀ ਸਿਧਾਂਤ ਦੀ ਉਲੰਘਣਾ 'ਤੇ ਡੂੰਘੀ ਚਿੰਤਾ ਜਤਾਉਂਦਿਆਂ ਕਿਹਾ ਕਿ ਅੱਜ ਨਿਆਂਇਕ ਪ੍ਰਕਿਰਿਆ ਖ਼ੁਦ ਇੱਕ ਸਜ਼ਾ ਬਣ ਚੁੱਕੀ ਹੈ। ਦੇਸ਼ ਦੀਆਂ ਜੇਲ੍ਹਾਂ ਵਿੱਚ ਦੋਸ਼ੀ ਠਹਿਰਾਏ ਗਏ ਕੈਦੀਆਂ ਨਾਲੋਂ ਤਿੰਨ ਗੁਣਾ ਵੱਧ ਵਿਚਾਰ-ਅਧੀਨ ਕੈਦੀ ਬੰਦ ਹਨ। ਉਨ੍ਹਾਂ ਉਮਰ ਖ਼ਾਲਿਦ ਦਾ ਉਦਾਹਰਣ ਦਿੰਦਿਆਂ ਕਿਹਾ ਕਿ ਉਹ ਛੇ ਸਾਲਾਂ ਤੋਂ ਬਿਨਾਂ ਸੁਣਵਾਈ ਸ਼ੁਰੂ ਹੋਏ ਜੇਲ੍ਹ ਵਿੱਚ ਬੰਦ ਹੈ। ਇਸੇ ਤਰ੍ਹਾਂ ਲੱਦਾਖ ਦੇ ਸਮਾਜਿਕ ਕਾਰਕੁਨ ਸੋਨਮ ਵਾਂਗਚੁਕ ਦੀ ਨਜ਼ਰਬੰਦੀ ਵਿਰੁੱਧ ਪਾਈ ਗਈ 'ਹੈਬੀਅਸ ਕਾਰਪਸ' ਪਟੀਸ਼ਨ 'ਤੇ ਤੁਰੰਤ ਫ਼ੈਸਲਾ ਲੈਣ ਦੀ ਬਜਾਏ ਅਦਾਲਤ ਵੱਲੋਂ ਸੁਣਵਾਈ ਟਾਲਣਾ ਨਾਗਰਿਕਾਂ ਦੀ ਨਿੱਜੀ ਆਜ਼ਾਦੀ ਦੇ ਅਧਿਕਾਰ ਨੂੰ ਕਮਜ਼ੋਰ ਕਰਦਾ ਹੈ।


ਸਾਬਕਾ ਜੱਜ ਨੇ ਵਕੀਲ ਭਾਈਚਾਰੇ ਦੇ ਡਿੱਗਦੇ ਮਿਆਰ 'ਤੇ ਵੀ ਚੋਟ ਕੀਤੀ। ਉਨ੍ਹਾਂ ਕਿਹਾ ਕਿ ਵਕੀਲਾਂ ਦੀਆਂ ਮਹਿੰਗੀਆਂ ਫ਼ੀਸਾਂ ਕਾਰਨ ਗ਼ਰੀਬਾਂ ਲਈ ਨਿਆਂ ਦੂਰ ਹੁੰਦਾ ਜਾ ਰਿਹਾ ਹੈ। ਬਾਰ ਕੌਂਸਲ ਆਫ਼ ਇੰਡੀਆ ਕਾਨੂੰਨੀ ਸਿੱਖਿਆ ਦੇ ਡਿੱਗਦੇ ਮਿਆਰ ਅਤੇ ਗ਼ਲਤ ਆਚਰਣ ਵਾਲੇ ਵਕੀਲਾਂ ਖ਼ਿਲਾਫ਼ ਕਾਰਵਾਈ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ।

# 9/11 ਹਮਲੇ ਦੇ 25 ਸਾਲ ਬਾਅਦ ਸੀ.ਆਈ.ਏ. ਦਾ ਵੱਡਾ ਖ਼ੁਲਾਸਾ: ਹਮਲਿਆਂ ਤੋਂ ਪਹਿਲਾਂ ਹੀ ਲਾਦੇਨ ਦੇ ਨਿਸ਼ਾਨੇ 'ਤੇ ਸੀ ਭਾਰਤ

ਅਮਰੀਕਾ ਵਿੱਚ ਹੋਏ 9/11 ਦਹਿਸ਼ਤਗਰਦ ਹਮਲਿਆਂ ਦੀ 25ਵੀਂ ਬਰਸੀ ਮੌਕੇ ਕੇਂਦਰੀ ਖ਼ੁਫ਼ੀਆ ਏਜੰਸੀ ਵੱਲੋਂ ਜਨਤਕ ਕੀਤੇ ਗਏ ਗੁਪਤ ਦਸਤਾਵੇਜ਼ਾਂ ਵਿੱਚ ਇੱਕ ਵੱਡਾ ਖ਼ੁਲਾਸਾ ਹੋਇਆ ਹੈ। ਰਿਪੋਰਟ ਮੁਤਾਬਕ, 11 ਸਤੰਬਰ 2001 ਦੇ ਹਮਲਿਆਂ ਤੋਂ ਕਈ ਸਾਲ ਪਹਿਲਾਂ ਹੀ ਅਲ-ਕਾਇਦਾ ਮੁਖੀ ਓਸਾਮਾ ਬਿਨ ਲਾਦੇਨ ਭਾਰਤ ਸਮੇਤ ਕਈ ਦੇਸ਼ਾਂ ਨੂੰ ਨਿਸ਼ਾਨਾ ਬਣਾਉਣ ਦੇ ਬਦਲ ਲੱਭ ਰਿਹਾ ਸੀ।

ਅਮਰੀਕੀ ਖ਼ੁਫ਼ੀਆ ਏਜੰਸੀ ਸੀ.ਆਈ.ਏ. ਨੇ ਹਾਲ ਹੀ ਵਿੱਚ ਆਪਣੇ ਪੁਰਾਣੇ ਗੁਪਤ ਦਸਤਾਵੇਜ਼ ਜਨਤਕ ਕੀਤੇ ਹਨ। ਇਹ ਉਹ ਰਿਪੋਰਟਾਂ ਹਨ ਜੋ ਉਸ ਸਮੇਂ ਦੇ ਅਮਰੀਕੀ ਰਾਸ਼ਟਰਪਤੀ ਨੂੰ ਰੋਜ਼ਾਨਾ ਦੇਸ਼ ਅਤੇ ਦੁਨੀਆ ਭਰ ਦੇ ਵੱਡੇ ਖ਼ਤਰਿਆਂ ਬਾਰੇ ਜਾਣੂ ਕਰਵਾਉਣ ਲਈ ਦਿੱਤੀਆਂ ਜਾਂਦੀਆਂ ਸਨ। ਇਨ੍ਹਾਂ ਨੂੰ 'ਪ੍ਰੈਜ਼ੀਡੈਂਸ਼ੀਅਲ ਡੇਲੀ ਬ੍ਰੀਫ਼' ਕਿਹਾ ਜਾਂਦਾ ਹੈ।

ਇਸੇ ਲੜੀ ਤਹਿਤ 70 ਤੋਂ ਵੱਧ ਅਹਿਮ ਫਾਈਲਾਂ ਅਤੇ 100 ਤੋਂ ਵੱਧ ਪੰਨਿਆਂ ਦੀ ਜਾਣਕਾਰੀ ਸਾਹਮਣੇ ਆਈ ਹੈ। ਇਨ੍ਹਾਂ ਵਿੱਚ ਸਭ ਤੋਂ ਅਹਿਮ 28 ਅਗਸਤ 1998 ਦੀ ਇੱਕ ਖ਼ਾਸ ਰਿਪੋਰਟ ਹੈ, ਜਿਸ ਦਾ ਵਿਸ਼ਾ ਸੀ 'ਬਿਨ ਲਾਦੇਨ ਦਾ ਦਹਿਸ਼ਤੀ ਨੈੱਟਵਰਕ ਅਜੇ ਵੀ ਵੱਡਾ ਖ਼ਤਰਾ ਹੈ'।



ਇਸ ਦਸਤਾਵੇਜ਼ ਅਨੁਸਾਰ, ਲਾਦੇਨ ਭਾਰਤ, ਪਾਕਿਸਤਾਨ, ਮਿਸਰ, ਕੁਵੈਤ, ਸਾਊਦੀ ਅਰਬ, ਯਮਨ, ਯੂਗਾਂਡਾ ਅਤੇ ਨਾਈਜੀਰੀਆ ਵਰਗੇ ਦੇਸ਼ਾਂ ਵਿੱਚ ਹਮਲੇ ਕਰਨ ਦੀ ਯੋਜਨਾ ਘੜ ਰਿਹਾ ਸੀ। ਹਾਲਾਂਕਿ, ਇਸ ਰਿਪੋਰਟ ਵਿੱਚ ਭਾਰਤ ਦੇ ਕਿਸੇ ਖ਼ਾਸ ਸ਼ਹਿਰ, ਇਮਾਰਤ, ਵਿਅਕਤੀ ਜਾਂ ਹਮਲੇ ਦੀ ਨਿਰਧਾਰਿਤ ਤਾਰੀਖ਼ ਦਾ ਕੋਈ ਖ਼ਾਸ ਵੇਰਵਾ ਨਹੀਂ ਦਿੱਤਾ ਗਿਆ ਸੀ।

ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ 1998 ਵਿੱਚ ਅਫ਼ਗਾਨਿਸਤਾਨ ਅਤੇ ਸੁਡਾਨ ਵਿਚਲੇ ਅਲ-ਕਾਇਦਾ ਦੇ ਟਿਕਾਣਿਆਂ 'ਤੇ ਹੋਏ ਅਮਰੀਕੀ ਮਿਜ਼ਾਈਲ ਹਮਲਿਆਂ ਦੇ ਬਾਵਜੂਦ ਲਾਦੇਨ ਦਾ ਨੈੱਟਵਰਕ ਖ਼ਤਮ ਨਹੀਂ ਹੋਇਆ ਸੀ। ਅਲ-ਕਾਇਦਾ ਦੇ ਸੰਪਰਕ 60 ਤੋਂ ਵੱਧ ਦੇਸ਼ਾਂ ਵਿੱਚ ਫੈਲੇ ਹੋਏ ਸਨ। ਇਹ ਰਿਪੋਰਟ ਉਸ ਵੇਲੇ ਤਿਆਰ ਕੀਤੀ ਗਈ ਸੀ ਜਦੋਂ ਅਮਰੀਕਾ ਨੇ ਕੀਨੀਆ ਅਤੇ ਤਨਜ਼ਾਨੀਆ ਵਿਚਲੇ ਆਪਣੇ ਦੂਤਾਵਾਸਾਂ 'ਤੇ ਹੋਏ ਬੰਬ ਧਮਾਕਿਆਂ ਦੇ ਜਵਾਬ ਵਿੱਚ ਅਫ਼ਗਾਨਿਸਤਾਨ ਅਤੇ ਸੁਡਾਨ ਸਥਿਤ ਲਾਦੇਨ ਦੇ ਅੱਡਿਆਂ 'ਤੇ ਮਿਜ਼ਾਈਲਾਂ ਦਾਗੀਆਂ ਸਨ। ਅਮਰੀਕੀ ਹਮਲਿਆਂ ਦੇ ਬਾਵਜੂਦ ਲਾਦੇਨ ਦਾ ਸੰਚਾਰ ਢਾਂਚਾ ਪੂਰੀ ਤਰ੍ਹਾਂ ਤਬਾਹ ਨਹੀਂ ਹੋਇਆ ਸੀ ਅਤੇ ਉਹ ਨਵੇਂ ਲੜਾਕਿਆਂ ਨੂੰ ਸਿਖਲਾਈ ਦੇ ਕੇ ਮੁੜ ਸੰਗਠਿਤ ਕਰ ਰਿਹਾ ਸੀ। ਸੀ.ਆਈ.ਏ. ਨੇ ਅਮਰੀਕਾ ਅਤੇ ਬਰਤਾਨੀਆ ਵਿਰੁੱਧ ਵੀ ਗੰਭੀਰ ਖ਼ਤਰੇ ਦੀ ਚਿਤਾਵਨੀ ਦਿੱਤੀ ਸੀ।

ਇਨ੍ਹਾਂ ਖ਼ੁਫ਼ੀਆ ਚਿਤਾਵਨੀਆਂ ਦੇ ਤਿੰਨ ਸਾਲ ਬਾਅਦ,

(ਬਾਕੀ ਸਫ਼ਾ 26 'ਤੇ)




# ਰੈਗਿੰਗ ਦਾ ਕਹਿਰ

## ਵਿਦਿਅਕ ਸੰਸਥਾਵਾਂ 'ਚ ਰੈਗਿੰਗ ਬਣੀ ਵੱਡੀ ਸਮੱਸਿਆ

## ਹਾਸੇ ਨਾਲ ਖੇਡਦੇ ਬੱਚਿਆ ਦੀ ਜ਼ਿੰਦਗੀ ਬਰਬਾਦ ਕਰ ਦਿੰਦੀਆਂ ਹਨ ਰੈਗਿੰਗ ਦੀਆਂ ਡਰਾਉਣੀਆਂ ਕਹਾਣੀਆਂ

ਲੰਘੇ ਦਿਨੀਂ ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ ਦੇ ਇੱਕ ਬੋਰਡਿੰਗ ਸਕੂਲ ਵਿੱਚ ਸਿੱਖ ਬੱਚੇ ਨਾਲ ਰੈਗਿੰਗ ਦੀ ਘਟਨਾ ਨੇ ਰੈਗਿੰਗ ਦਾ ਮੁੱਦਾ ਇੱਕ ਵਾਰ ਫੇਰ ਉਭਾਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਬੱਚੇ ਨਾਲ ਰੈਗਿੰਗ ਹੋਣ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ ਅਤੇ ਦੋਸ਼ੀ ਵਿਦਿਆਰਥੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

ਸਕੂਲਾਂ/ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਦੀ ਕੀਤੀ ਜਾਂਦੀ ਰੈਗਿੰਗ ਹੁਣ ਵੱਡਾ ਅਪਰਾਧ ਬਣ ਗਈ ਹੈ। ਪਹਿਲਾਂ ਰੈਗਿੰਗ ਸਿਰਫ਼ ਕਾਲਜਾਂ ਅਤੇ ਯੂਨੀਵਰਸਿਟੀਆਂ ਤੱਕ ਹੀ ਸੀਮਿਤ ਸੀ, ਪਰ ਹੁਣ ਰੈਗਿੰਗ ਦਾ ਜ਼ਹਿਰ ਸਕੂਲਾਂ ਵਿੱਚ ਵੀ ਫੈਲ ਗਿਆ ਹੈ, ਜਿਸ ਦੇ ਸ਼ਿਕਾਰ ਆਮ ਭੋਲੇ ਭਾਲੇ ਵਿਦਿਆਰਥੀ ਹੋ ਰਹੇ ਹਨ। ਹੁਣ ਤਾਂ ਸਕੂਲ /ਕਾਲਜ ਸ਼ੁਰੂ ਹੁੰਦੇ ਹੀ ਰੈਗਿੰਗ ਸ਼ੁਰੂ ਹੋ ਜਾਂਦੀ ਹੈ। ਫਰੈਸ਼ਰਾਂ ਨੂੰ ਰੈਗਿੰਗ ਵਿੱਚੋਂ ਲੰਘਣਾ ਪੈਂਦਾ ਹੈ, ਜਿਸ ਵਿੱਚ ਕਾਲਜ ਦੇ ਸੀਨੀਅਰਜ਼ ਫਰੈਸ਼ਰਾਂ ਨਾਲ ਮੋਢੇ ਨਾਲ ਮੋਢਾ ਜੋੜਦੇ ਹਨ। ਸਹੀ ਅਰਥਾਂ ਵਿੱਚ ਰੈਗਿੰਗ ਦਾ ਮਤਲਬ ਹੈ ਸੀਨੀਅਰ ਵਿਦਿਆਰਥੀਆਂ ਅਤੇ ਪੁਰਾਣੇ ਵਿਦਿਆਰਥੀਆਂ ਵਿਚਕਾਰ ਗ਼ੈਰ ਰਸਮੀ ਮੁਲਾਕਾਤ ਤਾਂ ਜੋ ਉਹ ਇਕ ਦੂਜੇ ਨੂੰ ਜਾਣ ਸਕਣ ਪਰ ਪਿਛਲੇ ਕੁਝ ਸਾਲਾਂ ਵਿੱਚ ਰੈਗਿੰਗ ਦਾ ਇੱਕ ਨਵਾਂ ਰੂਪ ਸਾਹਮਣੇ ਆਇਆ ਹੈ।

ਰੈਗਿੰਗ ਦੇ ਨਾਂਅ 'ਤੇ ਨਵੇਂ ਬੱਚਿਆਂ ਨਾਲ ਤਸ਼ੱਦਦ ਹੁੰਦਾ ਹੈ। ਸੀਨੀਅਰ ਵਿਦਿਆਰਥੀ ਨਵੇਂ ਵਿਦਿਆਰਥੀਆਂ ਨੂੰ ਮਾਨਸਿਕ ਅਤੇ ਸਰੀਰਕ ਪੀੜ ਦੇਣ ਲੱਗ ਜਾਂਦੇ ਹਨ। ਉਨ੍ਹਾਂ ਨਾਲ ਉਹ ਕੰਮ ਕਰਨ ਲੱਗ ਜਾਂਦੇ ਹਨ ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਨਵੇਂ ਵਿਦਿਆਰਥੀ ਬਹੁਤ ਸਾਰੀਆਂ ਉਮੀਦਾਂ ਨਾਲ ਕਾਲਜ ਜਾਂਦੇ ਹਨ ਪਰ ਜਦੋਂ ਰੈਗਿੰਗ ਦੇ ਨਾਂਅ 'ਤੇ ਉਨ੍ਹਾਂ ਦਾ ਸ਼ੋਸ਼ਣ ਹੁੰਦਾ ਹੈ ਤਾਂ ਇਹ ਉਨ੍ਹਾਂ ਦੇ ਦਿਲਾਂ-ਦਿਮਾਗ਼ਾਂ 'ਤੇ ਬਹੁਤ ਬੁਰਾ ਅਸਰ ਪਾਉਂਦਾ ਹੈ। ਨਵੇਂ ਕਾਲਜ ਬਾਰੇ ਨਵੇਂ ਸੁਪਨੇ ਬੁਣ ਰਹੇ ਬੱਚੇ ਇਸ ਰੈਗਿੰਗ ਕਾਰਨ ਡਿਪਰੈਸ਼ਨ ਵਿੱਚ ਚਲੇ ਜਾਂਦੇ ਹਨ ਅਤੇ ਕਈ ਵਾਰ ਖ਼ੁਦਕੁਸ਼ੀ ਵਰਗੇ ਮਾਮਲੇ ਸਾਹਮਣੇ ਆਉਣ ਲੱਗ ਪੈਂਦੇ ਹਨ।

ਕੁਝ ਸਮਾਂ ਪਹਿਲਾਂ ਕੋਲਕਾਤਾ 'ਚ ਰੈਗਿੰਗ ਕਾਰਨ ਇੱਕ ਵਿਦਿਆਰਥੀ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਸੀ। ਇਹ ਮਾਮਲਾ ਪੱਛਮੀ ਬੰਗਾਲ ਦੀ ਜਾਦਵਪੁਰ ਯੂਨੀਵਰਸਿਟੀ ਦਾ ਸੀ। ਪਹਿਲੇ ਸਾਲ ਦੇ ਵਿਦਿਆਰਥੀ ਦੀ ਦੂਜੀ ਮੰਜ਼ਿਲ ਤੋਂ ਡਿੱਗ ਕੇ ਮੌਤ ਹੋ ਗਈ। ਜਦੋਂ ਜਾਂਚ ਸ਼ੁਰੂ ਕੀਤੀ ਗਈ ਤਾਂ ਪਤਾ ਲੱਗਾ ਕਿ ਇਸ ਵਿਦਿਆਰਥੀ ਨਾਲ ਰੈਗਿੰਗ ਹੋਈ ਸੀ। ਸਵਪਨਦੀਪ ਸਿਰਫ਼ 18 ਸਾਲ ਦਾ ਸੀ। ਉਸ ਨੇ ਇਸ ਕਾਲਜ ਵਿੱਚ ਦਾਖ਼ਲਾ ਲਿਆ, ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਨਵੀਂ ਉਡਾਣ ਭਰੀ, ਪਰ ਰੈਗਿੰਗ ਨੇ ਉਸ ਦੀ ਜੀਵਨ ਲੀਲਾ ਸਮਾਪਤ ਕਰ ਦਿੱਤੀ। ਖ਼ਬਰਾਂ ਆਈਆਂ ਸਨ ਕਿ ਸਵਪਨਦੀਪ ਨਾਲ ਦੋ ਘੰਟੇ ਤੱਕ ਰੈਗਿੰਗ ਕੀਤੀ ਗਈ ਜਿਸ ਵਿੱਚ ਉਸ ਨਾਲ ਇਤਰਾਜ਼ਯੋਗ ਗੱਲਾਂ ਕਹੀਆਂ ਗਈਆਂ। ਉਸ ਨੂੰ ਆਪਣੇ ਵਾਲ ਕੱਟਣ ਲਈ ਮਜਬੂਰ ਕੀਤਾ ਗਿਆ।

ਇਸੇ ਤਰ੍ਹਾਂ ਹੋਰ ਵੀ ਵੱਡੀ ਗਿਣਤੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਨਵੇਂ ਵਿਦਿਆਰਥੀਆਂ ਨਾਲ ਰੈਗਿੰਗ ਕੀਤੀ ਜਾਂਦੀ ਹੈ। ਜਦੋਂ ਕਿਸੇ ਖਾਸ ਭਾਈਚਾਰੇ ਦੇ ਵਿਦਿਆਰਥੀ ਨਾਲ ਰੈਗਿੰਗ ਕੀਤੀ ਜਾਂਦੀ ਹੈ ਤਾਂ ਇਹ ਧਾਰਮਿਕ ਮੁੱਦਾ ਵੀ ਬਣ ਜਾਂਦਾ ਹੈ। ਰੈਗਿੰਗ ਦੀਆਂ ਅਜਿਹੀਆਂ ਕਈ ਡਰਾਉਣੀਆਂ ਕਹਾਣੀਆਂ ਹਾਸੇ ਨਾਲ ਖੇਡਦੇ ਬੱਚਿਆਂ ਦੀ ਜ਼ਿੰਦਗੀ ਬਰਬਾਦ ਕਰ ਦਿੰਦੀਆਂ ਹਨ। ਕਈ ਬੱਚੇ ਡਿਪ੍ਰੈਸ਼ਨ ਵਿੱਚ ਚਲੇ ਜਾਂਦੇ ਹਨ, ਜਦੋਂ ਕਿ ਕਈ ਮੌਤ ਨੂੰ ਗਲੇ ਲਗਾ ਲੈਂਦੇ ਹਨ। ਪਹਿਲਾ ਸਾਲ ਕਾਲਜ ਦਾ ਪਹਿਲਾ ਕਦਮ ਹੁੰਦਾ ਹੈ ਅਤੇ ਜਦੋਂ ਉਨ੍ਹਾਂ ਨੂੰ ਪਹਿਲੇ ਕਦਮ 'ਤੇ ਹੀ ਅਜਿਹੀਆਂ ਚੀਜ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਇਹ ਉਨ੍ਹਾਂ ਦੇ ਦਿਮਾਗ ਨੂੰ ਨਕਾਰਾਤਮਕਤਾ ਨਾਲ ਭਰ ਦਿੰਦਾ ਹੈ। ਸਿੱਖਿਆ ਮਾਹਿਰ ਕਹਿੰਦੇ ਹਨ ਕਿ ਜੇਕਰ ਤੁਹਾਡੇ ਬੱਚੇ ਨੇ ਕਾਲਜ ਜਾਣਾ ਸ਼ੁਰੂ ਕੀਤਾ ਹੈ ਤਾਂ ਇਨ੍ਹਾਂ ਗੱਲਾਂ ਵੱਲ ਧਿਆਨ ਦਿਓ ਅਤੇ ਆਪਣੇ ਬੱਚੇ ਨੂੰ ਰੈਗਿੰਗ ਦੇ ਜ਼ਹਿਰ ਤੋਂ ਬਚਾਓ। ਜੇਕਰ ਤੁਹਾਡਾ ਬੱਚਾ ਹੋਸਟਲ ਵਿੱਚ ਰਹਿ ਰਿਹਾ ਹੈ, ਤਾਂ ਉਸ ਨਾਲ ਨਿਯਮਿਤ ਤੌਰ 'ਤੇ ਫ਼ੋਨ 'ਤੇ ਗੱਲ ਕਰੋ, ਸੰਭਵ ਤੌਰ 'ਤੇ ਸ਼ੁਰੂਆਤੀ ਘੰਟਿਆਂ ਵਿੱਚ ਉਸ ਨੂੰ ਮਿਲਦੇ ਰਹੋ। ਬੱਚੇ ਦੇ ਵਿਵਹਾਰ 'ਤੇ ਧਿਆਨ ਦਿਓ, ਜੇਕਰ ਤੁਹਾਨੂੰ ਲੱਗਦਾ ਹੈ ਕਿ ਬੱਚਾ ਚੁੱਪ ਰਹਿਣ ਲੱਗ ਪਿਆ ਹੈ ਤਾਂ ਇਸ ਨੂੰ ਗੰਭੀਰਤਾ ਨਾਲ ਲਓ। ਬੱਚੇ ਨੂੰ ਹਮੇਸ਼ਾ ਅਧਿਆਪਕਾਂ ਨਾਲ ਗੱਲ ਕਰਨ ਲਈ ਉਤਸ਼ਾਹਿਤ ਕਰੋ ਤਾਂ ਜੋ ਉਸ ਨੂੰ ਕੋਈ ਸਮੱਸਿਆ ਹੋਵੇ ਤਾਂ ਉਹ ਅਧਿਆਪਕਾਂ ਨੂੰ ਦੱਸ ਸਕੇ। ਆਪਣੇ ਬੱਚੇ ਦੇ ਦੋਸਤਾਂ ਬਾਰੇ ਪੂਰੀ ਜਾਣਕਾਰੀ ਰੱਖੋ ਅਤੇ ਹੋ ਸਕੇ ਤਾਂ ਉਨ੍ਹਾਂ ਨਾਲ ਵੀ ਗੱਲ ਕਰਦੇ ਰਹੋ। ਉਨ੍ਹਾਂ ਨੂੰ ਰੈਗਿੰਗ ਲਈ ਪਹਿਲਾਂ ਤੋਂ ਤਿਆਰ ਕਰੋ ਅਤੇ ਦੱਸੋ ਕਿ ਜੇਕਰ ਕੋਈ ਗਲਤ ਰੈਗਿੰਗ ਕਰਦਾ ਹੈ ਤਾਂ ਇਸ ਬਾਰੇ ਅਧਿਆਪਕਾਂ ਨੂੰ ਸੂਚਿਤ ਕਰੋ।

**ਸਿੱਖਿਆ ਸੰਸਥਾ ਵਿੱਚ ਕਿਸੇ ਵੀ ਬੱਚੇ ਨਾਲ ਰੈਗਿੰਗ ਹੋਣਾ ਬੇਹੱਦ ਮੰਦਭਾਗਾ ਹੈ। ਬੱਚਿਆਂ ਦੀ ਸੁਰੱਖਿਆ ਅਤੇ ਉਨ੍ਹਾਂ ਲਈ ਸੁਖਾਵਾਂ ਵਾਤਾਵਰਣ ਮੁਹੱਈਆ ਕਰਵਾਉਣਾ ਸਕੂਲ ਪ੍ਰਬੰਧਕਾਂ ਦੀ ਮੁੱਢਲੀ ਜ਼ਿੰਮੇਵਾਰੀ ਹੁੰਦੀ ਹੈ। ਰੈਗਿੰਗ ਕਿਸੇ ਵੀ ਰੂਪ ਵਿੱਚ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ ਅਤੇ ਸਿੱਖਿਆ ਸੰਸਥਾਵਾਂ ਨੂੰ ਇਸ ਪ੍ਰਤੀ ਸੰਜੀਦਾ ਹੋਣਾ ਚਾਹੀਦਾ ਹੈ। ਸਿਰਫ਼ ਰੈਗਿੰਗ ਕਰਨ ਵਾਲੇ ਵਿਦਿਆਰਥੀਆਂ ਦੀ ਜ਼ਿੰਮੇਵਾਰੀ ਤੈਅ ਕਰਨਾ ਹੀ ਕਾਫ਼ੀ ਨਹੀਂ, ਸਗੋਂ ਇਹ ਵੀ ਜਾਂਚਿਆ ਜਾਣਾ ਚਾਹੀਦਾ ਹੈ ਕਿ ਸਕੂਲ/ਕਾਲਜ ਪ੍ਰਸ਼ਾਸਨ ਵੱਲੋਂ ਰੈਗਿੰਗ ਰੋਕਣ ਲਈ ਸਮੇਂ ਸਿਰ ਲੋੜੀਂਦੇ ਕਦਮ ਕਿਉਂ ਨਹੀਂ ਚੁੱਕੇ ਗਏ।**

ਵਿਦਿਅਕ ਸੰਸਥਾਵਾਂ ਵਿੱਚ ਰੈਗਿੰਗ ਇੱਕ ਗੰਭੀਰ ਅਤੇ ਚਿੰਤਾਜਨਕ ਸਮੱਸਿਆ ਬਣ ਚੁੱਕੀ ਹੈ, ਜੋ ਨਵੇਂ ਵਿਦਿਆਰਥੀਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਵਿੱਚ ਵੱਡੀ ਰੁਕਾਵਟ ਪੈਦਾ ਕਰਦੀ ਹੈ। ਸ਼ੁਰੂਆਤ ਵਿੱਚ ਇਸ ਨੂੰ ਸਿਰਫ਼ ਇੱਕ ਆਪਸੀ ਜਾਣ-ਪਛਾਣ ਜਾਂ ਮਨੋਰੰਜਨ ਦਾ ਸਾਧਨ ਮੰਨਿਆ ਜਾਂਦਾ ਸੀ, ਪਰ ਸਮੇਂ ਦੇ ਨਾਲ ਇਸ ਨੇ ਇੱਕ ਹਿੰਸਕ ਅਤੇ ਅਣਮਨੁੱਖੀ ਰੂਪ ਧਾਰਨ ਕਰ ਲਿਆ ਹੈ।

ਨਵੇਂ ਵਿਦਿਆਰਥੀ ਅਕਸਰ ਡਰ, ਚਿੰਤਾ ਅਤੇ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਜਾਂਦੇ ਹਨ। ਕਈ ਵਾਰ ਇਹ ਡਰ ਇੰਨਾ ਵੱਧ ਜਾਂਦਾ ਹੈ ਕਿ ਵਿਦਿਆਰਥੀ ਆਤਮ-ਹੱਤਿਆ ਵਰਗਾ ਖ਼ੌਫ਼ਨਾਕ ਕਦਮ ਚੁੱਕ ਲੈਂਦੇ ਹਨ ਕੁਝ ਸੀਨੀਅਰ ਵਿਦਿਆਰਥੀ ਆਪਣੀ ਤਾਕਤ ਜਾਂ ਰੋਹਬ ਦਿਖਾਉਣ ਲਈ ਰੈਗਿੰਗ ਨੂੰ ਇੱਕ ਹਥਿਆਰ ਵਜੋਂ ਵਰਤਦੇ ਹਨ। ਕਈ ਸੰਸਥਾਵਾਂ ਵਿੱਚ ਐਂਟੀ-ਰੈਗਿੰਗ ਨਿਯਮ ਹੋਣ ਦੇ ਬਾਵਜੂਦ, ਉਹਨਾਂ ਨੂੰ ਜ਼ਮੀਨੀ ਪੱਧਰ 'ਤੇ ਸਖ਼ਤੀ ਨਾਲ ਲਾਗੂ ਨਹੀਂ ਕੀਤਾ ਜਾਂਦਾ। ਨਵੇਂ ਵਿਦਿਆਰਥੀ ਬਦਲੇ ਦੀ ਭਾਵਨਾ ਜਾਂ ਸਮਾਜਿਕ ਬਦਨਾਮੀ ਦੇ ਡਰੋਂ ਚੁੱਪ ਰਹਿਣਾ ਬਿਹਤਰ ਸਮਝਦੇ ਹਨ। ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ ਰੈਗਿੰਗ ਇੱਕ ਸਜ਼ਾਯੋਗ ਅਪਰਾਧ ਹੈ। ਦੋਸ਼ੀ ਵਿਦਿਆਰਥੀਆਂ ਨੂੰ ਤੁਰੰਤ ਸੰਸਥਾ ਵਿੱਚੋਂ ਕੱਢਿਆ ਜਾਣਾ ਚਾਹੀਦਾ ਹੈ ਅਤੇ ਉਹਨਾਂ 'ਤੇ ਕਾਨੂੰਨੀ ਕੇਸ ਦਰਜ ਹੋਣਾ ਚਾਹੀਦਾ ਹੈ।

(ਬਾਕੀ ਸਫ਼ਾ 26 'ਤੇ)

# ਐੱਮ ਏ ਹਿਸਟਰੀ ਸਿਲੇਬਸ 'ਚੋਂ ਹਟਾਏ ਗਏ ਸਿੱਖ ਤੇ ਪੰਜਾਬ ਦੇ ਇਤਿਹਾਸ ਨਾਲ ਸਬੰਧਿਤ ਵਿਸ਼ੇ ਮੁੜ ਬਹਾਲ ਕੀਤੇ ਜਾਣ : 'ਸੱਥ' ਜਥੇਬੰਦੀ



ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਅਕਾਦਮਿਕ ਸੈਸ਼ਨ 2026-27 ਲਈ ਐੱਨ ਈ ਪੀ ਤਹਿਤ ਐੱਮ ਏ ਹਿਸਟਰੀ ਦੇ ਸਿਲੇਬਸ ਵਿੱਚੋਂ ਸਿੱਖ ਇਤਿਹਾਸ ਅਤੇ ਪੰਜਾਬ ਦੇ ਇਤਿਹਾਸ ਨਾਲ ਸਬੰਧਤ ਵਿਸ਼ਿਆਂ ਨੂੰ ਹਟਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਵਿਦਿਆਰਥੀ ਜਥੇਬੰਦੀ 'ਸੱਥ' ਵੱਲੋਂ ਇਸ ਉੱਤੇ ਇਤਰਾਜ਼ ਪ੍ਰਗਟਾਉਂਦਿਆਂ ਵਾਈਸ-ਚਾਂਸਲਰ ਨੂੰ ਇੱਕ ਮੰਗ-ਪੱਤਰ ਸੌਂਪਿਆ ਗਿਆ।

ਵਿਦਿਆਰਥੀ ਆਗੂ ਅਸ਼ਮੀਤ ਸਿੰਘ ਅਤੇ ਅਨਮੋਲ ਪ੍ਰਤਾਪ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਅਕਾਦਮਿਕ ਸੈਸ਼ਨ 2025-26 ਅਤੇ ਇਸ ਤੋਂ ਪਹਿਲਾਂ ਵੀ ਲਾਗੂ ਰਹੇ ਸਿਲੇਬਸ ਵਿੱਚ ਸਿੱਖ ਧਰਮ ਦੇ ਇਤਿਹਾਸ, ਸਿੱਖ ਸੰਸਥਾਵਾਂ ਅਤੇ ਪੰਜਾਬ ਦੇ ਇਤਿਹਾਸ ਨਾਲ ਸਬੰਧਤ ਮਹੱਤਵਪੂਰਨ ਹਿੱਸੇ ਸ਼ਾਮਲ ਸਨ। ਇਨ੍ਹਾਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਣ ਵਾਲਾ ਇਤਿਹਾਸਕ ਦੌਰ, ਸਿੱਖੀ ਦੇ ਵਿਕਾਸ ਅਤੇ ਸਿੱਖ ਸੰਸਥਾਵਾਂ ਦਾ ਵਿਕਾਸ, ਬੰਦਾ ਸਿੰਘ ਬਹਾਦਰ, ਦਲ ਖ਼ਾਲਸਾ, ਸਿੱਖ ਮਿਸਲਾਂ, ਸਿੱਖ ਰਾਜਨੀਤਿਕ ਤਾਕਤ ਦੇ ਉਭਾਰ ਅਤੇ ਮਜ਼ਬੂਤੀਕਰਨ ਦੇ ਦੌਰ ਤੋਂ ਇਲਾਵਾ ਪੰਜਾਬ ਦੇ ਇਤਿਹਾਸ ਦੇ ਵੱਖ-ਵੱਖ ਮਹੱਤਵਪੂਰਨ ਪੜਾਅ 1966 ਤੱਕ ਸ਼ਾਮਲ ਸਨ, ਜੋ ਕਿ ਲਾਜ਼ਮੀ ਸਨ।

ਉਨ੍ਹਾਂ ਕਿਹਾ ਕਿ ਮੌਜੂਦਾ ਅਕਾਦਮਿਕ ਸੈਸ਼ਨ ਤੋਂ ਲਾਗੂ ਕੀਤੇ ਗਏ ਸੋਧੇ ਹੋਏ ਪਾਠਕ੍ਰਮ ਵਿੱਚ ਸਿੱਖ ਇਤਿਹਾਸ ਅਤੇ ਪੰਜਾਬ ਦੇ ਇਤਿਹਾਸ ਨਾਲ ਸਬੰਧਿਤ ਇਨ੍ਹਾਂ ਹਿੱਸਿਆਂ ਨੂੰ ਪੂਰੀ ਤਰ੍ਹਾਂ ਹਟਾ ਕੇ ਉਨ੍ਹਾਂ ਦੀ ਥਾਂ ਹੋਰ ਵਿਸ਼ਿਆਂ ਨੂੰ ਸ਼ਾਮਲ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਐੱਮ ਏ ਹਿਸਟਰੀ ਦੇ ਪਾਠਕ੍ਰਮ ਵਿੱਚੋਂ ਸਿੱਖ ਅਤੇ ਪੰਜਾਬ ਦੇ ਇਤਿਹਾਸ ਦੇ ਇੰਨੇ ਮਹੱਤਵਪੂਰਨ ਹਿੱਸੇ ਨੂੰ ਹਟਾਉਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ, ਖ਼ਾਸ ਕਰਕੇ ਅਜਿਹੀ ਸੰਸਥਾ ਵਿੱਚ ਜਿਸ ਦੀ ਅਕਾਦਮਿਕ ਅਤੇ ਇਤਿਹਾਸਕ ਪਛਾਣ ਪੰਜਾਬ ਦੀ ਧਰਤੀ, ਇਸ ਦੇ ਇਤਿਹਾਸ ਅਤੇ ਅਮੀਰ ਵਿਰਸੇ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ।

ਉਨ੍ਹਾਂ ਮੰਗ ਕੀਤੀ ਕਿ ਐੱਮ ਏ ਇਤਿਹਾਸ ਦੇ ਅਕਾਦਮਿਕ ਸੈਸ਼ਨ 2025-26 ਅਤੇ ਇਸ ਤੋਂ ਪਹਿਲਾਂ ਦੇ ਪਾਠਕ੍ਰਮ ਵਿੱਚ ਸ਼ਾਮਲ ਸਿੱਖ ਇਤਿਹਾਸ ਅਤੇ ਪੰਜਾਬ ਦੇ ਇਤਿਹਾਸ ਨਾਲ ਸਬੰਧਤ ਸਾਰੇ ਵਿਸ਼ਿਆਂ/ਹਿੱਸਿਆਂ ਨੂੰ ਮੁੜ ਬਹਾਲ ਕੀਤਾ ਜਾਵੇ ਅਤੇ ਸੋਧੇ ਹੋਏ ਪਾਠਕ੍ਰਮ ਵਿੱਚ ਉਨ੍ਹਾਂ ਨੂੰ ਢੁੱਕਵੀਂ ਨੁਮਾਇੰਦਗੀ ਦਿੱਤੀ ਜਾਵੇ। ਇਨ੍ਹਾਂ ਸਾਰੇ ਵਿਸ਼ਿਆਂ/ਹਿੱਸਿਆਂ ਨੂੰ ਮੁੜ ਪਹਿਲਾਂ ਦੀ ਤਰ੍ਹਾਂ ਲਾਜ਼ਮੀ ਕੀਤਾ ਜਾਵੇ।

'ਸੱਥ' ਆਗੂ ਨੇ ਕਿਹਾ ਕਿ ਜੇਕਰ ਇਸ ਮਾਮਲੇ ਨੂੰ ਅਣਗੌਲਿਆ ਕੀਤਾ ਜਾਂਦਾ ਹੈ ਅਤੇ ਸਾਡੀਆਂ ਮੰਗਾਂ ਨੂੰ ਪੂਰਾ ਨਹੀਂ ਕੀਤਾ ਜਾਂਦਾ, ਤਾਂ ਵਿਦਿਆਰਥੀ ਜਥੇਬੰਦੀ 'ਸੱਥ' ਇੱਕ ਵੱਡਾ ਸੰਘਰਸ਼ ਉਲੀਕੇਗੀ।

### ਅਥਾਰਿਟੀ ਨੇ ਇੱਕ ਹਫ਼ਤੇ ਦਾ ਸਮਾਂ ਮੰਗਿਆ

ਵਿਦਿਆਰਥੀ ਆਗੂਆਂ ਨੇ ਦੱਸਿਆ ਕਿ ਸੌਂਪੇ ਗਏ ਮੰਗ-ਪੱਤਰ ਦੌਰਾਨ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਸਿਲੇਬਸ ਵਿੱਚ ਮੁੜ ਸੋਧ ਕਰਨ ਲਈ ਇੱਕ ਹਫ਼ਤੇ ਦਾ ਸਮਾਂ ਮੰਗਿਆ ਗਿਆ ਹੈ, ਜਿਸ ਦੌਰਾਨ ਪੁਰਾਣੇ ਸਿਲੇਬਸ ਵਿੱਚ ਸਿੱਖ ਅਤੇ ਪੰਜਾਬ ਇਤਿਹਾਸ ਨਾਲ ਸਬੰਧਿਤ ਵਿਸ਼ਿਆਂ ਨੂੰ ਮੁੜ ਬਹਾਲ ਕੀਤਾ ਜਾਵੇਗਾ।

# 15 ਸਾਲਾਂ ਤੋਂ ਕਿਉਂ ਨਹੀਂ ਹੋਈਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ? ਜਾਣੋ ਪੂਰਾ ਕਾਨੂੰਨੀ ਅਤੇ ਸਿਆਸੀ ਇਤਿਹਾਸ

➤ ਸ਼੍ਰੋਮਣੀ ਕਮੇਟੀ ਵੱਲੋਂ ਗੁਰਪੁਰਬ ਸਮਾਗਮਾਂ ਸਬੰਧੀ ਸਭਾ-ਸੁਸਾਇਟੀਆਂ ਨਾਲ ਮੀਟਿੰਗ ➤ 2011 ਤੋਂ ਬਾਅਦ ਕਿਉਂ ਬੰਦ ਹਨ ਸ਼੍ਰੋਮਣੀ ਕਮੇਟੀ ਚੋਣਾਂ

## ਹਾਈ ਕੋਰਟ ਦੀਆਂ ਪਟੀਸ਼ਨਾਂ ਅਤੇ ਚੋਣ ਪ੍ਰਕਿਰਿਆ ਦੇ ਰੁਕਣ ਦੇ ਅਸਲ ਕਾਰਨ ਕੀ ਹਨ ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੋ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਮੇਤ ਦੇਸ਼ ਭਰ ਦੇ ਅਨੇਕਾਂ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ, ਵਿੱਤ ਅਤੇ ਪ੍ਰਸ਼ਾਸਨ ਚਲਾਉਂਦੀ ਹੈ। ਸਿੱਖ ਗੁਰਦੁਆਰਾ ਐਕਟ, 1925 ਤਹਿਤ ਬਣੀ ਇਹ ਦੇਸ਼ ਦੀ ਸਭ ਤੋਂ ਵੱਡੀ ਚੁਣੀ ਹੋਈ ਧਾਰਮਿਕ ਸੰਸਥਾ ਹੈ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਸ ਸੰਸਥਾ ਦੀਆਂ ਆਖਰੀ ਆਮ ਚੋਣਾਂ ਪੂਰੇ 15 ਸਾਲ ਪਹਿਲਾਂ 2011 ਵਿੱਚ ਹੋਈਆਂ ਸਨ, ਅਤੇ ਉਦੋਂ ਤੋਂ ਹੁਣ ਤੱਕ ਕੋਈ ਨਵੀਂ ਆਮ ਚੋਣ ਨਹੀਂ ਕਰਵਾਈ ਜਾ ਸਕੀ।

ਇਸ ਸੰਸਥਾ ਦੇ ਸੰਵਿਧਾਨਕ ਨਿਯਮਾਂ ਅਨੁਸਾਰ ਕੁੱਲ 170 ਚੁਣੇ ਹੋਏ ਮੈਂਬਰ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਵੱਖ-ਵੱਖ ਚੋਣ ਹਲਕਿਆਂ ਤੋਂ ਆਉਂਦੇ ਹਨ। ਇਸ ਤੋਂ ਇਲਾਵਾ ਦੇਸ਼ ਭਰ ਦੇ ਸਿੱਖਾਂ ਵਿੱਚੋਂ 15 ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ ਅਤੇ 6 ਮੈਂਬਰ ਐਕਸ-ਓਫੀਸ਼ਿਓ (ਹੁਕਮ ਅਨੁਸਾਰ) ਹੁੰਦੇ ਹਨ ਜਿਨ੍ਹਾਂ ਵਿੱਚ ਪੰਜ ਤਖ਼ਤਾਂ ਦੇ ਜਥੇਦਾਰ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸ਼ਾਮਲ ਹਨ। ਔਰਤਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਲਈ ਇਸ ਵਿੱਚ 30 ਸੀਟਾਂ ਰਾਖਵੀਆਂ ਹਨ। ਕੇਂਦਰ ਸਰਕਾਰ ਵੱਲੋਂ ਨਿਯੁਕਤ ਮੁੱਖ ਚੋਣ ਕਮਿਸ਼ਨਰ (ਗੁਰਦੁਆਰਾ ਚੋਣਾਂ) ਵੱਲੋਂ ਵੋਟਰ ਸੂਚੀਆਂ ਤਿਆਰ ਕਰਵਾ ਕੇ ਚੋਣਾਂ ਕਰਵਾਈਆਂ ਜਾਂਦੀਆਂ ਹਨ ਅਤੇ ਚੁਣੇ ਗਏ ਮੈਂਬਰਾਂ ਦਾ ਕਾਰਜਕਾਲ 5 ਸਾਲ ਦਾ ਹੁੰਦਾ ਹੈ।

**15 ਸਾਲਾਂ ਤੋਂ ਚੋਣਾਂ ਨਾ ਹੋਣ ਦੇ ਮੁੱਖ ਕਾਰਨ**

2011 ਦੀਆਂ ਚੋਣਾਂ ਤੋਂ ਤੁਰੰਤ ਬਾਅਦ ਦਾੜ੍ਹੀ ਜਾਂ ਕੇਸ ਕਤਲ ਕਰਨ ਵਾਲੇ ਸਿੱਖਾਂ ਦੇ ਵੋਟ ਅਧਿਕਾਰ ਨੂੰ ਲੈ ਕੇ ਇੱਕ ਗੰਭੀਰ ਅਦਾਲਤੀ ਵਿਵਾਦ ਖੜ੍ਹਾ ਹੋ ਗਿਆ ਸੀ। ਸਾਲ 2016 ਵਿੱਚ ਇਸ ਐਕਟ ਵਿੱਚ ਸੋਧ ਕਰਕੇ ਅਜਿਹੇ ਵਿਅਕਤੀਆਂ ਨੂੰ ਵੋਟਰ ਬਣਨ ਤੋਂ ਅਯੋਗ ਕਰਾਰ ਦਿੱਤਾ ਗਿਆ, ਜਿਸ ਤੋਂ ਬਾਅਦ ਜਾ ਕੇ 2011 ਵਿੱਚ ਚੁਣੇ ਗਏ ਮੈਂਬਰਾਂ ਦਾ ਕਾਰਜਕਾਲ ਰਸਮੀ ਤੌਰ 'ਤੇ ਸ਼ੁਰੂ ਹੋ ਸਕਿਆ। 2016 ਤੋਂ ਪੰਜ ਸਾਲ ਗਿਣਦਿਆਂ ਇਸ ਬੋਰਡ ਦਾ ਕਾਰਜਕਾਲ 2021 ਵਿੱਚ ਖ਼ਤਮ ਹੋ ਜਾਣਾ ਚਾਹੀਦਾ ਸੀ, ਪਰ ਐਕਟ ਦੀ ਧਾਰਾ 51 ਤਹਿਤ ਮੌਜੂਦਾ ਹਾਊਸ ਉਦੋਂ ਤੱਕ ਕੰਮ ਕਰਦਾ ਰਹਿੰਦਾ ਹੈ ਜਦੋਂ ਤੱਕ ਕੋਈ ਨਵਾਂ ਬੋਰਡ ਨਹੀਂ ਚੁਣਿਆ ਜਾਂਦਾ।



**ਸੰਸਦ ਵਿੱਚ ਉੱਠਿਆ ਮਾਮਲਾ ਅਤੇ ਸਰਕਾਰ ਦਾ ਪੱਖ**

ਅਗਸਤ 2025 ਦੌਰਾਨ ਲੋਕ ਸਭਾ ਵਿੱਚ ਇਹ ਮਾਮਲਾ ਗੂੰਜਿਆ ਜਦੋਂ ਕਾਂਗਰਸੀ ਸੰਸਦ ਮੈਂਬਰ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕੇਂਦਰ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਦੀ ਤੈਅ ਸਮਾਂ-ਸੀਮਾ ਬਾਰੇ ਸਵਾਲ ਕੀਤਾ। ਇਸ ਦੇ ਜਵਾਬ ਵਿੱਚ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਸਪੱਸ਼ਟ ਕੀਤਾ ਸੀ ਕਿ ਸਰਕਾਰ ਨੇ ਨਵੀਆਂ ਵੋਟਰ ਸੂਚੀਆਂ ਬਣਾਉਣ ਲਈ ਮੁੱਖ ਚੋਣ ਕਮਿਸ਼ਨਰ ਨਿਯੁਕਤ ਕਰ ਦਿੱਤਾ ਸੀ (ਜਿਸ ਤਹਿਤ ਪੰਜਾਬ ਵਿੱਚ 51 ਲੱਖ ਵੋਟਰ ਰਜਿਸਟਰਡ ਹੋਏ), ਪਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੋਣ ਪ੍ਰਕਿਰਿਆ ਨੂੰ ਲੈ ਕੇ ਦਾਖ਼ਲ ਪਟੀਸ਼ਨਾਂ ਕਾਰਨ ਅਦਾਲਤੀ ਸਟੇਅ ਲੱਗੀ ਹੋਈ ਹੈ।

**ਕਾਨੂੰਨੀ ਅੜਚਣਾਂ ਅਤੇ ਹਾਈ ਕੋਰਟ ਦੀਆਂ ਪਟੀਸ਼ਨਾਂ**

ਇਸ ਸਮੁੱਚੇ ਮਾਮਲੇ ਪਿੱਛੇ ਮੁੱਖ ਤੌਰ 'ਤੇ ਦੋ ਅਦਾਲਤੀ ਪਟੀਸ਼ਨਾਂ ਜ਼ਿੰਮੇਵਾਰ ਹਨ:

ਬਲਦੇਵ ਸਿੰਘ ਬਨਾਮ ਐਸ.ਜੀ.ਪੀ.ਸੀ. ਕੇਸ: ਇਸ ਪਟੀਸ਼ਨ ਨੇ ਚੋਣ ਕਮਿਸ਼ਨ ਨੂੰ ਨਵੀਆਂ ਵੋਟਰ ਸੂਚੀਆਂ ਨੂੰ ਅੰਤਿਮ ਰੂਪ ਦੇਣ ਤੋਂ ਰੋਕਿਆ ਹੋਇਆ ਹੈ। ਪਟੀਸ਼ਨਰ ਦਾ ਤਰਕ ਹੈ ਕਿ 2014 ਵਿੱਚ ਹਰਿਆਣਾ ਵਿੱਚ ਵੱਖਰੀ ਕਮੇਟੀ ਬਣਨ ਦੇ ਬਾਵਜੂਦ ਉੱਥੋਂ ਦੇ ਸਿੱਖਾਂ ਨੂੰ ਐਸ.ਜੀ.ਪੀ.ਸੀ ਚੋਣਾਂ ਵਿੱਚ ਵੋਟ ਪਾਉਣ ਅਤੇ ਚੋਣ ਲੜਨ ਦਾ ਹੱਕ ਮਿਲਣਾ ਚਾਹੀਦਾ ਹੈ। ਲਖਵੀਰ ਸਿੰਘ ਦੀ ਪਟੀਸ਼ਨ: ਇੱਕ ਸੁਤੰਤਰ ਕਾਰਕੁਨ ਵੱਲੋਂ ਦਾਖ਼ਲ ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਹੈ ਕਿ ਮੌਜੂਦਾ ਸੱਤਾਧਾਰੀ ਧਿਰ (ਸ਼੍ਰੋਮਣੀ ਅਕਾਲੀ ਦਲ) ਨੂੰ ਚੋਣਾਂ ਨਾ ਹੋਣ ਦਾ ਸਿਆਸੀ ਫਾਇਦਾ ਮਿਲ ਰਿਹਾ ਹੈ, ਕਿਉਂਕਿ ਪਾਰਟੀ ਨੂੰ 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਦੇ ਨਾਲ-ਨਾਲ 2014, 2019 ਅਤੇ 2024 ਦੀਆਂ ਸੰਸਦੀ ਚੋਣਾਂ ਵਿੱਚ ਵੱਡੀਆਂ ਹਾਰਾਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਪਟੀਸ਼ਨ ਵਿੱਚ ਇਹ ਵੀ ਮੰਗ ਕੀਤੀ ਗਈ ਹੈ ਕਿ ਮੌਜੂਦਾ ਹਾਊਸ ਦੀਆਂ ਲਗਭਗ 34 ਖ਼ਾਲੀ ਸੀਟਾਂ (33 ਮੈਂਬਰਾਂ ਦੀ ਮੌਤ ਅਤੇ 1 ਦੇ ਅਸਤੀਫ਼ੇ ਕਾਰਨ) ਉੱਤੇ ਐਕਟ ਦੀ ਧਾਰਾ 53 ਅਤੇ ਨਿਯਮ 57 ਤਹਿਤ ਤੁਰੰਤ ਜ਼ਿਮਨੀ ਚੋਣਾਂ ਕਰਵਾਈਆਂ ਜਾਣ, ਜਿਸ ਲਈ ਜਨਰਲ ਚੋਣ ਵਿਵਾਦ ਦੇ ਹੱਲ ਦੀ ਉਡੀਕ ਕਰਨ ਦੀ ਕੋਈ ਲੋੜ ਨਹੀਂ ਹੈ। ਪੰਥਕ ਮਾਹਿਰਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਅਦਾਲਤਾਂ ਵਿੱਚ ਲੰਬਿਤ ਪਟੀਸ਼ਨਾਂ ਦਾ ਨਿਬੇੜਾ ਨਹੀਂ ਹੁੰਦਾ ਅਤੇ ਵੋਟਰ ਸੂਚੀਆਂ ਨੂੰ ਅੰਤਿਮ ਰੂਪ ਨਹੀਂ ਦਿੱਤਾ ਜਾਂਦਾ, ਉਦੋਂ ਤੱਕ ਸਿੱਖਾਂ ਦੀ ਇਸ ਮੋਹਰੀ ਧਾਰਮਿਕ ਸੰਸਥਾ ਦਾ ਭਵਿੱਖ ਕਾਨੂੰਨੀ ਅੜਚਣਾਂ ਦੇ ਘੇਰੇ ਵਿੱਚ ਹੀ ਰਹੇਗਾ। ਇਸ ਡੇਢ ਦਹਾਕੇ ਦੇ ਲੰਬੇ ਵਕਫ਼ੇ ਨੇ ਨਾ ਸਿਰਫ਼ ਸੰਸਥਾ ਦੀ ਚੋਣ ਪ੍ਰਕਿਰਿਆ ਉੱਤੇ ਸਵਾਲੀਆ ਨਿਸ਼ਾਨ ਲਾਏ ਹਨ, ਸਗੋਂ ਇਹ ਵੀ ਮਹਿਸੂਸ ਕਰਵਾਇਆ ਹੈ ਕਿ ਸਿੱਖ ਪੰਥ ਦੇ ਸਰਵਉੱਚ ਹਿੱਤਾਂ ਅਤੇ ਲੋਕਤੰਤਰੀ ਮਰਿਆਦਾਵਾਂ ਨੂੰ ਬਰਕਰਾਰ ਰੱਖਣ ਲਈ ਨਿਰਪੱਖ ਅਤੇ ਸਮੇਂ ਸਿਰ ਚੋਣਾਂ ਦਾ ਹੋਣਾ ਕਿੰਨਾ ਲਾਜ਼ਮੀ ਹੈ।

# 'ਸਾਡੀਆਂ ਸੜਕਾਂ ਛੱਡੋ ਮਿਸਟਰ ਸਿੰਘ': ਅਮਰੀਕੀ ਏਜੰਸੀ ਦੀ ਪੋਸਟ ਕਾਰਨ ਸਿੱਖ ਪੰਥ 'ਚ ਫ਼ੈਲਿਆ ਰੋਸ

## ਸਿੱਖ ਭਾਈਚਾਰੇ ਤੇ ਹਾਸਬਰੋ ਕੰਪਨੀ ਦੇ ਇਤਰਾਜ਼ ਮਗਰੋਂ ਅਮਰੀਕੀ ਸਰਕਾਰ ਨੇ ਪੋਸਟ ਹਟਾਈ

ਅਮਰੀਕਾ ਦੇ ਹੋਮਲੈਂਡ ਸਿਕਿਓਰਿਟੀ ਵਿਭਾਗ ਵੱਲੋਂ ਆਪਣੀ ਅਧਿਕਾਰਤ ਸੋਸ਼ਲ ਮੀਡੀਆ ਮੁਹਿੰਮ ਤਹਿਤ ਜਾਰੀ ਕੀਤੇ ਗਏ ਇੱਕ ਵਿਵਾਦਿਤ ਅਤੇ ਨਸਲਵਾਦੀ ਏਆਈ ਪੋਸਟਰ ਨੇ ਦੁਨੀਆ ਭਰ ਵਿੱਚ ਵੱਡਾ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਟਰੰਪ ਪ੍ਰਸ਼ਾਸਨ ਵੱਲੋਂ ਗ਼ੈਰ-ਕਾਨੂੰਨੀ ਪਰਵਾਸੀਆਂ ਅਤੇ ਬਿਨਾਂ ਲਾਇਸੈਂਸ ਵਾਲੇ ਕਮਰਸ਼ੀਅਲ ਡਰਾਈਵਰਾਂ ਵਿਰੁੱਧ ਵਿੱਢੀ 'ਸੈਲਫ਼-ਡਿਪੋਰਟੇਸ਼ਨ' (ਖ਼ੁਦ ਦੇਸ਼ ਛੱਡਣ) ਮੁਹਿੰਮ ਦੇ ਹਿੱਸੇ ਵਜੋਂ ਜਾਰੀ ਇਸ ਪੋਸਟਰ ਵਿੱਚ ਸਿੱਧੇ ਤੌਰ 'ਤੇ ਸਿੱਖ ਸਰੂਪ ਅਤੇ 'ਸਿੰਘ' ਸਰਨੇਮ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਸਿੱਖ ਭਾਈਚਾਰੇ, ਮਨੁੱਖੀ ਅਧਿਕਾਰ ਜਥੇਬੰਦੀਆਂ, ਭਾਰਤੀ-ਅਮਰੀਕੀ ਨੇਤਾਵਾਂ ਅਤੇ ਮਸ਼ਹੂਰ ਹਾਲੀਵੁੱਡ ਖਿਡੌਣਾ ਕੰਪਨੀ ਹਾਸਬਰੋ ਦੇ ਤਿੱਖੇ ਵਿਰੋਧ ਤੋਂ ਬਾਅਦ ਵਿਭਾਗ ਨੂੰ ਆਖ਼ਿਰਕਾਰ ਇਹ ਪੋਸਟ ਆਪਣੇ ਅਧਿਕਾਰਤ 'ਐਕਸ' (ਟਵਿੱਟਰ) ਖਾਤੇ ਤੋਂ ਡਿਲੀਟ ਕਰਨੀ ਪਈ ਹੈ।






**ਕੀ ਸੀ ਵਿਵਾਦਿਤ ਪੋਸਟਰ ਅਤੇ ਵੀਡੀਓ ਵਿੱਚ?**

ਹੋਮਲੈਂਡ ਸਿਕਿਓਰਿਟੀ ਵਿਭਾਗ ਵੱਲੋਂ ਜਾਰੀ ਇਸ ਏਆਈ-ਜਨਰੇਟਿਡ ਪੋਸਟਰ ਵਿੱਚ ਮਸ਼ਹੂਰ 'ਟਰਾਂਸਫ਼ਾਰਮਰਜ਼' ਫ਼ਿਲਮ ਫ਼੍ਰੈਂਚਾਈਜ਼ੀ ਦੇ ਕਿਰਦਾਰ (ਜਿਸ ਉੱਤੇ ਡੀਐਚਐਸ ਦੀ ਸਰਕਾਰੀ ਮੋਹਰ ਲੱਗੀ ਸੀ) ਦੇ ਸਾਹਮਣੇ ਦਾੜ੍ਹੀ ਵਾਲੇ ਅਤੇ ਸਿਰ 'ਤੇ ਪਰਨਾ ਬੰਨ੍ਹੇ ਇੱਕ ਸਿੱਖ ਨੌਜਵਾਨ ਨੂੰ ਖੜ੍ਹਾ ਦਿਖਾਇਆ ਗਿਆ ਸੀ। ਪੋਸਟਰ ਉੱਤੇ ਲਿਖਿਆ ਗਿਆ ਸੀ:

" ਸਾਡੀਆਂ ਸੜਕਾਂ ਤੋਂ ਹਟ ਜਾਓ, ਤੁਹਾਨੂੰ ਡਰਾਈਵਿੰਗ ਨਹੀਂ ਆਉਂਦੀ ਮਿਸਟਰ ਸਿੰਘ" ਇਸ ਦੇ ਨਾਲ ਹੀ ਧਮਕੀ ਭਰੇ ਲਹਿਜੇ ਵਿੱਚ ਲਿਖਿਆ ਗਿਆ: 'ਸੈਲਫ਼-ਡਿਪੋਰਟ ਜਾਂ ਨਤੀਜੇ ਭੁਗਤੋ'

ਇਸ ਪੋਸਟਰ ਤੋਂ ਇਲਾਵਾ ਵਿਭਾਗ ਵੱਲੋਂ ਇੱਕ ਵੀਡੀਓ ਵੀ ਸਾਂਝੀ ਕੀਤੀ ਗਈ ਸੀ, ਜਿਸ ਵਿੱਚ 'ਟਰਾਂਸਫ਼ਾਰਮਰਜ਼' ਦੇ ਖਲਨਾਇਕ ਕਿਰਦਾਰ 'ਮੈਗਾਟ੍ਰੋਨ' ਰਾਹੀਂ ਪਰਵਾਸੀਆਂ ਨੂੰ ਨਿਸ਼ਾਨਾ ਬਣਾਇਆ ਗਿਆ। ਵੀਡੀਓ ਵਿੱਚ ਸੜਕ ਹਾਦਸਿਆਂ ਦੇ ਹਵਾਲੇ ਨਾਲ ਹਰਜਿੰਦਰ ਸਿੰਘ ਅਤੇ ਰਾਜਵਿੰਦਰ ਕੁਮਾਰ ਵਰਗੇ ਖ਼ਾਸ ਭਾਰਤੀ ਨਾਵਾਂ ਦਾ ਜ਼ਿਕਰ ਕਰਕੇ ਸਮੁੱਚੇ ਭਾਈਚਾਰੇ ਨੂੰ ਖ਼ਤਰਨਾਕ ਅਤੇ ਗ਼ੈਰ-ਜ਼ਿੰਮੇਵਾਰ ਡਰਾਈਵਰ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ।

**ਸਰਕਾਰੀ ਪੱਧਰ 'ਤੇ ਕਿਉਂ ਹੋਈ ਇਹ ਵੱਡੀ ਕੁਤਾਹੀ?**

ਵਿਸ਼ਲੇਸ਼ਕਾਂ ਅਤੇ ਕਾਨੂੰਨੀ ਮਾਹਿਰਾਂ ਅਨੁਸਾਰ ਇਹ ਘਟਨਾ ਅਮਰੀਕੀ ਸਰਕਾਰੀ ਤੰਤਰ ਅੰਦਰ ਡੂੰਘੀ ਜੜ੍ਹ ਫੜ ਰਹੀ ਨਸਲੀ ਪ੍ਰੋਫ਼ਾਈਲਿੰਗ ਅਤੇ ਅੰਨ੍ਹੇ ਜ਼ੈਨੋਫ਼ੋਬੀਆ (ਪਰਵਾਸੀਆਂ ਪ੍ਰਤੀ ਨਫ਼ਰਤ) ਦਾ ਖ਼ਤਰਨਾਕ ਸਬੂਤ ਹੈ: ਅਮਰੀਕਾ ਵਿੱਚ ਹਾਲ ਹੀ ਦੌਰਾਨ ਕੁਝ ਟਰੱਕ ਹਾਦਸਿਆਂ ਵਿੱਚ ਦੱਖਣੀ ਏਸ਼ੀਆਈ ਮੂਲ ਦੇ ਡਰਾਈਵਰ ਸ਼ਾਮਲ ਪਾਏ ਗਏ ਸਨ। ਕਾਨੂੰਨ ਲਾਗੂ ਕਰਨ ਵਾਲੀ ਸਰਵਉੱਚ ਸੰਘੀ ਏਜੰਸੀ ਦਾ ਫ਼ਰਜ਼ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨਾ ਸੀ, ਪਰ ਸਰਕਾਰੀ ਖਾਤੇ ਰਾਹੀਂ ਪੂਰੇ 'ਸਿੰਘ' ਸਰਨੇਮ ਅਤੇ ਸਿੱਖ ਪਛਾਣ ਨੂੰ 'ਨਾ-ਅਹਿਲ ਅਤੇ ਖ਼ਤਰਨਾਕ ਡਰਾਈਵਰ' ਵਜੋਂ ਪੇਸ਼ ਕਰ ਦਿੱਤਾ ਗਿਆ।

ਟਰੰਪ ਪ੍ਰਸ਼ਾਸਨ ਨੇ ਇਤਿਹਾਸ ਵਿੱਚ ਸਭ ਤੋਂ ਵੱਡੇ ਪੱਧਰ 'ਤੇ ਦੇਸ਼-ਨਿਕਾਲੇ ਦਾ ਵਾਅਦਾ ਕੀਤਾ ਹੋਇਆ ਹੈ। ਇਕੱਲੇ ਅਗਸਤ ਮਹੀਨੇ ਵਿੱਚ ਆਈਸੀਈ ਨੇ 50,925 ਪਰਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਸੋਸ਼ਲ ਮੀਡੀਆ 'ਤੇ ਸਸਤੀ ਲੋਕਪ੍ਰਿਯਤਾ ਬਟੋਰਨ ਅਤੇ ਬਹੁਗਿਣਤੀ ਵੋਟਰਾਂ ਨੂੰ ਲੁਭਾਉਣ ਲਈ ਸਰਕਾਰੀ ਏਜੰਸੀਆਂ ਸੰਵਿਧਾਨਕ ਮਰਿਆਦਾ ਅਤੇ ਨਿਰਪੱਖਤਾ ਨੂੰ ਛਿੱਕੇ ਟੰਗ ਕੇ ਅਜਿਹੇ ਪੋਸਟਰ ਤਿਆਰ ਕਰ ਰਹੀਆਂ ਹਨ।

ਇਹ ਪੋਸਟ 11 ਸਤੰਬਰ (9/11) ਦੇ ਅੱਤਵਾਦੀ ਹਮਲਿਆਂ ਦੀ 25ਵੀਂ ਬਰਸੀ ਦੇ ਐਨ ਮੌਕੇ ਸਾਂਝੀ ਕੀਤੀ ਗਈ। 2001 ਦੇ ਹਮਲਿਆਂ ਤੋਂ ਬਾਅਦ ਅਮਰੀਕਾ ਵਿੱਚ ਦਸਤਾਰ ਅਤੇ ਦਾੜ੍ਹੀ ਕਾਰਨ ਸਿੱਖਾਂ ਨੂੰ ਸਭ ਤੋਂ ਵੱਧ ਨਫ਼ਰਤੀ ਹਿੰਸਾ ਦਾ ਸਾਹਮਣਾ ਕਰਨਾ ਪਿਆ ਸੀ। ਅਜਿਹੇ ਦਿਨਾਂ ਵਿੱਚ ਇੱਕ ਸਰਕਾਰੀ ਵਿਭਾਗ ਵੱਲੋਂ ਸਿੱਖ ਸਰੂਪ ਨੂੰ 'ਦੁਸ਼ਮਣ' ਜਾਂ 'ਖ਼ਤਰਾ' ਬਣਾ ਕੇ ਪੇਸ਼ ਕਰਨਾ ਲੱਖਾਂ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣ ਦੇ ਬਰਾਬਰ ਸੀ।

**ਖਿਡੌਣਾ ਕੰਪਨੀ ਹਾਸਬਰੋ ਵੱਲੋਂ ਕਾਪੀਰਾਈਟ ਉਲੰਘਣਾ 'ਤੇ ਇਤਰਾਜ਼**

'ਟਰਾਂਸਫ਼ਾਰਮਰਜ਼' ਕਿਰਦਾਰਾਂ ਦੇ ਬੌਧਿਕ ਸੰਪਤੀ ਅਧਿਕਾਰ ਰੱਖਣ ਵਾਲੀ ਵਿਸ਼ਵ ਪ੍ਰਸਿੱਧ ਕੰਪਨੀ ਹਾਸਬਰੋ ਅਤੇ ਪੈਰਾਮਾਊਂਟ ਨੇ ਵੀ ਸਰਕਾਰ ਦੀ ਇਸ ਹਰਕਤ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਕੰਪਨੀ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੇ ਮਸ਼ਹੂਰ ਐਨੀਮੇਸ਼ਨ ਕਿਰਦਾਰਾਂ ਦੀ ਬਿਨਾਂ ਇਜਾਜ਼ਤ ਵਰਤੋਂ ਕਰਕੇ ਕਿਸੇ ਖ਼ਾਸ ਨਸਲ ਜਾਂ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਾਲੇ ਸਿਆਸੀ ਅਤੇ ਨਫ਼ਰਤੀ ਪ੍ਰਚਾਰ ਦਾ ਹਿੱਸਾ ਨਹੀਂ ਬਣਾਇਆ ਜਾ ਸਕਦਾ। ਬੌਧਿਕ ਸੰਪਤੀ ਕਾਨੂੰਨਾਂ ਦੀ ਉਲੰਘਣਾ ਅਤੇ ਬ੍ਰਾਂਡ ਦੇ ਅਕਸ ਨੂੰ ਢਾਹ ਲੱਗਣ ਕਾਰਨ ਸਰਕਾਰ 'ਤੇ ਕਾਨੂੰਨੀ ਦਬਾਅ ਵੀ ਵਧ ਗਿਆ ਸੀ। **(ਬਾਕੀ ਸਫ਼ਾ 26 'ਤੇ)**

## ਅਮਰੀਕਾ 'ਚ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣਾ ਨਸਲੀ ਅਤੇ ਭਾਈਚਾਰਕ ਪੱਖਪਾਤ ਵਾਲੀ ਸੋਚ ਨੂੰ ਦਰਸਾਉਂਦਾ ਹੈ : ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼: ਅਮਰੀਕਾ ਸਰਕਾਰ ਦੇ ਹੋਮਲੈਂਡ ਸੁਰੱਖਿਆ ਵਿਭਾਗ ਵੱਲੋਂ ਐਕਸ (ਪਹਿਲਾਂ ਟਵਿੱਟਰ) ਰਾਹੀਂ ਸਾਹਮਣੇ ਆਏ ਇਕ ਪੋਸਟਰ ਵਿਚ ਪੰਜਾਬੀ ਸਿੱਖਾਂ ਨੂੰ ਨਿਸ਼ਾਨਾ ਬਣਾਏ ਜਾਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਮਰੀਕਾ ਦੇ ਦਿੱਲੀ ਸਥਿਤ ਦੂਤਾਵਾਸ ਨੂੰ ਪੱਤਰ ਲਿਖ ਕੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਭਾਰਤ ਦੇ ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੂੰ ਵੀ ਇਹ ਮਾਮਲਾ ਕੂਟਨੀਤਕ ਤੌਰ 'ਤੇ ਅਮਰੀਕਾ ਸਰਕਾਰ ਕੋਲ ਉਠਾਉਣ ਲਈ ਅਪੀਲ ਕੀਤੀ ਹੈ।



ਐਡਵੋਕੇਟ ਧਾਮੀ ਨੇ ਕਿਹਾ ਕਿ ਅਮਰੀਕਾ ਦੇ ਵਿਕਾਸ ਅਤੇ ਆਰਥਿਕ ਤਰੱਕੀ ਵਿੱਚ ਪੰਜਾਬੀਆਂ ਨੇ ਆਪਣੀ ਮਿਹਨਤ, ਇਮਾਨਦਾਰੀ ਅਤੇ ਹੁਨਰ ਨਾਲ ਮਹੱਤਵਪੂਰਨ ਯੋਗਦਾਨ ਪਾਇਆ ਹੈ। ਟਰੱਕ ਚਾਲਨ ਸਮੇਤ ਵੱਖ-ਵੱਖ ਖੇਤਰਾਂ ਵਿੱਚ ਸਿੱਖ ਤੇ ਪੰਜਾਬੀ ਆਪਣੀ ਮਿਹਨਤ ਨਾਲ ਅੱਗੇ ਵਧੇ ਹਨ ਅਤੇ ਅਮਰੀਕੀ ਸਮਾਜ ਦੀ ਸੇਵਾ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਅਮਰੀਕਾ ਸਰਕਾਰ ਦੇ ਹੋਮਲੈਂਡ ਸੁਰੱਖਿਆ ਵਿਭਾਗ ਵੱਲੋਂ ਜਾਰੀ ਕੀਤੇ ਪੋਸਟਰ ਵਿੱਚ ਮਿਸਟਰ ਸਿੰਘ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਕੇ ਪੰਜਾਬੀ ਅਤੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣਾ ਨਸਲੀ ਅਤੇ ਭਾਈਚਾਰਕ ਪੱਖਪਾਤ ਵਾਲੀ ਸੋਚ ਨੂੰ ਦਰਸਾਉਂਦਾ ਹੈ। ਵਿਕਸਤ ਕਹੇ ਜਾਣ ਵਾਲੇ ਦੇਸ਼ ਲਈ ਅਜਿਹੀ ਸੋਚ ਹੋਰ ਵੀ ਦੁਖਦਾਈ ਅਤੇ ਚਿੰਤਾਜਨਕ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਕਿਸੇ ਵੀ ਭਾਈਚਾਰੇ ਨੂੰ ਉਸ ਦੀ ਧਾਰਮਿਕ ਪਛਾਣ, ਨਾਮ ਜਾਂ ਪਹਿਰਾਵੇ ਦੇ ਆਧਾਰ 'ਤੇ ਨਿਸ਼ਾਨਾ ਬਣਾਉਣਾ ਸੱਭਿਅਕ ਸਮਾਜ ਦੀਆਂ ਕਦਰਾਂ-ਕੀਮਤਾਂ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਅਜਿਹੀ ਸ਼ਬਦਾਵਲੀ ਰਾਹੀਂ ਪਰਵਾਸੀ ਭਾਈਚਾਰਿਆਂ ਨੂੰ ਡਰਾਉਣ ਜਾਂ ਨੀਵਾਂ ਦਿਖਾਉਣ ਦੀ ਕੋਸ਼ਿਸ਼ ਅਮਰੀਕਾ ਦੀ ਬਹੁ-ਸੱਭਿਆਚਾਰਕ ਪਛਾਣ ਨਾਲ ਵੀ ਮੇਲ ਨਹੀਂ ਖਾਂਦੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਬ੍ਰਿਕਸ ਸੰਮੇਲਨ

ਲੰਘੇ ਦਿਨੀਂ ਰਾਜਧਾਨੀ ਨਵੀਂ ਦਿੱਲੀ ਵਿਖੇ ਭਾਰਤ ਦੀ ਅਗਵਾਈ ਵਿੱਚ ਹੋਇਆ ਬ੍ਰਿਕਸ ਸੰਮੇਲਨ ਅੰਤਰਰਾਸ਼ਟਰੀ ਪੱਧਰ 'ਤੇ ਨਵੀਂਆਂ ਪੈੜਾਂ ਪਾ ਗਿਆ ਹੈ, ਉਥੇ ਇਹ ਸੰਮੇਲਨ ਪੂਰੇ ਵਿਸ਼ਵ ਨੂੰ ਇਹ ਸੰਦੇਸ਼ ਦੇਣ ਵਿੱਚ ਵੀ ਸਫ਼ਲ ਰਿਹਾ ਹੈ ਕਿ ਬ੍ਰਿਕਸ ਦੇਸ਼ਾਂ ਨਾਲ ਰਲ ਮਿਲ ਕੇ ਭਾਰਤ ਹੁਣ ਵਿਸ਼ਵ ਵਿੱਚ ਨਵੀਂ ਅਤੇ ਸ਼ਕਤੀਸ਼ਾਲੀ ਤਾਕਤ ਬਣ ਕੇ ਉਭਰ ਰਿਹਾ ਹੈ। ਇਸ ਸੰਮੇਲਨ ਦੀ ਖਾਸ ਗੱਲ ਇਹ ਰਹੀ ਕਿ ਅਮਰੀਕਾ ਭਾਵੇਂ ਬ੍ਰਿਕਸ ਸੰਮੇਲਨ ਵਿੱਚ ਮੌਜੂਦ ਨਹੀਂ ਸੀ ਪਰ ਉਸ ਦੀ ਚਰਚਾ ਇਸ ਸੰਮੇਲਨ ਵਿੱਚ ਜ਼ਰੂਰ ਹੋਈ। ਇਸ ਸੰਮੇਲਨ ਵਿੱਚ ਸ਼ਾਮਲ ਦੇਸ਼ਾਂ ਨੇ ਅਮਰੀਕੀ ਡਾਲਰ ਦੀ ਤੁਲਨਾ ਵਿੱਚ ਨਵੀਂ ਕਰੰਸੀ ਲਿਆਉਣ ਦੀ ਆਵਾਜ਼ ਉਠਾਈ। ਅਮਰੀਕਾ ਬਿਨਾਂ ਕੁਝ ਕੀਤੇ ਡਾਲਰਾਂ ਸਹਾਰੇ ਅੰਤਰਰਾਸ਼ਟਰੀ ਮਾਰਕੀਟ ਵਿੱਚ ਵਪਾਰ ਕਰਕੇ ਮੁਫ਼ਤ ਵਿੱਚ ਵੱਡਾ ਫਾਇਦਾ ਉਠਾਉਂਦਾ ਆ ਰਿਹਾ ਹੈ। ਵੱਡੀ ਗਿਣਤੀ ਦੇਸ਼ ਵੀ ਇਸ ਸਮੇਂ ਅੰਤਰਰਾਸ਼ਟਰੀ ਵਪਾਰ ਕਰਨ ਲਈ ਅਮਰੀਕੀ ਡਾਲਰਾਂ 'ਤੇ ਨਿਰਭਰ ਹਨ ਪਰ ਚੋਣਵੇਂ ਲੈਣ-ਦੇਣ ਲਈ ਯੁਆਨ, ਰੁਪਏ ਜਾਂ ਹੋਰ ਮੁਦਰਾਵਾਂ ਨੂੰ ਸਵੀਕਾਰ ਕਰਨ ਦੀ ਇੱਛਾ ਦਾ ਮਤਲਬ ਪੈਟਰੋਡਾਲਰ ਢਾਂਚੇ ਨੂੰ ਤਿਆਗਣਾ ਨਹੀਂ ਹੈ। ਖਾੜੀ ਦੇਸ਼ਾਂ ਦੀਆਂ ਮੁਦਰਾਵਾਂ ਅਮਰੀਕੀ ਡਾਲਰ ਨਾਲ ਮਜ਼ਬੂਤੀ ਨਾਲ ਜੁੜੀਆਂ ਹੋਈਆਂ ਹਨ, ਉਨ੍ਹਾਂ ਦੇ ਪ੍ਰਭੂਸੱਤਾ ਫੰਡਾਂ ਵਿੱਚ ਵੱਡੀ ਡਾਲਰ ਸੰਪਤੀ ਹੈ ਅਤੇ ਅਮਰੀਕਾ ਉਨ੍ਹਾਂ ਦੀ ਸੁਰੱਖਿਆ ਅਤੇ ਨਿਵੇਸ਼ ਸਬੰਧਾਂ ਲਈ ਮਹੱਤਵਪੂਰਨ ਬਣਿਆ ਹੋਇਆ ਹੈ। ਇਸ ਲਈ, ਪੂਰੀ ਤਰ੍ਹਾਂ ਵਾਪਸੀ ਨਾਲੋਂ ਵਿਭਿੰਨਤਾ ਵਧੇਰੇ ਸੰਭਵ ਹੈ। ਵਾਸ਼ਿੰਗਟਨ ਮੁਦਰਾ ਮੁੱਦੇ ਨੂੰ ਭੂ-ਰਾਜਨੀਤੀ ਤੋਂ ਵੱਖ ਕਰਨਾ ਵੀ ਮੁਸ਼ਕਿਲ ਬਣਾ ਰਿਹਾ ਹੈ। ਡੋਨਾਲਡ ਟਰੰਪ ਨੇ ਵਾਰ-ਵਾਰ ਬ੍ਰਿਕਸ ਦੇਸ਼ਾਂ ਨੂੰ ਡਾਲਰ ਦੀ ਥਾਂ ਲੈਣ ਲਈ ਤਿਆਰ ਕੀਤੀ ਗਈ ਕਿਸੇ ਵੀ ਮੁਦਰਾ ਦਾ ਸਮਰਥਨ ਕਰਨ 'ਤੇ ਸਖ਼ਤ ਵਪਾਰਕ ਆਰਥਿਕ ਜੁਰਮਾਨੇ ਦੀ ਧਮਕੀ ਦਿੱਤੀ ਹੈ। ਉਨ੍ਹਾਂ ਦੇ ਪ੍ਰਸ਼ਾਸਨ ਨੇ ਟੈਰਿਫ, ਵਪਾਰ ਗੱਲਬਾਤ ਅਤੇ ਐਕਸਚੇਂਜ-ਰੇਟ ਮੁੱਦਿਆਂ ਨੂੰ ਆਰਥਿਕ ਨੀਤੀ ਦੇ ਸਾਧਨਾਂ ਵਜੋਂ ਵੀ ਵਰਤਿਆ ਹੈ। ਵੱਡੀ ਗਿਣਤੀ ਦੇਸ਼ਾਂ ਦੇ ਆਗੂਆਂ ਦਾ ਕਹਿਣਾ ਸੀ ਕਿ ਪੂਰੀ ਦੁਨੀਆ ਨੂੰ ਅਮਰੀਕਾ ਦੇ ਗਲਬੇ ਹੇਠ ਆਉਣ ਤੋਂ ਰੋਕਿਆ ਜਾਵੇ ਅਤੇ ਆਪਣੀ ਸੁਤੰਤਰ ਹੋਂਦ ਬਰਕਰਾਰ ਰੱਖੀ ਜਾਵੇ। ਭਾਰਤ ਨੇ ਨਵੀਂ ਪਹਿਲ ਕਰਦਿਆਂ 2026 ਲਈ ਬ੍ਰਿਕਸ ਦਾ ਮੂਲ ਮੰਤਰ 'ਲਚਕੀਲਾਪਣ, ਨਵੀਨਤਾ, ਸਹਿਯੋਗ ਅਤੇ ਸਥਿਰਤਾ ਲਈ ਨਿਰਮਾਣ' ਰੱਖਿਆ ਸੀ, ਜਿਸ ਦੇ ਕੇਂਦਰ ਵਿੱਚ ਮਨੁੱਖਤਾ-ਕੇਂਦਰਿਤ ਵਿਕਾਸ ਸੀ। ਇਸ ਵਾਰ ਦਾ ਸੰਮੇਲਨ ਇਸ ਕਰਕੇ ਵਧੇਰੇ ਮਹੱਤਵਪੂਰਨ ਸੀ, ਕਿਉਂਕਿ ਬ੍ਰਿਕਸ ਆਪਣੀ ਸਥਾਪਨਾ ਦੇ 20 ਸਾਲ ਪੂਰੇ ਕਰ ਰਿਹਾ ਹੈ। ਇਸ ਸਮੇਂ ਬ੍ਰਾਜ਼ੀਲ, ਰੂਸ, ਭਾਰਤ, ਚੀਨ, ਦੱਖਣੀ ਅਫ਼ਰੀਕਾ, ਮਿਸਰ, ਇਥੋਪੀਆ, ਇਰਾਨ, ਸੰਯੁਕਤ ਅਰਬ ਅਮੀਰਾਤ, ਸਾਊਦੀ ਅਰਬ ਤੇ ਇੰਡੋਨੇਸ਼ੀਆ ਬ੍ਰਿਕਸ ਦੇ ਪੱਕੇ ਮੈਂਬਰ ਹਨ। ਜਦੋਂ ਕਿ 2025 ਵਿੱਚ ਦਸ ਦੇਸ਼ ਬੇਲਾਰੂਸ, ਬੋਲੀਵੀਆ, ਕਿਊਬਾ, ਕਜ਼ਾਕਿਸਤਾਨ, ਮਲੇਸ਼ੀਆ, ਨਾਈਜੀਰੀਆ, ਥਾਈਲੈਂਡ, ਯੂਗਾਂਡਾ, ਉਜ਼ਬੇਕਿਸਤਾਨ ਤੇ ਵੀਅਤਨਾਮ ਇਸ ਦੇ ਸਹਿਯੋਗੀ ਬਣ ਗਏ ਸਨ। ਇਹ ਸਮੂਹ ਦੁਨੀਆ ਦੀ ਲਗਭਗ ਅੱਧੀ ਆਬਾਦੀ ਅਤੇ ਵਿਸ਼ਵ ਜੀ.ਡੀ.ਪੀ. ਦੇ ਲਗਭਗ 40 ਫ਼ੀਸਦੀ ਹਿੱਸੇ ਦੀ ਨੁਮਾਇੰਦਗੀ ਕਰਦਾ ਹੈ। ਮੌਜੂਦਾ ਵਿਸ਼ਵ ਵਿਵਸਥਾ ਕਈ ਚੁਣੌਤੀਆਂ ਵਿੱਚੋਂ ਲੰਘ ਰਹੀ ਹੈ। ਰੂਸ-ਯੂਕ੍ਰੇਨ ਜੰਗ, ਪੱਛਮੀ ਏਸ਼ੀਆ ਵਿੱਚ ਤਣਾਅ, ਵਪਾਰਕ ਟਕਰਾਅ, ਸਪਲਾਈ ਚੇਨ ਵਿੱਚ ਰੁਕਾਵਟਾਂ, ਊਰਜਾ ਸੁਰੱਖਿਆ, ਮਹਿੰਗਾਈ ਅਤੇ ਭੂ-ਰਾਜਨੀਤਕ ਧੜੇਬੰਦੀ ਨੇ ਵਿਸ਼ਵ ਅਰਥਵਿਵਸਥਾ ਨੂੰ ਪ੍ਰਭਾਵਿਤ ਕੀਤਾ ਹੈ। ਅਜਿਹੇ ਸਮੇਂ ਵਿੱਚ ਭਾਰਤ ਵੱਲੋਂ ਬ੍ਰਿਕਸ ਦੇਸ਼ਾਂ ਨੂੰ ਇੱਕ ਮੰਚ 'ਤੇ ਲਿਆਉਣਾ ਕੂਟਨੀਤਕ ਤੌਰ 'ਤੇ ਮਹੱਤਵਪੂਰਨ ਹੈ।

ਬ੍ਰਿਕਸ 2026 ਵਿੱਚ ਭਾਰਤ ਦੀ ਸਭ ਤੋਂ ਮਹੱਤਵਪੂਰਨ ਪ੍ਰਾਪਤੀ ਇੱਕ ਸਮਝੌਤਾ ਨਹੀਂ ਸੀ, ਸਗੋਂ ਵਿਰੋਧੀਆਂ ਵਿਚਕਾਰ ਕੂਟਨੀਤਕ ਜਗ੍ਹਾ ਦੀ ਸਿਰਜਣਾ ਸੀ। ਨਵੀਂ ਦਿੱਲੀ ਨੇ ਰੂਸ, ਚੀਨ, ਇਰਾਨ, ਯੂ.ਏ.ਈ. ਅਤੇ ਹੋਰ ਵੱਡੇ ਵਿਕਾਸਸ਼ੀਲ ਦੇਸ਼ਾਂ ਦੀ ਮੇਜ਼ਬਾਨੀ ਅਜਿਹੇ ਸਮੇਂ ਕੀਤੀ ਜਦੋਂ ਅੰਤਰਰਾਸ਼ਟਰੀ ਪ੍ਰਣਾਲੀ ਰੂਸ-ਯੂਕ੍ਰੇਨ ਯੁੱਧ, ਇਰਾਨ ਟਕਰਾਅ, ਵਪਾਰਕ ਤਣਾਅ ਅਤੇ ਵਧਦੇ ਭਿਆਨਕ ਅਮਰੀਕਾ-ਚੀਨ ਮੁਕਾਬਲੇ ਨਾਲ ਜੂਝ ਰਹੀ ਹੈ। ਭਾਰਤ ਇੱਕੋ ਸਮੇਂ ਹਰ ਸਾਥੀ ਨੂੰ ਸੰਤੁਸ਼ਟ ਨਹੀਂ ਕਰ ਸਕਦਾ। ਰੂਸ ਅਤੇ ਚੀਨ ਰਲ ਕੇ ਪੱਛਮੀ ਸਰਦਾਰੀ ਨੂੰ ਹੋਰ ਜ਼ੋਰਦਾਰ ਢੰਗ ਨਾਲ ਚੁਣੌਤੀ ਦੇਣਾ ਚਾਹੁੰਦੇ ਹਨ, ਜਦੋਂ ਕਿ ਖਾੜੀ ਦੇਸ਼ ਸੁਰੱਖਿਆ ਅਤੇ ਆਰਥਿਕ ਸਥਿਰਤਾ ਚਾਹੁੰਦੇ ਹਨ। ਇਸੇ ਦੌਰਾਨ ਇਰਾਨ ਅਲੱਗ-ਥਲੱਗਤਾ ਤੋਂ ਰਾਹਤ ਚਾਹੁੰਦਾ ਹੈ। ਪੱਛਮੀ ਦੇਸ਼ ਪਾਬੰਦੀਆਂ ਤੋਂ ਬਚਣ ਦਾ ਸਹਾਰਾ ਲਏ ਬਿਨਾਂ ਜ਼ਿੰਮੇਵਾਰ ਕੂਟਨੀਤੀ ਦੀ ਉਮੀਦ ਕਰਦੇ ਹਨ। ਭਾਰਤ ਦੀ ਰਣਨੀਤਕ ਖ਼ੁਦਮੁਖ਼ਤਿਆਰੀ ਇਸ ਲਈ ਕੰਮ ਕਰਦੀ ਹੈ ਕਿਉਂਕਿ ਇਹ ਲਚਕਦਾਰ ਹੈ ਪਰ ਸਮਾਂ ਅਤੇ ਸੰਕਟ ਆਉਣ 'ਤੇ ਇਹ ਟਾਲ-ਮਟੋਲ ਵਾਲੀ ਨੀਤੀ ਵੀ ਅਪਨਾਅ ਲੈਂਦਾ ਹੈ। ਇਹ ਭਾਰਤ ਦੀ ਕੂਟਨੀਤੀ ਦੀ ਸਫ਼ਲਤਾ ਹੈ।

ਭਾਰਤ ਨੇ ਬ੍ਰਿਕਸ ਸੰਮੇਲਨ ਦੀ ਮੇਜ਼ਬਾਨੀ ਪਹਿਲੀ ਵਾਰ ਨਹੀਂ ਕੀਤੀ ਸਗੋਂ ਭਾਰਤ ਇਸ ਤੋਂ ਪਹਿਲਾਂ ਵੀ ਬ੍ਰਿਕਸ ਸੰਮੇਲਨ ਦੀ ਅਗਵਾਈ ਤਿੰਨ ਵਾਰ ਕਰ ਚੁੱਕਿਆ ਹੈ ਪਰ ਇਸ ਵਾਰ ਚੌਥੀ ਵਾਰ ਮੇਜ਼ਬਾਨੀ ਕਰਦਿਆਂ ਭਾਰਤ ਨੇ ਆਪਣੇ ਬ੍ਰਿਕਸ ਸਾਥੀ ਦੇਸ਼ਾਂ ਨੂੰ ਦਰਸ਼ਾਅ ਦਿੱਤਾ ਕਿ ਭਾਰਤ ਹੁਣ ਵਿਕਾਸਸ਼ੀਲ ਦੇਸ਼ ਤੋਂ ਵਿਕਸਤ ਦੇਸ਼ ਬਣਦਾ ਜਾ ਰਿਹਾ ਹੈ ਅਤੇ ਭਾਰਤ ਹਰ ਖੇਤਰ ਵਿੱਚ ਪੱਛਮੀ ਦੇਸ਼ਾਂ ਨੂੰ ਚੁਣੌਤੀ ਦੇਣ ਦੇ ਸਮਰੱਥ ਬਣ ਰਿਹਾ ਹੈ। ਇਸ ਕਰਕੇ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ।

ਬ੍ਰਿਕਸ ਸੰਮੇਲਨ ਦੇ ਮੰਚ ਤੋਂ ਭਾਰਤ ਨੇ ਦੂਜੇ ਦੇਸ਼ਾਂ ਨਾਲ ਆਪਣੇ ਸਬੰਧ ਹੋਰ ਮਜ਼ਬੂਤ ਕਰਨ ਲਈ ਯਤਨ ਕੀਤੇ। ਵੱਖ- ਵੱਖ ਦੇਸ਼ਾਂ ਦੇ ਮੁਖੀਆਂ ਨਾਲ ਮੀਟਿੰਗਾਂ ਕਰਕੇ ਭਾਰਤ ਦੇ ਪ੍ਰਧਾਨ ਮੰਤਰੀ ਨੇ ਰਾਸ਼ਟਰ ਦੇ ਹਿੱਤ ਵਿੱਚ ਅਹਿਮ ਵਿਚਾਰਾਂ ਕੀਤੀਆਂ ਅਤੇ ਹੋਰਨਾਂ ਦੇਸ਼ਾਂ ਨਾਲ ਦੁਵੱਲੇ ਸਬੰਧ ਮਜ਼ਬੂਤ ਕਰਨ ਦੀ ਆਪਣੀ ਇੱਛਾ ਦਾ ਪ੍ਰਗਟਾਵਾ ਕੀਤਾ। ਬ੍ਰਿਕਸ ਸੰਮੇਲਨ ਵਿੱਚ ਸ਼ਾਮਲ ਦੇਸ਼ਾਂ ਨੇ ਵਿਸ਼ਵ ਵਿੱਚ ਆਪੋ ਆਪਣੀ ਭੂਮਿਕਾ ਬਾਰੇ ਦੱਸਿਆ ਅਤੇ ਇਹ ਸੰਮੇਲਨ ਬ੍ਰਿਕਸ ਦੇਸ਼ਾਂ ਦੇ ਸਮੂਹ ਦੀ ਏਕਤਾ ਦੀ ਮਜ਼ਬੂਤੀ ਅਤੇ ਤਾਕਤ ਦਾ ਸੰਦੇਸ਼ ਦੇਣ ਵਿੱਚ ਸਫ਼ਲ ਰਿਹਾ।

# ਅਕਾਲੀ ਦਲ: ਪੰਥਕ ਵਿਰਾਸਤ ਤੋਂ ਸਿਆਸੀ ਹਾਸ਼ੀਏ ਤੱਕ

## ਅਕਾਲੀ ਦਲ ਸਾਹਮਣੇ ਚੁਣੌਤੀ ਚੋਣਾਂ ਜਿੱਤਣ ਦੀ ਨਹੀਂ, ਗੁਆਚਿਆ ਭਰੋਸਾ ਮੁੜ ਹਾਸਲ ਕਰਨ ਦੀ ਹੈ



ਪ੍ਰੋ. ਸਰਚਾਂਦ ਸਿੰਘ ਖਿਆਲਾ

ਜਿਸ ਸ਼੍ਰੋਮਣੀ ਅਕਾਲੀ ਦਲ ਦੇ ਸੱਦੇ 'ਤੇ ਕਦੇ ਪੰਜਾਬ ਦੀਆਂ ਸਿਆਸੀ ਹਵਾਵਾਂ ਦਾ ਰੁਖ਼ ਬਦਲ ਜਾਂਦਾ ਸੀ, ਅੱਜ 105 ਵਰ੍ਹੇ ਪੁਰਾਣੀ ਉਹੀ ਪਾਰਟੀ ਆਪਣੇ ਪੰਥਕ ਆਧਾਰ, ਜਥੇਬੰਦਕ ਤਾਕਤ, ਲੀਡਰਸ਼ਿਪ ਦੀ ਭਰੋਸੇਯੋਗਤਾ, ਸਿਆਸੀ ਪ੍ਰਸੰਗਿਕਤਾ ਅਤੇ ਇੱਥੋਂ ਤੱਕ ਕਿ ਆਪਣੀ ਹੋਂਦ ਨੂੰ ਬਚਾਉਣ ਦੀ ਚੁਣੌਤੀ ਸਾਹਮਣੇ ਖੜ੍ਹੀ ਹੈ।

13 ਅਗਸਤ 2026 ਨੂੰ ਨੰਦੇੜ ਵਿਖੇ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਕਿਰਪਾਨ ਨਾਲ ਹੋਇਆ ਹਮਲਾ ਗੰਭੀਰ ਅਤੇ ਨਿੰਦਣਯੋਗ ਘਟਨਾ ਹੈ। ਕਿਸੇ ਵੀ ਸਿਆਸੀ ਆਗੂ ਜਾਂ ਧਾਰਮਿਕ ਸਥਾਨ 'ਤੇ ਹਿੰਸਕ ਹਮਲੇ ਨੂੰ ਕਿਸੇ ਵੀ ਹਾਲਤ ਵਿੱਚ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਪਰ ਇਸ ਨੂੰ ਸਿਰਫ਼ ਇੱਕ ਵਿਅਕਤੀ ਦੀ ਸੁਰੱਖਿਆ ਵਿਵਸਥਾ ਨਾਲ ਜੁੜੀ ਘਟਨਾ ਵਜੋਂ ਦੇਖਣਾ ਅਕਾਲੀ ਦਲ ਦੀ ਮੌਜੂਦਾ ਸਿਆਸੀ ਹਕੀਕਤ ਨੂੰ ਸਮਝਣ ਲਈ ਕਾਫ਼ੀ ਨਹੀਂ।

ਹਮਲਾਵਰ ਦੀ ਪਛਾਣ ਜਸਪਾਲ ਸਿੰਘ ਉਮਰ 62 ਸਾਲ ਵਜੋਂ ਹੋਈ, ਜੋ ਪੁਣੇ ਦਾ ਰਹਿਣ ਵਾਲਾ ਹੈ। ਉਸ ਨੇ ਵਕਾਲਤ ਦੀ ਪੜ੍ਹਾਈ ਕੀਤੀ ਹੋਈ ਦੱਸੀ ਜਾਂਦੀ ਹੈ। ਇਸ ਤੋਂ ਪਹਿਲਾਂ ਦਸੰਬਰ 2024 ਵਿੱਚ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਦੇ ਬਿਲਕੁਲ ਬਾਹਰ ਸੇਵਾ ਕਰ ਰਹੇ ਸੁਖਬੀਰ ਸਿੰਘ ਬਾਦਲ 'ਤੇ ਹਮਲਾ ਕਰਨ ਵਾਲਾ ਸਾਬਕਾ ਖਾੜਕੂ ਨਰਾਇਣ ਸਿੰਘ ਚੌੜਾ ਵੀ ਸਿੱਖ ਪਿਛੋਕੜ ਦਾ ਸੀ। ਦੋਹਾਂ ਮਾਮਲਿਆਂ ਵਿੱਚ ਹਮਲਾਵਰਾਂ ਵੱਲੋਂ ਪਿਛਲੀਆਂ ਅਕਾਲੀ ਸਰਕਾਰਾਂ ਦੌਰਾਨ ਪੰਜਾਬ ਵਿੱਚ ਨਸ਼ਿਆਂ ਅਤੇ ਬੇਅਦਬੀ ਦੇ ਮਾਮਲਿਆਂ ਸਮੇਤ ਬਾਦਲਾਂ ਦੀ ਕਾਰਗੁਜ਼ਾਰੀ ਪ੍ਰਤੀ ਗ਼ੁੱਸੇ ਦਾ ਹਵਾਲਾ ਦਿੱਤੇ ਜਾਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ।

ਇਸ ਲਈ ਨੰਦੇੜ ਹੋਵੇ ਜਾਂ ਅੰਮ੍ਰਿਤਸਰ ਦੀ ਘਟਨਾ, ਅਸਲ ਸਵਾਲ ਇਹ ਹੈ ਕਿ ਜਿਸ ਪਾਰਟੀ ਨੇ ਕਦੇ ਪੰਜਾਬ ਦੇ ਪੰਥਕ ਮਨ ਦੀ ਆਵਾਜ਼ ਬਣ ਕੇ ਆਪਣੀ ਸਿਆਸਤ ਖੜ੍ਹੀ ਕੀਤੀ ਸੀ, ਉਹ ਅੱਜ ਉਸੇ ਮਨ ਦਾ ਭਰੋਸਾ ਮੁੜ ਜਿੱਤਣ ਪ੍ਰਤੀ ਸੰਘਰਸ਼ ਲਈ ਕਿਉਂ ਮਜਬੂਰ ਹੈ? ਇਹੀ ਸਵਾਲ ਅਕਾਲੀ ਦਲ ਦੇ ਅਰਸ਼ ਤੋਂ ਫ਼ਰਸ਼ ਤੱਕ ਦੇ ਸਿਆਸੀ ਸਫ਼ਰ ਨੂੰ ਸਮਝਣ ਦੀ ਕੁੰਜੀ ਹੈ। ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਸਿਰਫ਼ ਇੱਕ ਸਿਆਸੀ ਪਾਰਟੀ ਦਾ ਇਤਿਹਾਸ ਨਹੀਂ, ਸਗੋਂ ਪੰਜਾਬ ਦੇ ਖੇਤਰੀ ਤੇ ਸੰਘੀ ਹੱਕਾਂ, ਸਿੱਖ ਪਛਾਣ ਅਤੇ ਪੰਥਕ ਸਰੋਕਾਰਾਂ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਕਦੇ ਇਹ ਪਾਰਟੀ ਪੰਜਾਬ ਦੀ ਸਿਆਸਤ ਵਿੱਚ ਸਿਰਫ਼ ਕਾਂਗਰਸ ਦੇ ਮੁਕਾਬਲੇ ਇੱਕ ਮਜ਼ਬੂਤ ਵਿਕਲਪ ਹੀ ਨਹੀਂ ਸੀ, ਸਗੋਂ ਇੱਕ ਵਿਚਾਰ, ਇੱਕ ਪੰਥਕ ਆਵਾਜ਼ ਅਤੇ ਪੰਜਾਬ ਦੇ ਸਿਆਸੀ ਸਵੈ-ਮਾਣ ਦਾ ਪ੍ਰਤੀਕ ਵੀ ਮੰਨੀ ਜਾਂਦੀ ਸੀ। ਲੰਮੇ ਸਮੇਂ ਤੱਕ ਸਿੱਖ ਵੋਟਰਾਂ ਦੇ ਵੱਡੇ ਹਿੱਸੇ ਦੀ ਇਹ ਕੁਦਰਤੀ ਸਿਆਸੀ ਪਸੰਦ ਰਹੀ।

ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਨੇ ਪਿੰਡ ਪੱਧਰ ਤੱਕ ਮਜ਼ਬੂਤ ਸੰਗਠਨ ਖੜ੍ਹਾ ਕੀਤਾ ਅਤੇ ਵੱਖ-ਵੱਖ ਸਮਾਜਿਕ ਤੇ ਧਾਰਮਿਕ ਵਰਗਾਂ ਨੂੰ ਨਾਲ ਜੋੜ ਕੇ ਪੰਜਾਬ ਵਿੱਚ ਸੱਤਾ ਦੀ ਇਕ ਟਿਕਾਊ ਸਿਆਸੀ ਵਿਵਸਥਾ ਬਣਾਈ।

2012 ਦੀਆਂ ਵਿਧਾਨ ਸਭਾ ਚੋਣਾਂ ਵਿੱਚ 56 ਸੀਟਾਂ ਜਿੱਤ ਕੇ ਲਗਾਤਾਰ ਦੂਜੀ ਵਾਰ ਸਰਕਾਰ ਬਣਾਉਣਾ ਇਸ ਤਾਕਤ ਦਾ ਸਬੂਤ ਸੀ। ਇਸ ਤੋਂ ਪਹਿਲਾਂ ਪੰਜਾਬ 'ਚ ਕੋਈ ਵੀ ਪਾਰਟੀ ਦੂਜੀ ਵਾਰ ਸਰਕਾਰ ਨਹੀਂ ਸੀ ਬਣਾ ਸਕੀ। ਪਰ ਇਸ ਤੋਂ ਬਾਅਦ ਗਿਰਾਵਟ ਦਾ ਦੌਰ ਤੇਜ਼ ਹੋ ਗਿਆ। 2017 ਵਿੱਚ ਪਾਰਟੀ 15 ਸੀਟਾਂ ਤੱਕ ਸਿਮਟ ਗਈ ਅਤੇ 2022 ਵਿੱਚ ਇਹ ਗਿਣਤੀ ਘਟ ਕੇ ਸਿਰਫ਼ ਤਿੰਨ ਰਹਿ ਗਈ। ਇੱਥੋਂ ਤੱਕ ਕਿ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਆਪਣੀ ਰਵਾਇਤੀ ਲੰਬੀ ਸੀਟ ਅਤੇ ਸੁਖਬੀਰ ਸਿੰਘ ਬਾਦਲ ਆਪਣਾ ਜਲਾਲਾਬਾਦ ਹਲਕਾ ਨਹੀਂ ਬਚਾ ਸਕੇ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੀਆਂ 13 ਸੀਟਾਂ ਵਿੱਚੋਂ ਕੇਵਲ ਇੱਕ ਅਕਾਲੀ ਦਲ ਦੇ ਖਾਤੇ ਵਿੱਚ ਆਈ, ਜੋ ਹਰਸਿਮਰਤ ਕੌਰ ਬਾਦਲ ਨੇ ਬਠਿੰਡਾ ਤੋਂ ਬਰਕਰਾਰ ਰੱਖੀ।

ਵੋਟ ਪ੍ਰਤੀਸ਼ਤ ਵੀ ਇਸ ਗਿਰਾਵਟ ਦੀ ਸਪਸ਼ਟ ਤਸਵੀਰ ਪੇਸ਼ ਕਰਦਾ ਹੈ। 2007 ਵਿੱਚ 37 ਫ਼ੀਸਦੀ ਵੋਟਾਂ ਨਾਲ 48 ਸੀਟਾਂ ਅਤੇ 2012 ਵਿੱਚ 34.7 ਫ਼ੀਸਦੀ ਵੋਟਾਂ ਨਾਲ 56 ਸੀਟਾਂ ਹਾਸਲ ਕਰਨ ਵਾਲਾ ਅਕਾਲੀ ਦਲ 2017 ਵਿੱਚ ਲਗਭਗ 25 ਫ਼ੀਸਦੀ ਵੋਟਾਂ ਨਾਲ 15 ਸੀਟਾਂ ਅਤੇ 2022 ਵਿੱਚ 18.3 ਫ਼ੀਸਦੀ ਵੋਟਾਂ ਨਾਲ ਕੇਵਲ ਤਿੰਨ ਸੀਟਾਂ ਤੱਕ ਰਹਿ ਗਿਆ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਇਸ ਦਾ ਵੋਟ ਹਿੱਸਾ ਕੇਵਲ 13 ਫ਼ੀਸਦੀ ਰਹਿ ਗਿਆ, ਜਦੋਂਕਿ ਇਸ ਦੀ ਹਮਸਫ਼ਰ ਰਹੀ ਭਾਜਪਾ ਨੂੰ 18.5 ਫ਼ੀਸਦੀ ਵੋਟ ਮਿਲੇ। ਇਹ ਅੰਕੜੇ ਸਿਰਫ਼ ਚੋਣਾਵੀਂ ਹਾਰ ਦੀ ਕਹਾਣੀ ਨਹੀਂ ਦੱਸਦੇ, ਸਗੋਂ ਪਾਰਟੀ ਅਤੇ ਉਸ ਦੇ ਰਵਾਇਤੀ ਵੋਟਰ ਵਿਚਕਾਰ ਕਮਜ਼ੋਰ ਹੋਏ ਸਿਆਸੀ ਰਿਸ਼ਤੇ ਦਾ ਸੰਕੇਤ ਹਨ।

ਅਕਾਲੀ ਦਲ ਦੀ ਗਿਰਾਵਟ ਨੂੰ ਸਮਝਣ ਲਈ 2015 ਦਾ ਬੇਅਦਬੀ ਕਾਂਡ ਇੱਕ ਮਹੱਤਵਪੂਰਨ ਮੋੜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ, ਬਰਗਾੜੀ ਮਾਮਲਾ ਅਤੇ ਇਸ ਤੋਂ ਬਾਅਦ ਬਹਿਬਲ ਕਲਾਂ ਤੇ ਕੋਟਕਪੂਰਾ ਵਿੱਚ ਪੁਲਿਸ ਗੋਲ਼ੀਬਾਰੀ ਨੇ ਉਸ ਸਮੇਂ ਦੀ ਬਾਦਲ ਸਰਕਾਰ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ। ਇਨ੍ਹਾਂ ਮਾਮਲਿਆਂ ਵਿੱਚ ਇਨਸਾਫ਼ ਅਤੇ ਜਵਾਬਦੇਹੀ ਨੂੰ ਲੈ ਕੇ ਪੈਦਾ ਹੋਈ ਨਿਰਾਸ਼ਾ ਨੇ ਅਕਾਲੀ ਦਲ ਦੀ ਪੰਥਕ ਸਾਖ ਨੂੰ ਵੱਡੀ ਸੱਟ ਮਾਰੀ।

ਇਸੇ ਦੌਰਾਨ 2007 ਦੇ ਡੇਰਾ ਸੱਚਾ ਸੌਦਾ ਵਿਵਾਦ ਨਾਲ ਜੁੜੇ ਮਾਮਲੇ ਵਿੱਚ 24 ਸਤੰਬਰ 2015 ਨੂੰ ਅਕਾਲ ਤਖ਼ਤ ਸਾਹਿਬ ਤੋਂ ਦਿੱਤੀ- ਦਿਵਾਈ ਗਈ ਮੁਆਫ਼ੀ ਦੇ ਫ਼ੈਸਲੇ ਨੇ ਪੰਥਕ ਰੋਸ ਨੂੰ ਹੋਰ ਤਿੱਖਾ ਕੀਤਾ। ਇਸ ਨਾਲ ਇਹ ਧਾਰਨਾ ਮਜ਼ਬੂਤ ਹੋਈ ਕਿ ਪੰਥਕ ਸੰਸਥਾਵਾਂ ਸਿਆਸੀ ਪ੍ਰਭਾਵ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਰਹੀਆਂ। ਸਿਆਸਤ ਵਿੱਚ ਸਿਰਫ਼ ਹਕੀਕਤ ਹੀ ਨਹੀਂ, ਧਾਰਨਾ ਵੀ ਮਹੱਤਵ ਰੱਖਦੀ ਹੈ। ਰਵਾਇਤੀ ਸਮਰਥਕਾਂ ਦੇ ਇੱਕ ਹਿੱਸੇ ਵਿੱਚ ਇਹ ਭਾਵਨਾ ਵੀ ਉੱਭਰੀ ਕਿ ਅਕਾਲੀ ਦਲ ਆਪਣੀਆਂ ਵਿਚਾਰਧਾਰਕ ਅਤੇ ਪੰਥਕ ਤਰਜੀਹਾਂ ਤੋਂ ਹਟ ਕੇ ਸੱਤਾ-ਕੇਂਦਰਿਤ ਸਿਆਸਤ, ਸਰਪ੍ਰਸਤੀ ਅਤੇ ਕੇਂਦਰੀਕ੍ਰਿਤ ਪ੍ਰਬੰਧਨ ਵੱਲ ਵਧ ਗਿਆ ਹੈ। ਇਸ ਭਰੋਸੇ ਦੇ ਸੰਕਟ ਨੇ ਹੌਲੀ-ਹੌਲੀ ਵੋਟ ਦੇ ਸੰਕਟ ਦਾ ਰੂਪ ਧਾਰ ਲਿਆ।

ਅਕਾਲੀ ਦਲ ਦੀ ਸਿਆਸੀ ਕਹਾਣੀ ਵਿੱਚ ਬਾਦਲ ਪਰਿਵਾਰ ਦੀ ਭੂਮਿਕਾ ਵੀ ਦੋਹਰੀ ਰਹੀ ਹੈ। ਇੱਕ ਪਾਸੇ ਪ੍ਰਕਾਸ਼ ਸਿੰਘ ਬਾਦਲ ਨੇ ਪਾਰਟੀ ਨੂੰ ਪਿੰਡਾਂ ਤੱਕ ਮਜ਼ਬੂਤ ਕਰਕੇ ਪੰਜਾਬ ਦੀ ਸਿਆਸਤ ਵਿੱਚ ਕੇਂਦਰੀ ਤਾਕਤ ਬਣਾਇਆ, ਪਰ ਦੂਜੇ ਪਾਸੇ ਸਮੇਂ ਦੇ ਨਾਲ ਲੀਡਰਸ਼ਿਪ ਦੇ ਵਧਦੇ ਕੇਂਦਰੀਕਰਨ ਅਤੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਕਾਰੋਬਾਰੀਆਂ ਤੇ ਨੇੜਲੇ ਗੈਰ-ਰਵਾਇਤੀ ਚਿਹਰਿਆਂ ਦੀ ਵਧਦੀ ਭੂਮਿਕਾ ਨੇ ਰਵਾਇਤੀ ਕਾਡਰ ਦੇ ਇੱਕ ਹਿੱਸੇ ਵਿੱਚ ਇਹ ਭਾਵਨਾ ਪੈਦਾ ਕੀਤੀ ਕਿ ਪਾਰਟੀ ਦੀ ਦਿਸ਼ਾ ਅਤੇ ਅਹਿਮ ਫ਼ੈਸਲੇ ਕੁਝ ਸੀਮਤ ਹੱਥਾਂ ਵਿੱਚ ਸਿਮਟ ਗਏ ਹਨ। ਇਸ ਦਾ ਨਤੀਜਾ ਅੰਦਰੂਨੀ ਬਗ਼ਾਵਤਾਂ, ਵੱਖਰੇ ਧੜਿਆਂ ਦੇ ਉਭਾਰ ਅਤੇ ਲੀਡਰਸ਼ਿਪ ਵਿੱਚ ਤਬਦੀਲੀ ਦੀਆਂ ਤੇਜ਼ ਹੋਈਆਂ ਮੰਗਾਂ ਦੇ ਰੂਪ ਵਿੱਚ ਸਾਹਮਣੇ ਆਇਆ।

ਦਸੰਬਰ 2024 ਵਿੱਚ ਅਕਾਲ ਤਖ਼ਤ ਸਾਹਿਬ ਵੱਲੋਂ 2007 ਤੋਂ 2017 ਦੇ ਸਮੇਂ ਦੌਰਾਨ ਬਾਦਲ ਸਰਕਾਰ ਵੱਲੋਂ ਲਏ ਗਏ ਕੁਝ ਫ਼ੈਸਲਿਆਂ ਨੂੰ ਸਿੱਖ ਹਿੱਤਾਂ ਲਈ ਨੁਕਸਾਨਦੇਹ ਮੰਨਦਿਆਂ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦਿੱਤੇ ਜਾਣ ਅਤੇ ਧਾਰਮਿਕ ਤੌਰ 'ਤੇ ਕੀਤੀ ਗਈ ਤਨਖ਼ਾਹ ਅਤੇ ਸੇਵਾ ਦੇ ਬਾਵਜੂਦ ਪਾਰਟੀ ਦੀ ਸਿਆਸੀ ਭਰੋਸੇਯੋਗਤਾ ਤੁਰੰਤ ਬਹਾਲ ਨਾ ਹੋ ਸਕੀ। ਇਸ ਤੋਂ ਸਪਸ਼ਟ ਹੋਇਆ ਕਿ ਸੰਕਟ ਸਿਰਫ਼ ਕਿਸੇ ਇੱਕ ਆਗੂ ਤੱਕ ਸੀਮਿਤ ਨਹੀਂ, ਸਗੋਂ ਪਾਰਟੀ ਦੀ ਸਮੁੱਚੀ ਸਾਖ ਅਤੇ ਸੰਗਠਨਾਤਮਕ ਭਰੋਸੇ ਨਾਲ ਜੁੜ ਚੁੱਕਾ ਹੈ।

ਇਸ ਤੋਂ ਇਲਾਵਾ ਪੰਜਾਬ ਦੇ ਨਸ਼ਾ ਸੰਕਟ ਨਾਲ ਸਿਆਸੀ ਨੈੱਟਵਰਕਾਂ ਨੂੰ ਜੋੜਨ ਵਾਲੇ ਦੋਸ਼ਾਂ ਅਤੇ ਬਾਦਲ ਪਰਿਵਾਰ ਦੇ ਕੁਝ ਮੈਂਬਰਾਂ ਨਾਲ ਸਬੰਧਿਤ ਵਿਵਾਦਾਂ ਨੇ ਵੀ ਅਕਾਲੀ ਦਲ ਦੀ ਸਾਖ ਨੂੰ ਨੁਕਸਾਨ ਪਹੁੰਚਾਇਆ। ਨਸ਼ਿਆਂ ਦਾ ਮੁੱਦਾ ਪੰਜਾਬ ਦੀ ਸਿਆਸਤ ਵਿੱਚ ਲੰਮੇ ਸਮੇਂ ਤੋਂ ਕੇਂਦਰੀ ਵਿਸ਼ਾ ਬਣਿਆ ਹੋਇਆ ਹੈ ਅਤੇ ਅਕਾਲੀ ਦਲ ਦੇ ਵਿਰੋਧੀਆਂ ਵੱਲੋਂ ਨਸ਼ਿਆਂ ਦੇ ਫੈਲਾਅ ਨੂੰ ਲਗਾਤਾਰ ਅਕਾਲੀ ਰਾਜ ਦੇ ਦੌਰ ਨਾਲ ਜੋੜਿਆ ਜਾਂਦਾ ਰਿਹਾ ਹੈ। ਭਾਵੇਂ ਇਨ੍ਹਾਂ ਦੋਸ਼ਾਂ ਦੀ ਕਾਨੂੰਨੀ ਅਤੇ ਤੱਥਾਤਮਕ ਸਚਾਈ ਵੱਖਰਾ ਵਿਸ਼ਾ ਹੈ, ਪਰ ਸਿਆਸੀ ਧਾਰਨਾ ਦੇ ਪੱਧਰ 'ਤੇ ਇਨ੍ਹਾਂ ਨੇ ਪਾਰਟੀ ਦੀ ਛਵੀ ਨੂੰ ਨਿਸ਼ਚਿਤ ਤੌਰ 'ਤੇ ਪ੍ਰਭਾਵਿਤ ਕੀਤਾ।

ਅਕਾਲੀ ਦਲ ਦੀ ਇੱਕ ਵੱਡੀ ਚੁਣੌਤੀ ਇਹ ਵੀ ਹੈ ਕਿ ਪੰਜਾਬ ਖ਼ੁਦ ਬਦਲ ਚੁੱਕਾ ਹੈ। ਅੱਜ ਦਾ ਵੋਟਰ ਸਿਰਫ਼ ਪੰਥਕ ਜਾਂ ਰਵਾਇਤੀ ਮੁੱਦਿਆਂ 'ਤੇ ਵੋਟ ਨਹੀਂ ਪਾਉਂਦਾ। ਨੌਜਵਾਨ ਰੁਜ਼ਗਾਰ ਅਤੇ ਵਿਦੇਸ਼ ਜਾਣ ਦੇ ਵਿਕਲਪਾਂ ਬਾਰੇ ਸੋਚਦਾ ਹੈ, ਕਿਸਾਨ ਖੇਤੀ ਦੀ ਆਰਥਿਕਤਾ ਅਤੇ ਪਾਣੀ ਦੇ ਭਵਿੱਖ ਨੂੰ ਲੈ ਕੇ ਚਿੰਤਤ ਹੈ, ਜਦਕਿ ਵਪਾਰੀ ਸੁਰੱਖਿਅਤ ਕਾਰੋਬਾਰੀ ਮਾਹੌਲ ਚਾਹੁੰਦਾ ਹੈ। ਮੱਧ ਵਰਗ ਲਈ ਸਿੱਖਿਆ, ਸਿਹਤ ਅਤੇ ਮਹਿੰਗਾਈ ਵੱਡੇ ਮੁੱਦੇ ਹਨ। ਇਸ ਦੇ ਨਾਲ ਨਸ਼ੇ, ਕਾਨੂੰਨ-ਵਿਵਸਥਾ, ਉਦਯੋਗੀਕਰਨ ਅਤੇ ਲਗਾਤਾਰ ਹੋ ਰਹੀ ਆਬਾਦੀ ਦੀ ਬਾਹਰਮੁਖੀ ਗਤੀ ਪੰਜਾਬ ਲਈ ਗੰਭੀਰ ਚੁਣੌਤੀਆਂ ਹਨ। ਇਨ੍ਹਾਂ ਬਦਲੀਆਂ ਤਰਜੀਹਾਂ ਨਾਲ ਤਾਲਮੇਲ ਨਾ ਬਿਠਾ ਸਕਣਾ ਵੀ ਅਕਾਲੀ ਦਲ ਦੇ ਸੰਕਟ ਦਾ ਇੱਕ ਕਾਰਨ ਬਣਿਆ ਹੈ।

ਇਸ ਲਈ ਪੰਥਕ ਸਿਆਸਤ ਨੂੰ ਵੀ ਨਵੇਂ ਅਰਥ ਦੇਣ ਦੀ ਲੋੜ ਹੈ। ਪੰਥਕਤਾ ਸਿਰਫ਼ ਧਾਰਮਿਕ ਭਾਵਨਾਵਾਂ ਤੱਕ ਸੀਮਿਤ ਨਹੀਂ, ਸਗੋਂ ਨਿਆਂ, ਇਮਾਨਦਾਰੀ, ਜਵਾਬਦੇਹੀ, ਪੰਜਾਬ ਦੇ ਹੱਕਾਂ ਦੀ ਰਾਖੀ ਅਤੇ ਲੋਕ-ਭਲਾਈ ਦੀ ਸਿਆਸਤ ਵੀ ਨਾਲ ਵੀ ਜੁੜੀ ਹੈ। ਜੇ ਅਕਾਲੀ ਦਲ ਇਸ ਵਿਆਪਕ ਪੰਥਕ ਦ੍ਰਿਸ਼ਟੀ ਨੂੰ ਆਧੁਨਿਕ ਪੰਜਾਬ ਦੇ ਮੁੱਦਿਆਂ ਰੁਜ਼ਗਾਰ, ਖੇਤੀ, ਪਾਣੀ, ਸਿੱਖਿਆ, ਸਿਹਤ ਅਤੇ ਸੁਰੱਖਿਆ ਨਾਲ ਨਹੀਂ ਜੋੜਦਾ ਤਾਂ ਪੰਥਕ ਸਿਆਸਤ ਉਸ ਲਈ ਤਾਕਤ ਦੀ ਬਜਾਏ ਸਿਰਫ਼ ਅਤੀਤ ਦੀ ਯਾਦ ਬਣ ਕੇ ਰਹਿ ਸਕਦੀ ਹੈ।

ਅਕਾਲੀ ਦਲ ਅਤੇ ਭਾਜਪਾ ਦਾ 26 ਸਾਲ ਲੰਮਾ ਗੱਠਜੋੜ ਪੰਜਾਬ ਦੀ ਸਿਆਸਤ ਦਾ ਮਹੱਤਵਪੂਰਨ ਅਧਿਆਇ ਰਿਹਾ ਹੈ। ਇਸ ਸਾਂਝ ਨੇ ਅਕਾਲੀ ਦਲ ਨੂੰ ਕਈ ਸਾਲ ਸੱਤਾ ਵਿੱਚ ਬਣੇ ਰਹਿਣ ਵਿੱਚ ਮਦਦ ਕੀਤੀ, ਤਾਂ ਦੂਜੇ ਪਾਸੇ ਸਿੱਖ ਸਰੋਕਾਰਾਂ ਨਾਲ ਜੁੜੇ ਮੁੱਦਿਆਂ 'ਤੇ ਅਕਾਲੀ ਦਲ ਦੀ ਭੂਮਿਕਾ ਦੀ ਆਲੋਚਨਾ ਵੀ ਹੋਈ। ਖ਼ਾਸ ਕਰਕੇ 2020 ਦੇ ਖੇਤੀ ਕਾਨੂੰਨਾਂ ਦੇ ਮਾਮਲੇ ਵਿੱਚ ਪਾਰਟੀ ਦੇ ਸ਼ੁਰੂਆਤੀ ਰੁਖ਼ 'ਤੇ ਸਵਾਲ ਉੱਠੇ। ਬਾਅਦ ਵਿੱਚ ਦਬਾਅ ਹੇਠ ਅਕਾਲੀ ਦਲ ਵੱਲੋਂ ਭਾਜਪਾ ਨਾਲ ਗੱਠਜੋੜ ਤੋੜਨ ਨਾਲ ਇਸ ਰਿਸ਼ਤੇ ਨੂੰ ਗੰਭੀਰ ਝਟਕਾ ਲੱਗਾ।

ਹੁਣ ਸਵਾਲ ਇਹ ਹੈ ਕਿ ਭਵਿੱਖ ਵਿੱਚ ਦੋਵੇਂ ਪਾਰਟੀਆਂ ਮੁੜ ਕਿਸੇ ਰਣਨੀਤਿਕ ਸਾਂਝ ਵੱਲ ਵਧਦੀਆਂ ਹਨ ਤਾਂ ਵੀ ਇੱਕ ਗੱਲ ਸਪਸ਼ਟ ਹੈ—ਕਿਸੇ ਵੀ ਨਵੇਂ ਗੱਠਜੋੜ ਨੂੰ ਪਾਰਟੀ ਦੇ ਅੰਦਰਲੇ ਸੰਕਟ ਦਾ ਬਦਲ ਨਹੀਂ ਬਣਾਇਆ ਜਾ ਸਕਦਾ। ਗੱਠਜੋੜ ਚੋਣ ਗਣਿਤ ਬਦਲ ਸਕਦਾ ਹੈ, ਪਰ ਲੋਕਾਂ ਦਾ ਭਰੋਸਾ ਸਿਆਸੀ ਪੁਨਰ-ਨਿਰਮਾਣ ਨਾਲ ਹੀ ਵਾਪਸ ਆਉਂਦਾ ਹੈ। (ਬਾਕੀ ਸਫ਼ਾ 27 'ਤੇ)



# ਕੁਰਸੀਆਂ ਦੀ ਖਿੱਚੋਤਾਣ ’ਚ ਗੁਆਚੇ ਪੰਜਾਬ ਦੇ ਮੁੱਦੇ

## ਕਰਜ਼ਾ, ਪਾਣੀ ਤੇ ਸਿੱਖਿਆ ਸਿਆਸੀ ਏਜੰਡੇ ’ਚੋਂ ਗਾਇਬ



ਡਾ. ਅਮਨਪ੍ਰੀਤ ਸਿੰਘ ਬਰਾੜ

ਪੰਜਾਬ ਵਿੱਚ ਚੋਣ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਨਾਲ ਹੀ ਇਹ ਉਮੀਦ ਵੀ ਜਾਗੀ ਸੀ ਕਿ ਹੁਣ ਤਾਂ ਕੋਈ ਪੰਜਾਬ ਦੇ ਮੁੱਦਿਆਂ ਦੀ ਗੱਲ ਕਰੇਗਾ। ਪਰ ਧਿਆਨ ਮਾਰੋ ਤਾਂ ਸਾਨੂੰ ਪੰਜਾਬ ਦੀ ਸਿਆਸਤ ਦੀਆਂ ਸੁਰਖੀਆਂ ਕੁਝ ਇਸ ਤਰ੍ਹਾਂ ਦੀਆਂ ਮਿਲਦੀਆਂ ਹਨ—ਵੜਿੰਗ ਰਹਿਣਗੇ ਜਾਂ ਹਟਣਗੇ, ਚੰਨੀ ਧੜਾ ਕੀ ਮੰਗ ਰਿਹਾ ਹੈ? ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੇ ਮਾਨ ਨੂੰ ਕੀ ਕਿਹਾ? ਅਤੇ ਮਾਨ ਦਾ ਵਾਰ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ’ਤੇ, ਅਕਾਲੀ ਦਲ ’ਚ ਧੜੇਬੰਦੀ, ਭਾਜਪਾ ਦਾ ਗੱਠਜੋੜ ਬਾਰੇ ਭੰਬਲਭੂਸਾ। ਇਹ ਸਭ ਖ਼ਬਰਾਂ ਤਾਂ ਮਿਲਦੀਆਂ ਹਨ ਪਰ ਪੰਜਾਬ ਦੀਆਂ ਸਮੱਸਿਆਵਾਂ ਦੀ ਕੋਈ ਖ਼ਬਰ ਨਹੀਂ। ਜਿਸ ਸੂਬੇ ’ਤੇ ਸਾਢੇ ਚਾਰ ਲੱਖ ਕਰੋੜ ਦਾ ਕਰਜ਼ਾ ਹੋਵੇ, ਜਿੱਥੇ ਧਰਤੀ ਹੇਠਲਾ ਪਾਣੀ ਹਰ ਸਾਲ ਹੇਠਾਂ ਜਾ ਰਿਹਾ ਹੋਵੇ, ਜਿੱਥੇ ਨਸ਼ੇ ਨਾਲ ਮੌਤਾਂ ਦੀ ਗਿਣਤੀ ਪੂਰੇ ਦੇਸ਼ ’ਚੋਂ ਵਧ ਜਾਵੇ, ਉੱਥੇ ਚੋਣ ਪ੍ਰਚਾਰ ਦਾ ਧੁਰਾ ਇਹ ਬਣਿਆ ਹੋਇਆ ਹੈ ਕਿ ਕਿਸ ਪਾਰਟੀ ਦਾ ਕਿਹੜਾ ਧੜਾ ਕਿਸ ਦੇ ਖ਼ਿਲਾਫ਼ ਹੈ। ਸਟੇਜਾਂ ’ਤੇ ਮੁੱਦਿਆਂ ਦੀ ਬਜਾਏ ਇਕ-ਦੂਜੇ ਨੂੰ ਮਿਹਣੋ-ਮਿਹਣੀ ਹੋਣਾ ਹੀ ਮੁੱਖ ਗੱਲ ਬਣ ਗਈ ਹੈ, ਤਾਂ ਇਹ ਫ਼ਰਕ ਸਮਝਣ ਵਾਲਾ ਹੈ ਅਤੇ ਅੱਜ ਇਸ ਫ਼ਰਕ ਦੀ ਗੱਲ ਕਰਨੀ ਜ਼ਰੂਰੀ ਹੈ।

ਸੂਬਾ ਸਰਕਾਰ ਦੇ 2026-27 ਦੇ ਬਜਟ ਵਿੱਚ ਜੋ ਅਨੁਮਾਨ ਦਿੱਤਾ ਗਿਆ ਹੈ, ਉਸ ਅਨੁਸਾਰ ਸੂਬੇ ਸਿਰ ਵਿੱਤੀ ਕਰਜ਼ਾ ਸਾਢੇ ਚਾਰ ਲੱਖ ਕਰੋੜ ਤੱਕ ਪਹੁੰਚ ਜਾਣਾ ਹੈ। ਇਸ ਸੰਬੰਧੀ ਵਿਰੋਧੀ ਧਿਰ ਸਿਰਫ਼ ਵਿਧਾਨ ਸਭਾ ਵਿੱਚ ਖ਼ਾਨਾਪੂਰਤੀ ਲਈ ਆਪਣੀ ਹਾਜ਼ਰੀ ਲਵਾਉਂਦੀ ਨਜ਼ਰ ਆਉਂਦੀ ਹੈ। ਵਿਰੋਧੀ ਧਿਰਾਂ ਇਸ ਆਰਥਿਕ ਮੁੱਦੇ ਸੰਬੰਧੀ ਕੋਈ ਠੋਸ ਬਿਰਤਾਂਤ ਸਿਰਜਣ ਵਿੱਚ ਅਸਫ਼ਲ ਰਹੀਆਂ ਹਨ। ਇੱਥੋਂ ਤੱਕ ਕਿ ਵਿਧਾਨ ਸਭਾ ਵਿੱਚ ਵੀ ਕੋਈ ਇਹ ਨਹੀਂ ਬੋਲਦਾ ਕਿ ਸਰਕਾਰ ਦੀਆਂ ਕਿਹੜੀਆਂ ਗ਼ਲਤ ਨੀਤੀਆਂ ਕਾਰਨ ਇਹ ਕਰਜ਼ਾ ਚੜ੍ਹਦਾ ਜਾ ਰਿਹਾ ਹੈ, ਜਦਕਿ ਸਰਕਾਰ ਆਪਣਾ ਪੱਲਾ ਇਹ ਕਹਿ ਕੇ ਝਾੜ ਲੈਂਦੀ ਹੈ ਕਿ ਅਸੀਂ ਤਾਂ ਪੁਰਾਣੀਆਂ ਸਰਕਾਰਾਂ ਦੇ ਲਏ ਕਰਜ਼ੇ ਦਾ ਵਿਆਜ ਹੀ ਮੋੜਦੇ ਰਹਿ ਗਏ ਹਾਂ। ਨੀਤੀ ਆਯੋਗ ਦੀ ਰਿਪੋਰਟ ਦੇ ਅੰਕੜੇ ਦੱਸਦੇ ਹਨ ਕਿ 2022-23 ਵਿੱਚ ਪੰਜਾਬ ਦਾ ਕਰਜ਼ਾ-ਕੁੱਲ ਰਾਜ ਘਰੇਲੂ ਉਤਪਾਦ (ਜੀ.ਐੱਸ.ਡੀ.ਪੀ.) ਅਨੁਪਾਤ 47 ਫ਼ੀਸਦੀ ਸੀ, ਜਦਕਿ ਬਾਕੀ ਸੂਬਿਆਂ ਦਾ ਇਹ ਔਸਤ ਅੰਕੜਾ ਤਕਰੀਬਨ 32.1 ਫ਼ੀਸਦੀ ਸੀ। ਮਾਲੀਆ ਘਾਟਾ ਹੋਰਨਾਂ ਸੂਬਿਆਂ ਦੇ 0.4 ਫ਼ੀਸਦੀ ਦੇ ਮੁਕਾਬਲੇ ਪੰਜਾਬ ’ਚ 3.5 ਫ਼ੀਸਦੀ ਹੈ। ਮੁਫ਼ਤ ਦੀਆਂ ਰਿਓੜੀਆਂ ਵੋਟਾਂ ਦਿਵਾਉਂਦੀਆਂਹਨ, ਕਰਜ਼ੇ ਦਾ ਬੋਝ ਵੋਟਾਂ ਨਹੀਂ ਦਿੰਦਾ। ਇਸ ਲਈ ਇਸ ਦੀ ਕੋਈ ਗੱਲ ਨਹੀਂ ਕਰਨਾ ਚਾਹੁੰਦਾ ਅਤੇ ਲੋਕਾਂ ਦਾ ਧਿਆਨ ਵੀ ਹੋਰ ਪਾਸੇ ਲਾਇਆ ਜਾ ਰਿਹਾ ਹੈ।



ਅਸਲ ’ਚ ਪਾਣੀ ਦਾ ਮੁੱਦਾ ਉੱਠਣ ’ਤੇ ਜਦੋਂ ਬਿਲਕੁਲ ਨਹੀਂ ਸਰਦਾ, ਤਾਂ ਬਸ ਹਰ ਨੇਤਾ ਇਹ ਕਹਿੰਦਾ ਹੈ ਕਿ ਅਸੀਂ ਪਾਣੀ ਦੀ ਇਕ ਬੂੰਦ ਵੀ ਬਾਹਰ ਨਹੀਂ ਜਾਣ ਦੇਵਾਂਗੇ। ਪਰ ਅਸਲ ਵਿੱਚ ਅੰਦਰਖ਼ਾਤੇ ਸਭ ਕੁਝ ਚੱਲੀ ਜਾਂਦਾ ਹੈ। ਬੀ.ਬੀ.ਐੱਮ.ਬੀ. ਦਾ ਕੰਟਰੋਲ ਰਾਜ ਦੇ ਹੱਥੋਂ ਗਿਆ, ਕੇਂਦਰ ਦੂਜੇ ਸੂਬਿਆਂ ਨੂੰ ਤਰਜੀਹ ਦਿੰਦਾ ਹੈ। ਪੰਜਾਬ ਦੇ ਸਿਆਸਤਦਾਨ ਇਸ ’ਤੇ ਉਦੋਂ ਹੀ ਬੋਲਦੇ ਨਜ਼ਰ ਆਉਂਦੇ ਹਨ ਜਦੋਂ ਕਿਸਾਨ ਇਸ ਪਿੱਛੇ ਰੌਲਾ ਪਾਉਂਦੇ ਹਨ। ਨਹਿਰੀ ਪਾਣੀਆਂ ਦੀ ਮੁੜ ਵੰਡ ’ਤੇ ਤਾਂ ਸਿਆਸੀ ਬਹਿਸ ਤਕਰੀਬਨ ਖ਼ਤਮ ਹੀ ਹੋ ਗਈ ਹੈ। ਇੱਥੋਂ ਤੱਕ ਕਿ ਵੋਟਾਂ ਖ਼ਾਤਰ, ਜ਼ਮੀਨ ਹੇਠਲੇ ਪਾਣੀ ਦੇ ਸੁਧਾਰ ਲਈ ਕੀਤੀਆਂ ਗਈਆਂ ਥੋੜ੍ਹੀਆਂ-ਬਹੁਤੀਆਂ ਕੋਸ਼ਿਸ਼ਾਂ—ਯਾਨੀ ਝੋਨੇ ਦੀ ਲਵਾਈ ਲੇਟ ਕਰਨ ਦੇ ਫ਼ੈਸਲੇ—ਉੱਤੇ ਵੀ ਪਾਣੀ ਫੇਰ ਦਿੱਤਾ ਗਿਆ, ਭਾਵੇਂ ਰਿਪੋਰਟਾਂ ਕਹਿ ਰਹੀਆਂ ਹਨ ਕਿ 150 ਬਲਾਕਾਂ ਦੇ ਹੇਠਲੇ ਪਾਣੀ ਦਾ ਪੱਧਰ ਡਾਰਕ ਜ਼ੋਨ ਵਿਚ ਆ ਚੁੱਕਾ ਹੈ। ਸਰਕਾਰ ਤਰਕ ਦਿੰਦੀ ਹੈ ਕਿ ਹੁਣ ਪਾਣੀ ਦਾ ਪੱਧਰ ਥੋੜ੍ਹਾ ਉੱਚਾ ਹੋ ਗਿਆ ਹੈ, ਇਸ ਲਈ ਝੋਨੇ ਦੀ ਲਵਾਈ ਪਹਿਲਾਂ ਕਰ ਦਿੱਤੀ ਗਈ ਹੈ। ਇਹ ਉੱਚਾ ਹੋਇਆ ਤਾਂ ਚੰਗੀ ਗੱਲ ਹੈ, ਪਰ ਕੀ ਅਸੀਂ ਪਾਣੀ ਦੇ ਸੰਕਟ ਵਿੱਚੋਂ ਉੱਭਰ ਆਏ ਹਾਂ? ਅਫ਼ਸੋਸ ਕਿ ਆਮ ਲੋਕ ਇਸ ਗੱਲ ’ਤੇ ਬੋਲਦੇ ਹੀ ਨਹੀਂ, ਜਿਵੇਂ ਇਹ ਮਸਲਾ ਉਨ੍ਹਾਂ ਦਾ ਹੋਵੇ ਹੀ ਨਾ।

ਹਰ ਕੋਈ ਇਹ ਅੰਕੜੇ ਦਿੰਦਾ ਹੈ ਕਿ ਅਸੀਂ ਕਿੰਨੀਆਂ ਨੌਕਰੀਆਂ ਦਿੱਤੀਆਂ, ਪਰ ਕੋਈ ਇਹ ਨਹੀਂ ਦੱਸਦਾ ਕਿ ਕੁੱਲ ਬੇਰੁਜ਼ਗਾਰਾਂ ਵਿੱਚੋਂ ਕਿੰਨਿਆਂ ਨੂੰ ਨੌਕਰੀ ਮਿਲੀ। ਫਿਰ ਇਹ ਵੀ ਸਵਾਲ ਹੈ ਕਿ ਕੀ ਦਿੱਤੀ ਗਈ ਨੌਕਰੀ ਉਸ ਦੇ ਘਰ ਦਾ ਚੁੱਲ੍ਹਾ ਚਲਾਉਣ ਦੇ ਸਮਰੱਥ ਹੈ? ਇੱਥੇ ਅੰਕੜਿਆਂ ਨਾਲ ਮੇਲ ਨਾ ਖਾਣ ਵਾਲੀ ਗੱਲ ਇਹ ਹੈ ਕਿ ਆਟਾ-ਦਾਲ ਤੋਂ ਅੱਗੇ ਵਧ ਕੇ 33 ਲੱਖ ਪਰਿਵਾਰਾਂ ਨੂੰ ਰਸੋਈ ਦੇ ਸਾਮਾਨ ਦੀਆਂ ਕਿੱਟਾਂ ਵੰਡੀਆਂ ਗਈਆਂ। ਜੇਕਰ ਲੋਕਾਂ ਕੋਲ ਵਧੀਆ ਨੌਕਰੀ ਜਾਂ ਕਾਰੋਬਾਰ ਹੁੰਦਾ, ਫਿਰ ਮੁਫ਼ਤ ਦੀਆਂ ਚੀਜ਼ਾਂ ਦੀ ਕਿਸ ਨੂੰ ਲੋੜ ਪੈਣੀ ਸੀ? ਸਿੱਖਿਆ ’ਤੇ ਤਾਂ ਕੋਈ ਬੋਲਦਾ ਹੀ ਨਹੀਂ। ਪੁਰਾਣੀ ਗੱਲ ਨਾ ਵੀ ਕਰੀਏ, ਕੇਂਦਰ ਸਰਕਾਰ ਦਸੰਬਰ 2025 ਵਿੱਚ ਨਵਾਂ ਸਿੱਖਿਆ ਬਿੱਲ 2025 ਲੈ ਕੇ ਆਈ ਸੀ, ਪਰ ਸੰਸਦ ਵਿੱਚ ਵਿਰੋਧ ਹੋਣ ਕਾਰਨ ਇਸ ਨੂੰ ਸੰਸਦੀ ਕਮੇਟੀ ਕੋਲ ਭੇਜ ਦਿੱਤਾ ਗਿਆ। ਪੰਜਾਬ ’ਚ ਇਸ ਦਾ ਜ਼ਿਕਰ ਤੱਕ ਨਹੀਂ ਹੋਇਆ। ਜੂਨ 2026 ਵਿੱਚ ਆ ਕੇ ਮੁੱਖ ਮੰਤਰੀ ਸਾਹਿਬ ਨੇ ਇਸ ’ਤੇ ਆਪਣੀ ਟਿੱਪਣੀ ਦਿੱਤੀ ਪਰ ਇਹ ਕੋਈ ਲੋਕ-ਮੁੱਦਾ ਨਾ ਬਣ ਸਕਿਆ। ਅੱਜ ਵੀ ਬਹੁਤੇ ਸਿਆਸਤਦਾਨਾਂ ਨੂੰ ਇਸ ਬਾਰੇ ਕੁਝ ਪਤਾ ਨਹੀਂ ਹੋਣਾ। ਫਿਰ ਨੌਜਵਾਨ ਪੀੜ੍ਹੀ ਨੂੰ ਕਾਕਰੋਚ ਕਿਹਾ ਗਿਆ, ਜਿਸ ਦਾ ਵਿਰੋਧ ਭਾਰਤ ਭਰ ਵਿੱਚ—ਖ਼ਾਸ ਕਰਕੇ ਦਿੱਲੀ ਦੇ ਜੰਤਰ-ਮੰਤਰ ’ਤੇ—ਦੇਖਣ ਨੂੰ ਮਿਲਿਆ, ਪਰ ਪੰਜਾਬ ਵਿੱਚ ਇਸ ਮੁੱਦੇ ਦੀ ਬਹੁਤੀ ਚਰਚਾ ਨਹੀਂ ਹੋਈ, ਹਾਲਾਂਕਿ ਕਾਂਗਰਸ ਪਾਰਟੀ ਨੂੰ ਹਾਈਕਮਾਨ ਨੇ ਆਦੇਸ਼ ਦਿੱਤਾ ਸੀ ਕਿ ਇਸ ਮੁੱਦੇ ’ਤੇ ਧਰਨੇ ਲਗਾਏ ਜਾਣ। ਅਫ਼ਸੋਸ ਕਿ ਸਿਆਸਤਦਾਨ ਆਪਣੀ ਆਪਸੀ ਖਿੱਚੋਤਾਣ ਵਿੱਚ ਲੋਕਾਂ ਦਾ ਨੁਕਸਾਨ ਕਰੀ ਜਾ ਰਹੇ ਹਨ। ਜਦੋਂ ਪੰਜਾਬ ਯੂਨੀਵਰਸਿਟੀ ਦੇ ਕੇਂਦਰੀਕਰਨ ਵਿਰੁੱਧ ਵਿਦਿਆਰਥੀ ਉੱਠ ਕੇ ਖੜ੍ਹੇ ਹੋਏ ਅਤੇ ਵੱਡਾ ਅੰਦੋਲਨ ਹੋਇਆ, ਤਦ ਸਿਆਸਤਦਾਨਾਂ ਨੂੰ ਲੱਗਿਆ ਕਿ ਹੁਣ ਤਾਂ ਜਾਣਾ ਹੀ ਪੈਣਾ ਹੈ, ਫਿਰ ਸਾਰੇ ਹੌਲੀ-ਹੌਲੀ ਹਾਜ਼ਰੀ ਲਵਾਉਣ ਲਈ ਭੱਜੇ। ਲੋਕ ਇੱਥੇ ਕਿਸੇ ਸੁਧਾਰ ਦੀ ਉਮੀਦ ਛੱਡ ਕੇ ਬੱਚਿਆਂ ਨੂੰ ਵਿਦੇਸ਼ ਭੇਜਣ ਵਿੱਚ ਲੱਗੇ ਹੋਏ ਹਨ। ਇਸੇ ਕਰਕੇ ਕਿਸੇ ਨੂੰ ਪੰਜਾਬ ਦੀ ਪ੍ਰਵਾਹ ਨਹੀਂ ਰਹੀ। ਸਿਆਸਤਦਾਨਾਂ ਦੇ ਬੱਚੇ ਤਾਂ ਪਹਿਲਾਂ ਹੀ ਬਾਹਰ ਹਨ। ਆਮ ਲੋਕਾਂ ਨੂੰ ਮੁਫ਼ਤਖ਼ੋਰੀ ਵਿੱਚ ਉਲਝਾ ਕੇ ਰੱਖਿਆ ਹੋਇਆ ਹੈ। ਜੇ ਲੋਕ ਚੰਗਾ ਪੜ੍ਹ-ਲਿਖ ਗਏ ਤਾਂ ਉਹ ਰੁਜ਼ਗਾਰ ਬਾਰੇ ਸੋਚਣਗੇ ਅਤੇ ਫਿਰ ਸਰਕਾਰ ਸਾਹਮਣੇ ਹੋਰ ਸਵਾਲ ਖੜ੍ਹੇ ਹੋਣਗੇ। ਕੁੱਲ ਮਿਲਾ ਕੇ ਨਿੱਜੀਕਰਨ ਅਤੇ ਸਿਆਸਤ ਨੇ ਸਾਡੀ ਸਿੱਖਿਆ ਪ੍ਰਣਾਲੀ ਦਾ ਭੱਠਾ ਬਿਠਾ ਛੱਡਿਆ ਹੈ।

ਨਸ਼ਾ, ਮਾਈਨਿੰਗ ਅਤੇ ਪ੍ਰਵਾਸ ਲੋਕਾਂ ਦਾ ਬਹੁਤ ਧਿਆਨ ਆਪਣੇ ਵੱਲ ਖਿੱਚਦੇ ਹਨ ਅਤੇ ਇਨ੍ਹਾਂ ਬਾਰੇ ਬਹੁਤ ਕੁਝ ਪ੍ਰਚਾਰਿਆ ਵੀ ਜਾਂਦਾ ਹੈ। ਇੱਥੋਂ ਤੱਕ ਕਿ ਹਰ ਸਰਕਾਰ ਨਸ਼ਿਆਂ ਦੀ ਤਸਕਰੀ ਅਤੇ ਨਾਜਾਇਜ਼ ਮਾਈਨਿੰਗ ਨੂੰ ਖ਼ਤਮ ਕਰਨ ਦੇ ਦਾਅਵੇ ਕਰਦੀ ਨਜ਼ਰ ਆਉਂਦੀ ਹੈ। ਪਰ ਅਸਲੀਅਤ ਵਿੱਚ ਜੋ ਦਿਖਾਇਆ ਜਾਂਦਾ ਹੈ, ਉਹ ਹੁੰਦਾ ਨਹੀਂ। ਨੀਅਤ ਠੀਕ ਹੋਣ ਦੇ ਦਾਅਵਿਆਂ ਦੇ ਬਾਵਜੂਦ ਇਨ੍ਹਾਂ ਰੁਝਾਨਾਂ ਨੂੰ ਠੱਲ੍ਹ ਨਹੀਂ ਪੈ ਰਹੀ, ਸਗੋਂ ਸਭ ਕੁਝ ਵਧਦਾ ਹੀ ਜਾ ਰਿਹਾ ਹੈ।

ਇਸ ਦਾ ਜਵਾਬ ਕੋਈ ਗੁੰਝਲਦਾਰ ਨਹੀਂ—ਕੁਰਸੀ ਦੀ ਲੜਾਈ ਰੋਜ਼ ਦੀ ਖ਼ਬਰ ਬਣਦੀ ਹੈ। ਕਰਜ਼ੇ, ਪਾਣੀ ਜਾਂ ਸਿੱਖਿਆ ਵਰਗੇ ਮੁੱਦਿਆਂ ’ਤੇ ਕੰਮ ਕੀਤਿਆਂ ਕਈ ਸਾਲਾਂ ਬਾਅਦ ਨਤੀਜੇ ਨਿਕਲਦੇ ਹਨ। (ਬਾਕੀ ਸਫ਼ਾ 27 ’ਤੇ)

# ਭਾਰਤ-ਅਮਰੀਕਾ ਵਪਾਰ ਸਮਝੌਤੇ ਦੀ ਅਸਲੀਅਤ

ਮਨਦੀਪ

ਭਾਰਤ-ਅਮਰੀਕਾ ਮੁਕਤ ਵਪਾਰ ਸਮਝੌਤਾ ਕੋਈ ਮਾਮੂਲੀ ਦੁਵੱਲਾ ਵਪਾਰਕ ਸਮਝੌਤਾ ਨਹੀਂ ਹੈ ਸਗੋਂ ਵਿਸ਼ਵ ਪੂੰਜੀਵਾਦੀ ਨਿਜ਼ਾਮ ਦੁਆਰਾ ਭਾਰਤੀ ਅਰਥਚਾਰੇ ਉੱਤੇ ਆਪਣਾ ਨਵ-ਬਸਤੀਵਾਦੀ ਗਲਬਾ ਹੋਰ ਪੱਕਾ ਕਰਨ ਦੀ ਇੱਕ ਵਿਆਪਕ ਰਣਨੀਤੀ ਹੈ। ਇਹ ਸਮਝੌਤਾ ਭਾਰਤੀ ਅਰਥਵਿਵਸਥਾ, ਖਾਸਕਰ ਖੇਤੀਬਾੜੀ ਅਰਥਚਾਰੇ ਉੱਤੇ ਪੱਛਮੀ ਸਾਮਰਾਜੀ ਪੂੰਜੀ ਦਾ ਸੰਪੂਰਨ ਗਲਬਾ ਪਾਉਣ ਦੀ ਡੂੰਘੀ ਚਾਲ ਹੈ। ਇੱਕ ਪਾਸੇ ਜਿੱਥੇ ਦੇਸ਼ ਦਾ ਹਾਕਮ ਵਰਗ ਅਤੇ ਕਾਰਪੋਰੇਟ ਮੀਡੀਆ ਇਸ ਸਮਝੌਤੇ ਨੂੰ ਵਿਕਾਸ ਅਤੇ ਆਧੁਨਿਕਤਾ ਦਾ ਨਵਾਂ ਦੁਆਰ ਦੱਸ ਕੇ ਇਸ ਦਾ ਮਹਿਮਾ-ਮੰਡਨ ਕਰ ਰਿਹਾ ਹੈ, ਉੱਥੇ ਹੀ ਭਾਰਤ ਦੀ ਵੱਡੀ ਗਿਣਤੀ ਵਸੋਂ, ਖਾਸ ਕਰ ਪੰਜਾਬ ਅਤੇ ਹਰਿਆਣਾ ਦੀ ਕਿਸਾਨੀ ਲਈ ਇਹ ਇਕਰਾਰਨਾਮਾ ਅਸਲ ਵਿੱਚ ਮੌਤ ਦੇ ਪਰਵਾਨੇ ਵਰਗਾ ਹੈ।

ਇਸ ਪੂਰੀ ਖੇਡ ਦਾ ਸਭ ਤੋਂ ਖ਼ਤਰਨਾਕ ਅਤੇ ਸੰਵੇਦਨਸ਼ੀਲ ਪਹਿਲੂ ਖੇਤੀਬਾੜੀ ਖੇਤਰ ਹੈ। ਪੰਜਾਬ, ਜਿਸ ਨੇ ਦਹਾਕਿਆਂ ਤੋਂ ਆਪਣੀ ਮਿੱਟੀ, ਪਾਣੀ ਤੇ ਸਖ਼ਤ ਮਿਹਨਤ ਨਾਲ ਦੇਸ਼ ਦੇ ਅੰਨ-ਭੰਡਾਰ ਭਰੇ ਹਨ, ਇਸ ਪੱਛਮੀ ਸਾਮਰਾਜੀ ਹਮਲੇ ਦੀ ਸਿੱਧੀ ਜ਼ਦ ਵਿੱਚ ਹੈ। ਇਸ ਦੋ-ਪੱਖੀ ਵਪਾਰ ਸਮਝੌਤੇ ਤਹਿਤ ਭਾਰਤ ਅਗਲੇ ਕੁਝ ਸਾਲਾਂ ਵਿੱਚ ਅਮਰੀਕਾ ਤੋਂ 500 ਅਰਬ ਡਾਲਰ ਦੇ ਊਰਜਾ ਸਰੋਤ (ਕੱਚਾ ਤੇਲ, ਕੋਲਾ, ਐੱਲ. ਐੱਨ. ਜੀ.) ਜਾਣਕਾਰੀ, ਬੋਇੰਗ ਜਹਾਜ਼, ਸੰਚਾਰ ਤਕਨੀਕਾਂ ਆਦਿ ਖਰੀਦੇਗਾ। ਇਸ ਵੱਡੇ ਵਪਾਰਕ ਟੀਚੇ ਨੂੰ ਪੂਰਾ ਕਰਨ ਲਈ ਭਾਰਤੀ ਮੰਡੀ ਅਮਰੀਕੀ ਉਤਪਾਦਾਂ ਲਈ ਪੂਰੀ ਤਰ੍ਹਾਂ ਖੋਲ੍ਹ ਦਿੱਤੀ ਜਾਵੇਗੀ। ਅਮਰੀਕੀ ਖੇਤੀਬਾੜੀ ਉਤਪਾਦਨ ਦੇ ਮੱਕੀ, ਸੋਇਆਬੀਨ, ਫਲ, ਡੇਅਰੀ ਉਤਪਾਦਾਂ ਉੱਤੇ ਟੈਰਿਫ ਘਟਾ ਕੇ ਉਨ੍ਹਾਂ ਨੂੰ ਭਾਰਤੀ ਬਾਜ਼ਾਰ ਵਿੱਚ ਆਉਣ ਦੀ ਖੁੱਲ੍ਹੀ-ਛੁੱਟੀ ਦਿੱਤੀ ਜਾਵੇਗੀ, ਜਿਸ ਨਾਲ ਭਾਰਤ ਦਾ ਖੇਤੀ ਅਰਥਚਾਰਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ। ਟੈਰਿਫ ਰਹਿਤ ਅਮਰੀਕੀ ਉਤਪਾਦਾਂ ਦੇ ਮੁਕਾਬਲੇ ਭਾਰਤੀ ਖੇਤੀਬਾੜੀ ਉਤਪਾਦਾਂ ਦਾ ਖੜ੍ਹੇ ਰਹਿਣਾ ਪੂਰੀ ਤਰ੍ਹਾਂ ਗ਼ੈਰ-ਨਿਆਂਇਕ ਹੈ। ਅਮਰੀਕਾ ਵਿੱਚ ਇੱਕ ਔਸਤ ਫਾਰਮ 469 ਏਕੜ ਦਾ ਹੈ ਜਿੱਥੇ ਕਾਰਪੋਰੇਟ ਖੇਤੀ ਨੂੰ ਅਰਬਾਂ ਡਾਲਰ ਦੀ ਸਰਕਾਰੀ ਸਬਸਿਡੀ ਮਿਲਦੀ ਹੈ ਤੇ ਖੇਤੀ ਲਈ ਉੱਚ ਤਕਨੀਕ ਦੀ ਵਰਤੋਂ ਕੀਤੀ ਜਾਂਦੀ ਹੈ। ਅਮਰੀਕਾ ਵਿੱਚ ਵੱਡੇ ਕਾਰਪੋਰੇਟ ਕਿਸਾਨਾਂ ਦੇ ਆਪਣੇ ਵੱਖਰੇ ਵੱਡੇ ਕਾਰੋਬਾਰ ਹਨ ਤੇ ਉਨ੍ਹਾਂ ਦੀ ਮੁਹਤਾਜਗੀ ਨਿਰੀ-ਪੁਰੀ ਖੇਤੀਬਾੜੀ ਉੱਤੇ ਨਹੀਂ ਹੈ। ਇਸ ਦੇ ਉਲਟ ਭਾਰਤ ਵਿੱਚ ਕਿਸਾਨ ਛੋਟੀਆਂ ਜੋਤਾਂ ਉੱਤੇ ਗੁਜ਼ਾਰਾ ਕਰਦੇ ਹਨ।



ਭਾਰਤ ਵਿੱਚ 86 ਫੀਸਦੀ ਤੋਂ ਵੱਧ ਕਿਸਾਨ ਸੀਮਾਂਤ ਹਨ, ਜਿਨ੍ਹਾਂ ਕੋਲ 5 ਏਕੜ ਤੋਂ ਵੀ ਘੱਟ ਜ਼ਮੀਨ ਹੈ। ਜਦੋਂ ਅਮਰੀਕੀ ਸਬਸਿਡੀ-ਯਾਫਤਾ ਸਸਤੀਆਂ ਫ਼ਸਲਾਂ ਮੱਕੀ, ਸੋਇਆਬੀਨ, ਕਪਾਹ, ਫਲ ਤੇ ਡੇਅਰੀ ਉਤਪਾਦ ਭਾਰਤੀ ਬਾਜ਼ਾਰ ਵਿੱਚ ਬਿਨਾਂ ਕਿਸੇ ਦਰਾਮਦ ਟੈਰਿਫ ਦੇ ਦਾਖਲ ਹੋਣਗੇ ਤਾਂ ਭਾਰਤੀ ਮੰਡੀ ਵਿੱਚ ਸਸਤੇ ਉਤਪਾਦਾਂ ਦਾ ਹੜ੍ਹ ਆ ਜਾਵੇਗਾ, ਜਿਸ ਨਾਲ ਪੰਜਾਬ ਵਿੱਚ ਕਣਕ-ਝੋਨੇ ਦੇ ਚੱਕਰ ’ਚੋਂ ਨਿਕਲ ਕੇ ਫਸਲੀ ਵੰਨ-ਸੁਵੰਨਤਾ ਅਪਨਾਉਣ ਦੀ ਕੋਈ ਸੰਭਾਵਨਾ ਨਹੀਂ ਬਚੇਗੀ ਅਤੇ ਇਹ ਸਮਝੌਤਾ ਅਸਿੱਧੇ ਤੌਰ ’ਤੇ ਮੰਡੀ ਪ੍ਰਣਾਲੀ (ਏ ਪੀ ਐੱਮ ਸੀ) ਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦੀ ਸਰਕਾਰੀ ਸੁਰੱਖਿਆ ਨੂੰ ਖ਼ਤਮ ਕਰਨ ਦਾ ਰਾਹ ਪੱਧਰਾ ਕਰੇਗਾ। ਇਸ ਨਾਲ ਸਾਡਾ ਛੋਟਾ ਕਿਸਾਨ ਉਸ ਨਾ-ਬਰਾਬਰੀ ਦੇ ਮੁਕਾਬਲੇ ਦੀ ਲੜਾਈ ਵਿੱਚ ਤਬਾਹ ਹੋ ਜਾਵੇਗਾ ਤੇ ਪਹਿਲਾਂ ਤੋਂ ਹੀ ਗਹਿਰਾ ਹੋ ਰਿਹਾ ਪਾਣੀ, ਵਾਤਾਵਰਨ, ਕਰਜ਼ਾ, ਨਸ਼ਾ, ਭ੍ਰਿਸ਼ਟਾਚਾਰ, ਪਰਵਾਸ ਅਤੇ ਬੇਰੁਜ਼ਗਾਰੀ ਦਾ ਸੰਕਟ ਹੋਰ ਗੰਭੀਰ ਰੂਪ ਧਾਰਨ ਕਰ ਲਵੇਗਾ।

ਬਹੁ-ਕੌਮੀ ਕਾਰਪੋਰੇਸ਼ਨਾਂ ਵੱਲੋਂ ਹਜ਼ਾਰਾਂ ਏਕੜ ਦੇ ਸਪੈਸ਼ਲ ਫ਼ਾਰਮਿੰਗ ਜ਼ੋਨ ਬਣਾਉਣ ਦੀ ਯੋਜਨਾ ਦੇਸ਼ ਦੀ ਕਿਸਾਨੀ ਦੇ ਵੱਡੇ ਹਿੱਸੇ ਨੂੰ ਮਜ਼ਦੂਰਾਂ ਦੀ ਸ਼੍ਰੇਣੀ ਵੱਲ ਧੱਕ ਦੇਵੇਗੀ। ਇਸ ਤੋਂ ਇਲਾਵਾ ਪੰਜਾਬ ਵਿੱਚ ਡੇਅਰੀ ਫਾਰਮਿੰਗ ਲੱਖਾਂ ਛੋਟੇ ਕਿਸਾਨਾਂ, ਭੂਮੀਹੀਣ ਪੇਂਡੂ ਮਜ਼ਦੂਰਾਂ ਅਤੇ ਪੇਂਡੂ ਔਰਤਾਂ ਦੀ ਰੋਜ਼ੀ-ਰੋਟੀ ਦਾ ਵਸੀਲਾ ਹੈ। ਪਰ ਅਮਰੀਕੀ ਡੇਅਰੀ ਉਦਯੋਗ ਦੇ ਸਸਤੇ ਪਨੀਰ, ਦੁੱਧ ਅਤੇ ਮੱਖਣ ਦਾ ਦਾਖ਼ਲਾ ਸਾਡੇ ਪੇਂਡੂ ਅਰਥਚਾਰੇ ਦੀ ਰੀੜ੍ਹ ਦੀ ਹੱਡੀ ’ਤੇ ਸੱਟ ਮਾਰੇਗਾ। ਪਸ਼ੂ ਪਾਲਣ ਤੇ ਮੁਰਗੀ ਪਾਲਣ ਵਰਗੇ ਖੇਤੀਬਾੜੀ ਸਹਾਇਕ ਧੰਦੇ ਉਜਾੜੇ ਮੂੰਹ ਧੱਕੇ ਜਾਣਗੇ। ਕੈਲੀਫੋਰਨੀਆ ਦੇ ਫਲ ਤੇ ਸੁੱਕੇ ਮੇਵੇ ਕਸ਼ਮੀਰ-ਹਿਮਾਚਲ ਤੇ ਹੋਰ ਪਹਾੜੀ ਖੇਤਰਾਂ ਦੀ ਉਪਜੀਵਿਕਾ ਨੂੰ ਸਿੱਧੀ ਸੱਟ ਮਾਰਨਗੇ। ਉਪਰੋਂ ਭਾਰਤ ਵੱਲੋਂ ਯੂਰੋਪ ਨਾਲ ਕੀਤੇ ਵਪਾਰ ਸਮਝੌਤੇ ਨਾਲ ਦੁੱਧ, ਪ੍ਰੋਸੈਸਡ ਫੂਡ, ਖਾਣ ਵਾਲੇ ਤੇਲ ਆਦਿ ਨਾਲ ਵੀ ਭਾਰਤੀ ਡੇਅਰੀ ਖੇਤਰ ਉੱਤੇ ਮਾੜੇ ਅਸਰ ਪੈਣੇ ਸੁਭਾਵਿਕ ਹਨ। ਨਾਲ ਹੀ ਭਾਰਤ ਨੇ ਯੂ ਏ ਈ, ਆਸਟ੍ਰੇਲੀਆ, ਇੰਗਲੈਂਡ, ਨਿਊਜ਼ੀਲੈਂਡ, ਜਪਾਨ ਅਤੇ ਦੱਖਣੀ ਕੋਰੀਆ ਵਰਗੇ ਦੇਸ਼ਾਂ ਨਾਲ ਦੋ-ਪੱਖੀ ਵਪਾਰਕ ਸਮਝੌਤੇ ਕੀਤੇ ਹਨ ਤੇ ਕਈ ਹੋਰ ਮੁਲਕਾਂ ਨਾਲ ਗੱਲਬਾਤ ਚੱਲ ਰਹੀ ਹੈ।

ਟੈਰਿਫ ਰਹਿਤ ਅਮਰੀਕੀ ਵਸਤੂਆਂ ਅਤੇ ਸੇਵਾਵਾਂ ਲਈ ਵੱਡੇ ਪੱਧਰ ’ਤੇ ਅਮਰੀਕੀ ਡਾਲਰ ਦੀ ਮੰਗ ਵਧਣ ਨਾਲ ਭਾਰਤੀ ਰੁਪਏ ਦੀ ਕਦਰ ਵਿੱਚ ਹੋਰ ਭਾਰੀ ਗਿਰਾਵਟ ਆਵੇਗੀ, ਜਿਸ ਨਾਲ ਊਰਜਾ ਤੇ ਹੋਰ ਜ਼ਰੂਰੀ ਦਰਾਮਦਾਂ ਮਹਿੰਗੀਆਂ ਹੋ ਜਾਣਗੀਆਂ ਅਤੇ ਅਮਰੀਕਾ ਦੀ ਉੱਚ-ਤਕਨਾਲੋਜੀ, ਬੀਜ, ਮੈਡੀਕਲ ਉਪਕਰਨ ਤੇ ਡਿਜੀਟਲ ਸੇਵਾਵਾਂ ਦੀਆਂ ਅਜਾਰੇਦਾਰਾਨਾ ਕੀਮਤਾਂ ਕਾਰਨ ਭਾਰਤ ਦਾ ਵਪਾਰਕ ਘਾਟਾ ਆਸਮਾਨ ਛੂਹਣ ਲੱਗੇਗਾ। ਇਸ ਨਾਲ ਲੁਧਿਆਣਾ ਦਾ ਟੈਕਸਟਾਈਲ, ਜਲੰਧਰ ਦੀ ਖੇਡ ਸਾਮਾਨ ਸਨਅਤ ਅਤੇ ਬਟਾਲੇ ਦੀ ਫਾਊਂਡਰੀ ਵਰਗੇ ਛੋਟੇ ਤੇ ਲਘੂ ਉਦਯੋਗ ਵਿਦੇਸ਼ੀ ਮਾਲ ਦਾ ਮੁਕਾਬਲਾ ਨਾ ਕਰ ਸਕਣ ਕਾਰਨ ਬਰਬਾਦ ਹੋ ਜਾਣਗੇ ਅਤੇ ਰੁਜ਼ਗਾਰ ਦੇ ਮੌਕੇ ਹੋਰ ਸੁੰਗੜ ਜਾਣਗੇ।

ਅਮਰੀਕੀ ਬਹੁ-ਰਾਸ਼ਟਰੀ ਕੰਪਨੀਆਂ ਦੀ ਅਥਾਹ ਪੂੰਜੀ ਅਤੇ ਆਧੁਨਿਕ ਤਕਨਾਲੋਜੀ ਦਾ ਮੁਕਾਬਲਾ ਭਾਰਤ ਦੇ ਛੋਟੇ ਤੇ ਲਘੂ ਉਦਯੋਗ ਨਹੀਂ ਕਰ ਸਕਦੇ ਅਤੇ ਅਮਰੀਕੀ ਉਤਪਾਦਾਂ ’ਤੇ ਟੈਰਿਫ ਘਟਣ ਨਾਲ ਭਾਰਤੀ ਬਾਜ਼ਾਰ ਵਿੱਚ ਸਸਤੇ ਵਿਦੇਸ਼ੀ ਮਾਲ ਦਾ ਹੜ੍ਹ ਆ ਜਾਵੇਗਾ ਜੋ ਘਰੇਲੂ ਉਤਪਾਦਾਂ ਦੀ ਮੰਗ ਨੂੰ ਢਾਹ ਲਾਵੇਗਾ। ਇਸ ਤੋਂ ਇਲਾਵਾ, ਅਮਰੀਕਾ ਦੁਆਰਾ ਮਿਥੀਆਂ ਜਾਣ ਵਾਲੀਆਂ ਸਖ਼ਤ ਸ਼ਰਤਾਂ ਅਤੇ ਗੁਣਵੱਤਾ ਮਿਆਰਾਂ ਨੂੰ ਪੂਰਾ ਕਰਨਾ ਛੋਟੇ ਕਾਰੋਬਾਰੀਆਂ ਲਈ ਬਹੁਤ ਖਰਚੀਲਾ ਹੋਵੇਗਾ, ਜਿਸ ਨਾਲ ਪੰਜਾਬ ਸਮੇਤ ਦੇਸ਼ ਭਰ ਦੀਆਂ ਲਘੂ ਉਦਯੋਗਿਕ ਇਕਾਈਆਂ ਬੰਦ ਹੋਣ ਦੇ ਕੰਢੇ ਪੁੱਜ ਸਕਦੀਆਂ ਹਨ ਅਤੇ ਲੱਖਾਂ ਲੋਕ ਬੇਰੁਜ਼ਗਾਰ ਹੋ ਸਕਦੇ ਹਨ।

ਦੇਸ਼ ਦੇ ਹਾਕਮ ਸਾਮਰਾਜੀ ਦੇਸ਼ਾਂ ਤੇ ਉਨ੍ਹਾਂ ਦੀਆਂ ਬਹੁਕੌਮੀ ਕਾਰਪੋਰੇਸ਼ਨਾਂ ਨਾਲ ਆਪਣੇ ਅਤੇ ਦੇਸੀ ਕਾਰਪੋਰੇਟ ਘਰਾਣਿਆਂ ਦੇ ਵਿੱਤੀ ਹਿੱਤਾਂ ਲਈ ਦੇਸ਼ ਦੀ ਕਿਸਾਨੀ, ਖੇਤ ਮਜ਼ਦੂਰਾਂ ਅਤੇ ਛੋਟੇ ਉਦਯੋਗਾਂ ਦਾ ਸੌਦਾ ਕਰਨ ਲਈ ਤਿਆਰ ਹਨ।

# ਵੋਟ, ਸਰਕਾਰ ਜਾਂ ਨਾਗਰਿਕ: ਕਿਸ ਦੀ ਜ਼ਿੰਮੇਵਾਰੀ ?

ਗੁਰਮੀਤ ਸਿੰਘ ਪਲਾਹੀ

ਦੇਸ਼ ਵਿੱਚ ਇਸ ਵੇਲੇ ਕੁੱਲ 98 ਕਰੋੜ ਤੋਂ ਵੱਧ (ਲਗਭਗ 97.97 ਕਰੋੜ) ਰਜਿਸਟਰਡ ਵੋਟਰ ਹਨ। ਦੇਸ਼ ਦੇ ਲਗਭਗ ਸਾਰੇ ਸੂਬਿਆਂ ਵਿੱਚ ਐਸ.ਆਈ.ਆਰ. (ਵੋਟਰ ਸੂਚੀ ਦੀ ਸ਼ੁੱਧਤਾ ਪ੍ਰਕਿਰਿਆ) ਪੂਰੀ ਹੋ ਚੁੱਕੀ ਹੈ। ਹੁਣ ਤੱਕ ਦੀਆਂ ਰਿਪੋਰਟਾਂ ਅਨੁਸਾਰ ਇਸ ਪ੍ਰਕਿਰਿਆ ਦੌਰਾਨ ਲਗਭਗ 13 ਕਰੋੜ ਵੋਟਾਂ ਕੱਟੀਆਂ ਜਾ ਚੁੱਕੀਆਂ ਹਨ, ਜੋ ਕਿ ਦੇਸ਼ ਦੀਆਂ ਕੁੱਲ ਵੋਟਾਂ ਦਾ ਲਗਭਗ 14 ਫ਼ੀਸਦੀ ਬਣਦਾ ਹੈ। ਦੇਸ਼ ਦੇ ਚੋਣ ਕਮਿਸ਼ਨ ਅਨੁਸਾਰ ਇਹ ਅਭਿਆਸ ਵੋਟਰ ਸੂਚੀ ਨੂੰ ਸਾਫ਼-ਸੁਥਰਾ ਅਤੇ ਨਿਰਪੱਖ ਬਣਾਉਣ ਲਈ ਕੀਤਾ ਗਿਆ ਸੀ, ਪਰ ਜਿਸ ਤਰੀਕੇ ਨਾਲ ਇਸ ਨੂੰ ਅਮਲ ਵਿੱਚ ਲਿਆਂਦਾ ਗਿਆ ਹੈ, ਉਸ ਨਾਲ ਕੀ ਆਮ ਨਾਗਰਿਕਾਂ ਲਈ ਵੱਡੀਆਂ ਮੁਸ਼ਕਲਾਂ ਖੜ੍ਹੀਆਂ ਹੋ ਗਈਆਂ ?

ਦਿੱਲੀ ਵਿੱਚ ਇਸ ਪ੍ਰਕਿਰਿਆ ਦਾ ਸਭ ਤੋਂ ਵੱਡਾ ਅਤੇ ਪ੍ਰਤੱਖ ਪ੍ਰਭਾਵ ਦੇਖਣ ਨੂੰ ਮਿਲਿਆ ਹੈ, ਜਿੱਥੇ ਪਹਿਲਾਂ ਕੁੱਲ ਇੱਕ ਕਰੋੜ ਪੰਜਤਾਲੀ ਲੱਖ ਵੋਟਰ ਸਨ, ਪਰ ਹੁਣ ਇਹ ਗਿਣਤੀ ਘੱਟ ਕੇ ਕੇਵਲ 99.53 ਲੱਖ ਰਹਿ ਗਈ ਹੈ। ਇਸੇ ਤਰ੍ਹਾਂ ਬਿਹਾਰ ਵਿੱਚ 65 ਲੱਖ ਵੋਟਰਾਂ ਦੇ ਨਾਂ ਵੋਟਰ ਸੂਚੀ ਤੋਂ ਬਾਹਰ ਕਰ ਦਿੱਤੇ ਗਏ। ਛੱਤੀਸਗੜ੍ਹ, ਗੋਆ, ਗੁਜਰਾਤ, ਕੇਰਲ, ਮੱਧ ਪ੍ਰਦੇਸ਼, ਰਾਜਸਥਾਨ, ਤਾਮਿਲਨਾਡੂ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਹਰਿਆਣਾ, ਕਰਨਾਟਕ, ਮਹਾਰਾਸ਼ਟਰ, ਓਡੀਸ਼ਾ, ਉੱਤਰਾਖੰਡ, ਤੇਲੰਗਾਨਾ, ਝਾਰਖੰਡ, ਹਿਮਾਚਲ ਪ੍ਰਦੇਸ਼, ਅਸਾਮ ਅਤੇ ਪੰਜਾਬ ਵਰਗੇ ਦੇਸ਼ ਦੇ ਸਾਰੇ 28 ਰਾਜਾਂ ਅਤੇ 8 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵੀ ਵੱਖ-ਵੱਖ ਚਰਣਾਂ ਵਿੱਚ ਐਸ.ਆਈ.ਆਰ. ਦੀ ਪ੍ਰਕਿਰਿਆ ਲਾਗੂ ਹੋ ਚੁੱਕੀ ਹੈ, ਜਿੱਥੇ ਲੱਖਾਂ ਹੀ ਨਾਗਰਿਕ ਵੋਟਰ ਸੂਚੀਆਂ ਤੋਂ ਬਾਹਰ ਕਰ ਦਿੱਤੇ ਗਏ ਹਨ। ਇਸ ਪ੍ਰਕਿਰਿਆ ਨਾਲ ਇਹ ਗੰਭੀਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਵੋਟਰ ਸੂਚੀ ਦੀ ਸ਼ੁੱਧਤਾ ਦੇ ਨਾਂ 'ਤੇ ਲੋਕਤੰਤਰ ਦੇ ਦਾਇਰੇ ਵਿੱਚੋਂ ਕਰੋੜਾਂ ਅਸਲੀ ਵੋਟਰਾਂ ਨੂੰ ਹਾਸ਼ੀਏ 'ਤੇ ਤਾਂ ਨਹੀਂ ਧੱਕ ਦਿੱਤਾ ਗਿਆ ?

ਇਸ ਸਮੁੱਚੇ ਮਾਮਲੇ ਵਿੱਚ ਇੱਕ ਵੱਡਾ ਸਿਆਸੀ ਵਿਵਾਦ ਇਹ ਖੜ੍ਹਾ ਹੋਇਆ ਹੈ ਕਿ ਕੇਂਦਰ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਰਕਾਰ 'ਤੇ ਇਹ ਗੰਭੀਰ ਇਲਜ਼ਾਮ ਲੱਗ ਰਿਹਾ ਹੈ ਕਿ ਉਸ ਨੇ ਸੰਵਿਧਾਨਕ ਸੰਸਥਾ ਚੋਣ ਕਮਿਸ਼ਨ ਨੂੰ ਪ੍ਰਭਾਵਿਤ ਕਰਕੇ ਅਤੇ ਆਪਣੇ ਰਾਜਨੀਤਿਕ ਲਾਹੇ ਲਈ ਐਸ.ਆਈ.ਆਰ. ਦੀ ਕਵਾਇਦ ਸ਼ੁਰੂ ਕਰਵਾਈ ਹੈ। ਵਿਰੋਧੀ ਧਿਰਾਂ ਦਾ ਇਲਜ਼ਾਮ ਹੈ ਕਿ ਇਸ ਰਾਹੀਂ ਖਾਸ ਭਾਈਚਾਰਿਆਂ ਜਾਂ ਵਿਰੋਧੀ ਧਿਰ ਦੇ ਸਮਰਥਕਾਂ ਦੀਆਂ ਵੋਟਾਂ ਨਿਸ਼ਾਨਾ ਬਣਾ ਕੇ ਕੱਟੀਆਂ ਜਾ ਰਹੀਆਂ ਹਨ। ਹਾਲਾਂਕਿ, ਭਾਜਪਾ ਅਤੇ ਚੋਣ ਕਮਿਸ਼ਨ ਦੋਵਾਂ ਨੇ ਹੀ ਇਹਨਾਂ ਦੋਸ਼ਾਂ ਨੂੰ ਨਕਾਰਦਿਆਂ ਇਸ ਨੂੰ ਵੋਟਰ ਸੂਚੀਆਂ ਦੀ ਸ਼ੁੱਧਤਾ ਅਤੇ ਨਿਰਪੱਖ ਚੋਣਾਂ ਯਕੀਨੀ ਬਣਾਉਣ ਲਈ ਜ਼ਰੂਰੀ ਕਦਮ ਦੱਸਿਆ ਹੈ।

ਪੰਜਾਬ ਦੇ ਸੰਦਰਭ ਵਿੱਚ ਦੇਖੀਏ ਤਾਂ ਇੱਥੇ ਚੱਲ ਰਹੀ ਐਸ. ਆਈ. ਆਰ. ਪ੍ਰਕਿਰਿਆ ਦਾ ਸਭ ਤੋਂ ਵੱਡਾ ਅਸਰ ਐਨ.ਆਰ.ਆਈ. (ਗੈਰ-ਰਿਹਾਇਸ਼ੀ ਭਾਰਤੀ) ਭਾਈਚਾਰੇ ਉੱਤੇ ਪੈਣ ਦਾ ਖਦਸ਼ਾ ਹੈ। ਪੰਜਾਬ ਦੇ ਲੱਖਾਂ ਲੋਕ ਰੋਜ਼ਗਾਰ ਅਤੇ ਬਿਹਤਰ ਭਵਿੱਖ ਲਈ ਵਿਦੇਸ਼ਾਂ ਵਿੱਚ ਰਹਿੰਦੇ ਹਨ। ਐਸ. ਆਈ. ਆਰ. ਅਧੀਨ ਜਦੋਂ ਬੂਥ ਲੈਵਲ ਅਧਿਕਾਰੀ (ਬੀਐੱਲਓ) ਘਰ-ਘਰ ਜਾਂਚ ਕਰਨ ਪਹੁੰਚਦੇ ਹਨ ਤਾਂ ਜੋ ਐਨ.ਆਰ.ਆਈ. ਲੰਬੇ ਸਮੇਂ ਤੋਂ ਘਰ ਵਿੱਚ ਮੌਜੂਦ ਨਹੀਂ ਹੁੰਦੇ, ਉਨ੍ਹਾਂ ਦੇ ਨਾਂ 'ਗੈਰ-ਹਾਜ਼ਰ' ਜਾਂ 'ਸ਼ਿਫਟਿਡ' ਲਿਖ ਕੇ ਵੋਟਰ ਸੂਚੀ ਵਿੱਚੋਂ ਖਾਰਜ ਕੀਤੇ ਜਾਣ ਦਾ ਡਰ ਬਣਿਆ ਹੋਇਆ ਹੈ। ਹਾਲਾਂਕਿ ਕਾਨੂੰਨ ਮੁਤਾਬਕ ਭਾਰਤੀ ਨਾਗਰਿਕਤਾ ਰੱਖਣ ਵਾਲੇ ਐਨ. ਆਰ. ਆਈ.ਫ਼ਾਰਮ 6-ਏ ਰਾਹੀਂ ਆਪਣੀ ਵੋਟ ਬਣਾ ਸਕਦੇ ਹਨ, ਪਰ ਜਾਣਕਾਰੀ ਦੀ ਘਾਟ ਅਤੇ ਜਟਿਲ ਦਸਤਾਵੇਜ਼ੀ ਪ੍ਰਕਿਰਿਆ ਕਾਰਨ ਲੱਖਾਂ ਐਨ.ਆਰ.ਆਈ.ਪੰਜਾਬੀ ਆਪਣੀ ਵੋਟ ਦੇ ਬੁਨਿਆਦੀ ਅਧਿਕਾਰ ਤੋਂ ਵਾਂਝੇ ਹੋ ਸਕਦੇ ਹਨ।




ਇਸ ਤੋਂ ਇਲਾਵਾ, ਪੰਜਾਬ ਵਿੱਚ ਰਾਜਨੀਤਿਕ ਤੌਰ 'ਤੇ ਵੀ ਐਸ.ਆਈ.ਆਰ. ਪ੍ਰਕਿਰਿਆ ਨੂੰ ਲੈ ਕੇ ਸਰਗਰਮੀ ਵਧ ਗਈ ਹੈ। ਪੰਜਾਬ ਦੀਆਂ ਪ੍ਰਮੁੱਖ ਰਾਜਨੀਤਿਕ ਧਿਰਾਂ, ਜਿਨ੍ਹਾਂ ਵਿੱਚ ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਸ਼ਾਮਲ ਹਨ, ਆਪਣੇ ਬੂਥ ਲੈਵਲ ਏਜੰਟਾਂ ਰਾਹੀਂ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਵਿੱਚ ਵੋਟਰਾਂ ਦੀ ਵੈਰੀਫਿਕੇਸ਼ਨ 'ਤੇ ਨਜ਼ਰ ਰੱਖ ਰਹੀਆਂ ਹਨ। ਇਨ੍ਹਾਂ ਪਾਰਟੀਆਂ ਦਾ ਮੰਨਣਾ ਹੈ ਕਿ ਪੰਜਾਬ ਦੀ ਖੇਤੀਬਾੜੀ ਅਤੇ ਉਦਯੋਗਿਕ ਆਰਥਿਕਤਾ ਕਾਰਨ ਵੱਡੀ ਗਿਣਤੀ ਵਿੱਚ ਪਰਵਾਸੀ ਮਜ਼ਦੂਰ ਵੀ ਰਾਜ ਵਿੱਚ ਰਹਿੰਦੇ ਹਨ, ਜਿਨ੍ਹਾਂ ਦੀਆਂ ਵੋਟਾਂ ਕੱਟਣ ਜਾਂ ਦੋਹਰੀਆਂ ਵੋਟਾਂ ਦੇ ਮੁੱਦੇ ਸਥਾਨਕ ਚੋਣ ਸਮੀਕਰਨਾਂ ਨੂੰ ਸਿੱਧਾ ਪ੍ਰਭਾਵਿਤ ਕਰ ਸਕਦੇ ਹਨ। ਇਸ ਲਈ ਪੰਜਾਬ ਵਿੱਚ ਹਰ ਇੱਕ ਪਾਰਟੀ ਵੋਟਰ ਸੂਚੀਆਂ ਦੇ ਸੁਧਾਰ ਨੂੰ ਇੱਕ ਵੱਡਾ ਰਾਜਨੀਤਿਕ ਹਥਿਆਰ ਮੰਨ ਕੇ ਦੇਖ ਰਹੀ ਹੈ।

ਜੇਕਰ ਅਸੀਂ ਦੁਨੀਆ ਦੇ ਪ੍ਰਮੁੱਖ ਅਤੇ ਸਥਿਰ ਲੋਕਤੰਤਰੀ ਦੇਸ਼ਾਂ ਦੇ ਇਤਿਹਾਸ ਅਤੇ ਪ੍ਰਣਾਲੀ 'ਤੇ ਨਜ਼ਰ ਮਾਰੀਏ ਤਾਂ ਉੱਥੇ ਵੋਟਰ ਸੂਚੀ ਨੂੰ ਦਰੁਸਤ ਅਤੇ ਅਪਡੇਟ ਰੱਖਣ ਦੀ ਮੁੱਖ ਜ਼ਿੰਮੇਵਾਰੀ ਸਰਕਾਰੀ ਤੰਤਰ ਦੀ ਹੁੰਦੀ ਹੈ, ਨਾ ਕਿ ਆਮ ਨਾਗਰਿਕ ਉੱਤੇ ਇਸ ਦਾ ਬੋਝ ਪਾਇਆ ਜਾਂਦਾ ਹੈ। ਅਜਿਹੇ ਦੇਸ਼ਾਂ ਵਿੱਚ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਕਿਸੇ ਦਸਤਾਵੇਜ਼ ਦੀ ਮਾਮੂਲੀ ਘਾਟ ਜਾਂ ਰਿਹਾਇਸ਼ੀ ਪਤੇ ਵਿੱਚ ਛੋਟੀ-ਮੋਟੀ ਗੜਬੜੀ ਕਾਰਨ ਕੋਈ ਵੀ ਨਾਗਰਿਕ ਆਪਣੇ ਮੌਲਿਕ ਅਤੇ ਸੰਵਿਧਾਨਕ ਵੋਟ ਅਧਿਕਾਰ ਤੋਂ ਵਾਂਝਾ ਨਾ ਹੋ ਜਾਵੇ।

ਦੁਨੀਆ ਭਰ ਵਿੱਚ ਵੋਟਰ ਰਜਿਸਟ੍ਰੇਸ਼ਨ ਦੇ ਮੁੱਖ ਤੌਰ 'ਤੇ ਦੋ ਮਾਡਲ ਅਪਣਾਏ ਜਾਂਦੇ ਹਨ। ਪਹਿਲਾ ਸਵੈ-ਚਾਲਿਤ (ਆਟੋਮੈਟਿਕ) ਸਰਕਾਰੀ ਮਾਡਲ ਹੈ, ਜੋ ਜਰਮਨੀ, ਸਵੀਡਨ ਅਤੇ ਡੈਨਮਾਰਕ ਵਰਗੇ ਦੇਸ਼ਾਂ ਵਿੱਚ ਲਾਗੂ ਹੈ। ਇਨ੍ਹਾਂ ਦੇਸ਼ਾਂ ਵਿੱਚ ਸਥਾਨਕ ਨਾਗਰਿਕ ਰਜਿਸਟਰੀ ਪਹਿਲਾਂ ਤੋਂ ਹੀ ਮੌਜੂਦ ਹੁੰਦੀ ਹੈ। ਜਿਵੇਂ ਹੀ ਕੋਈ ਨਾਗਰਿਕ 18 ਸਾਲ ਦੀ ਉਮਰ ਪੂਰੀ ਕਰਦਾ ਹੈ, ਚੋਣ ਅਧਿਕਾਰੀ ਆਪਣੇ ਆਪ ਉਸ ਦਾ ਨਾਂ ਵੋਟਰ ਸੂਚੀ ਵਿੱਚ ਦਰਜ ਕਰ ਲੈਂਦੇ ਹਨ। ਨਾਗਰਿਕ ਨੂੰ ਵੋਟ ਬਣਾਉਣ ਲਈ ਦਫ਼ਤਰਾਂ ਦੇ ਗੇੜੇ ਨਹੀਂ ਮਾਰਨੇ ਪੈਂਦੇ। ਦੂਜਾ ਮਾਡਲ ਸਵੈ-ਇੱਛੁਕ ਜਾਂ ਨਾਗਰਿਕ ਪਹਿਲ ਵਾਲਾ ਹੈ, ਜੋ ਅਮਰੀਕਾ, ਬਰਤਾਨੀਆ, ਕੈਨੇਡਾ ਅਤੇ ਆਸਟ੍ਰੇਲੀਆ ਵਿੱਚ ਚੱਲਦਾ ਹੈ। ਇਸ ਮਾਡਲ ਵਿੱਚ ਨਾਗਰਿਕ ਨੂੰ ਖ਼ੁਦ ਪਹਿਲ ਕਰਕੇ ਵੋਟ ਬਣਾਉਣ ਲਈ ਅਰਜ਼ੀ ਦੇਣੀ ਪੈਂਦੀ ਹੈ। ਪਰ ਇਸ ਜਟਿਲ ਅਤੇ ਨੌਕਰਸ਼ਾਹੀ ਪ੍ਰਕਿਰਿਆ ਦਾ ਨਤੀਜਾ ਇਹ ਨਿਕਲਦਾ ਹੈ ਕਿ ਬਰਤਾਨੀਆ ਵਿੱਚ ਲਗਭਗ 82 ਲੱਖ ਨਾਗਰਿਕ ਵੋਟਾਂ ਬਣਾਉਣ ਤੋਂ ਰਹਿ ਜਾਂਦੇ ਹਨ ਅਤੇ ਅਮਰੀਕਾ ਵਿੱਚ ਵੀ ਲੱਖਾਂ ਯੋਗ ਨਾਗਰਿਕ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝੇ ਰਹਿ ਜਾਂਦੇ ਹਨ।

ਭਾਰਤ ਵਿੱਚ ਅਪਣਾਈ ਗਈ ਐਸ.ਆਈ.ਆਰ. ਪ੍ਰਕਿਰਿਆ ਬਿਲਕੁਲ ਇਸੇ ਜਟਿਲ ਅਤੇ ਦਸਤਾਵੇਜ਼-ਅਧਾਰਤ ਢਾਂਚੇ 'ਤੇ ਟੇਕ ਰੱਖਦੀ ਹੈ। ਇੱਥੇ ਆਪਣੀ ਵੋਟ ਦਾ ਦਾਅਵਾ ਸਿੱਧ ਕਰਨ ਲਈ ਸਾਰਾ ਬੋਝ ਨਾਗਰਿਕਾਂ ਦੇ ਮੋਢਿਆਂ 'ਤੇ ਸੁੱਟ ਦਿੱਤਾ ਗਿਆ ਹੈ। ਭਾਰਤੀ ਚੋਣ ਕਮਿਸ਼ਨ ਇਸ ਪ੍ਰਕਿਰਿਆ ਨੂੰ ਵੋਟਰ ਸੂਚੀ ਦੀ ਸ਼ੁੱਧਤਾ ਲਈ ਜ਼ਰੂਰੀ ਦੱਸਦਾ ਹੈ, ਪਰ ਦੂਜੇ ਪਾਸੇ ਸਮਾਜਿਕ ਅਤੇ ਸਿਆਸੀ ਵਿਸ਼ਲੇਸ਼ਕ ਇਸ ਨੂੰ ਲੱਖਾਂ ਹੀ ਅਸਲੀ ਵੋਟਰਾਂ ਲਈ ਇੱਕ ਨਵੀਂ ਅਤੇ ਮੁਸ਼ਕਲ ਰੁਕਾਵਟ ਕਰਾਰ ਦਿੰਦੇ ਹਨ। ਜਿਸ ਤਰ੍ਹਾਂ ਦੀਆਂ ਸ਼ਰਤਾਂ ਅਤੇ ਰੁਕਾਵਟਾਂ ਪੈਦਾ ਕਰਕੇ ਲੋਕਾਂ ਦੇ ਨਾਂ ਵੋਟਰ ਸੂਚੀਆਂ ਵਿੱਚੋਂ ਖ਼ਾਰਜ ਕੀਤੇ ਜਾ ਰਹੇ ਹਨ, ਉਸ ਨਾਲ ਇਹ ਡਰ ਪੈਦਾ ਹੁੰਦਾ ਹੈ ਕਿ ਆਮ ਲੋਕ ਭਾਰਤੀ ਲੋਕਤੰਤਰ ਦੀ ਹਿੱਸੇਦਾਰੀ ਤੋਂ ਹੋਰ ਦੂਰ ਹੋ ਜਾਣਗੇ ਭਾਰਤ ਵਿੱਚ ਪਹਿਲਾਂ ਹੀ ਕਈ ਹਾਲਾਤਾਂ ਕਾਰਨ ਲੋਕ ਵੋਟਿੰਗ ਵਾਲੇ ਦਿਨ ਪੋਲਿੰਗ ਬੂਥਾਂ ਤੱਕ ਨਹੀਂ ਪਹੁੰਚਦੇ। ਇੱਕ ਸਰਵੇਖਣ ਅਨੁਸਾਰ ਦੇਸ਼ ਦੇ ਲਗਭਗ 33 ਫ਼ੀਸਦੀ ਲੋਕ ਪਹਿਲਾਂ ਹੀ ਚੋਣਾਂ ਸਮੇਂ ਆਪਣੀ ਵੋਟ ਦੀ ਵਰਤੋਂ ਨਹੀਂ ਕਰਦੇ। ਜੇਕਰ ਵੋਟਰ ਸੂਚੀ ਵਿੱਚ ਨਾਂ ਦਰਜ ਕਰਵਾਉਣਾ ਹੀ ਇੱਕ ਔਖੀ ਪ੍ਰੀਖਿਆ ਬਣ ਜਾਵੇਗਾ, ਤਾਂ ਇਸ ਨਾਲ ਲੋਕਾਂ ਦਾ ਲੋਕਤੰਤਰ ਤੋਂ ਮੋਹ ਹੋਰ ਭੰਗ ਹੋਵੇਗਾ।

ਇਸ ਪ੍ਰਕਿਰਿਆ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਬਿਹਾਰ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਹੋਈ ਸੀ। ਉਸ ਸਮੇਂ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਜ਼ਮੀਨੀ ਪੱਧਰ 'ਤੇ ਜਾਂਚ ਦੌਰਾਨ ਬੰਗਲਾਦੇਸ਼ੀ, ਨੇਪਾਲੀ ਅਤੇ ਮਿਆਂਮਾਰ ਦੇ ਨਾਗਰਿਕ ਵੋਟਰ ਸੂਚੀਆਂ ਵਿੱਚ ਸ਼ਾਮਲ ਪਾਏ ਗਏ ਹਨ। ਪਰ ਚੋਣ ਕਮਿਸ਼ਨ ਨੇ ਕਦੇ ਵੀ ਅਜਿਹੇ ਗੈਰ-ਕਾਨੂੰਨੀ ਵੋਟਰਾਂ ਦੇ ਠੋਸ ਅੰਕੜੇ ਜਾਂ ਸਬੂਤ ਜਨਤਕ ਨਹੀਂ ਕੀਤੇ। ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਘੁਸਪੈਠੀਆਂ ਦਾ ਮੁੱਦਾ ਚੁੱਕਿਆ ਗਿਆ, ਇਸ ਮੁੱਦੇ ਨੇ ਬਿਹਾਰ ਚੋਣਾਂ ਨੂੰ ਪ੍ਰਭਾਵਿਤ ਕੀਤਾ, ਹਾਲਾਂਕਿ ਸਰਕਾਰ ਕੋਲ ਵੀ ਇਨ੍ਹਾਂ ਦਾ ਕੋਈ ਪੁਖਤਾ ਰਿਕਾਰਡ ਨਹੀਂ ਸੀ।

ਇਸ ਤੋਂ ਬਾਅਦ ਇਹ ਮੁੱਦਾ ਪੱਛਮੀ ਬੰਗਾਲ ਵਿੱਚ ਵੀ ਬਹੁਤ ਗਰਮਾਇਆ ਅਤੇ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚਿਆ। ਪੱਛਮੀ ਬੰਗਾਲ ਵਿੱਚ ਐਸ.ਆਈ.ਆਰ. ਵੱਡਾ ਸਿਆਸੀ ਅਤੇ ਕਾਨੂੰਨੀ ਵਿਵਾਦ ਬਣ ਗਿਆ। ਤ੍ਰਿਣਮੂਲ ਕਾਂਗਰਸ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਦੋਸ਼ ਲਾਇਆ ਕਿ 145 ਵਿਧਾਨ ਸਭਾ ਹਲਕਿਆਂ ਵਿੱਚ ਜਿੱਤ-ਹਾਰ ਦਾ ਅੰਤਰ ਬਹੁਤ ਘੱਟ ਸੀ, ਪਰ ਉੱਥੇ ਐਸ.ਆਈ.ਆਰ. ਪ੍ਰਕਿਰਿਆ ਰਾਹੀਂ ਹਾਰ ਦੇ ਅੰਤਰ ਨਾਲੋਂ ਕਿਤੇ ਵੱਧ ਵੋਟਾਂ ਕੱਟ ਦਿੱਤੀਆਂ ਗਈਆਂ।

(ਬਾਕੀ ਸਫ਼ਾ 27 'ਤੇ)

# ਏ.ਆਈ. ਕ੍ਰਾਂਤੀ: ਮਨੁੱਖ ਲਈ ਵਰਦਾਨ ਜਾਂ ਹੋਂਦ ਦਾ ਸੰਕਟ?

ਗੁਰਪ੍ਰੀਤ ਸਿੰਘ ਬਲਿੰਗ

ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਅੱਜ ਦੇ ਦੌਰ ਦੀ ਬਹੁਚਰਚਿਤ ਤੇ ਕ੍ਰਾਂਤੀਕਾਰੀ ਤਕਨੀਕ ਬਣ ਚੁੱਕੀ ਹੈ, ਜਿਸ ਨੇ ਮਨੁੱਖੀ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕੀਤਾ ਹੈ। ਸੌਖੀ ਭਾਸ਼ਾ ਵਿੱਚ ਏ.ਆਈ. ਨੂੰ 'ਬਨਾਵਟੀ ਬੁੱਧੀ' ਕਿਹਾ ਜਾਂਦਾ ਹੈ, ਜਿਸ ਦਾ ਮਤਲਬ ਮਸ਼ੀਨਾਂ ਦੇ ਅੰਦਰ ਸੋਚਣ, ਸਮਝਣ ਤੇ ਫ਼ੈਸਲੇ ਲੈਣ ਦੀ ਸਮਰੱਥਾ ਪੈਦਾ ਕਰਨਾ ਹੈ। ਅੱਜ ਇਹ ਤਕਨੀਕ ਸਿਰਫ਼ ਕੰਪਿਊਟਰ ਵਿਗਿਆਨ ਦਾ ਇਕ ਹਿੱਸਾ ਨਾ ਰਹਿ ਕੇ ਮਨੁੱਖੀ ਸੱਭਿਅਤਾ ਦੇ ਵਿਕਾਸ ਦਾ ਨਵਾਂ ਪਾਠ ਬਣ ਚੁੱਕੀ ਹੈ। ਮਨੁੱਖ ਨੇ ਆਪਣੇ ਕੰਮ ਨੂੰ ਸੌਖਾ ਕਰਨ ਲਈ ਸੰਦ ਬਣਾਏ ਹਨ, ਪਰ ਏ.ਆਈ. ਇਨ੍ਹਾਂ ਸੰਦਾਂ ਤੋਂ ਵੱਖਰੀ ਹੈ, ਕਿਉਂਕਿ ਇਹ ਸਿਰਫ਼ ਹੁਕਮਾਂ ਦੀ ਪਾਲਣ ਨਹੀਂ ਕਰਦੀ, ਸਗੋਂ ਡੇਟਾ ਤੋਂ ਸਿੱਖ ਕੇ ਆਪਣੇ-ਆਪ ਨੂੰ ਬਿਹਤਰ ਬਣਾਉਂਦੀ ਰਹਿੰਦੀ ਹੈ। ਭਾਵੇਂ ਏ.ਆਈ. ਦੀ ਸ਼ੁਰੂਆਤ ਵੀਹਵੀਂ ਸਦੀ ਦੇ ਅੱਧ ਵਿੱਚ ਹੋ ਗਈ ਸੀ, ਪਰ ਮੌਜੂਦਾ ਸਮੇਂ ਵਿੱਚ ਉਪਲਬਧ ਵਿਸ਼ਾਲ ਡੇਟਾ ਤੇ ਸ਼ਕਤੀਸ਼ਾਲੀ ਪ੍ਰੋਸੈਸਰਾਂ ਨੇ ਇਸ ਨੂੰ ਇਕ ਅਜਿਹੀ ਤਾਕਤ ਬਣਾ ਦਿੱਤਾ ਹੈ, ਜੋ ਆਉਣ ਵਾਲੇ ਸਮੇਂ ਵਿਚ ਦੁਨੀਆ ਦਾ ਨਕਸ਼ਾ ਬਦਲ ਦੇਵੇਗੀ।

ਏ.ਆਈ. ਮੁੱਖ ਤੌਰ 'ਤੇ ਅਲਗੋਰਿਦਮ ਤੇ ਮਸ਼ੀਨ ਲਰਨਿੰਗ 'ਤੇ ਆਧਾਰਿਤ ਹੁੰਦੀ ਹੈ, ਜਿੱਥੇ ਕੰਪਿਊਟਰ ਪ੍ਰਣਾਲੀਆਂ ਨੂੰ ਲੱਖਾਂ-ਕਰੋੜਾਂ ਸੂਚਨਾਵਾਂ ਪ੍ਰਦਾਨ ਕਰਨ 'ਤੇ ਇਹ ਪ੍ਰਣਾਲੀਆਂ ਉਨ੍ਹਾਂ ਸੂਚਨਾਵਾਂ 'ਚੋਂ ਪੈਟਰਨ ਲੱਭ ਕੇ ਉਨ੍ਹਾਂ ਦੇ ਅਧਾਰ 'ਤੇ ਨਤੀਜੇ ਕੱਢਦੀਆਂ ਹਨ। ਜਦੋਂ ਅਸੀਂ ਆਪਣੇ ਸਮਾਰਟਫੋਨ 'ਤੇ ਚਿਹਰੇ ਦੀ ਪਛਾਣ ਦੀ ਵਰਤੋਂ ਕਰਦੇ ਹਾਂ ਜਾਂ ਇੰਟਰਨੈੱਟ 'ਤੇ ਕੁਝ ਖੋਜਦੇ ਹਾਂ ਤਾਂ ਇਸ ਪਿੱਛੇ ਏ.ਆਈ. ਹੀ ਕੰਮ ਕਰ ਰਹੀ ਹੁੰਦੀ ਹੈ। ਇਹ ਤਕਨੀਕ ਹੁਣ ਸਿਰਫ਼ ਗਣਿਤ ਦੇ ਸਵਾਲ ਹੱਲ ਕਰਨ ਤੱਕ ਸੀਮਤ ਨਹੀਂ ਰਹੀ, ਸਗੋਂ ਕਵਿਤਾਵਾਂ ਲਿਖਣ, ਚਿੱਤਰਕਾਰੀ ਕਰਨ ਤੋਂ ਲੈ ਕੇ ਇਲਾਜ ਦੌਰਾਨ ਡਾਕਟਰਾਂ ਦੀ ਮਦਦ ਤੱਕ ਕਰ ਰਹੀ ਹੈ। ਦਰਅਸਲ ਇਹ ਮਨੁੱਖੀ ਦਿਮਾਗ ਦੀ ਨਕਲ ਕਰਨ ਦੀ ਇੱਕ ਕੋਸ਼ਿਸ਼ ਹੈ, ਜਿੱਥੇ ਨਿਊਰਲ ਨੈੱਟਵਰਕ ਰਾਹੀਂ ਮਸ਼ੀਨਾਂ ਨੂੰ ਅਹਿਸਾਸ ਤੇ ਤਰਕ ਦੀ ਦੁਨੀਆ ਨਾਲ ਜੋੜਿਆ ਜਾ ਰਿਹਾ ਹੈ। ਏ.ਆਈ. ਨੇ ਸੰਚਾਰ ਤੇ ਮੀਡੀਆ ਖੇਤਰ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ, ਅੱਜ ਏ.ਆਈ. ਐਂਕਰ ਟੀਵੀ 'ਤੇ ਖ਼ਬਰਾਂ ਪੜ੍ਹ ਰਹੇ ਹਨ ਤਾਂ ਅਖ਼ਬਾਰਾਂ ਵਿੱਚ ਖ਼ਬਰਾਂ ਲਿਖਣ ਲਈ ਵੀ ਏ.ਆਈ. ਟੂਲਜ਼ ਦੀ ਵਰਤੋਂ ਕੀਤੀ ਜਾ ਰਹੀ ਹੈ। ਹਾਲਾਂਕਿ ਪੱਤਰਕਾਰੀ ਦੇ ਖੇਤਰ ਲਈ ਇਹ ਇੱਕ ਵੱਡਾ ਨੈਤਿਕ ਸੰਕਟ ਹੈ, ਕਿਉਂਕਿ ਖ਼ਬਰਾਂ ਲਿਖਣ ਵਾਲੀ ਮਸ਼ੀਨ ਕੋਲ ਮਨੁੱਖੀ ਸੰਵੇਦਨਸ਼ੀਲਤਾ ਨਾ ਹੋਣ ਕਰਕੇ ਉਹ ਸੱਚਾਈ ਤੇ ਨਿਰਪੱਖਤਾ ਦੀ ਰੱਖਿਆ ਕਿਵੇਂ ਕਰੇਗੀ? ਇਹ ਪੱਤਰਕਾਰੀ ਦੀ ਭਰੋਸੇਯੋਗਤਾ ਲਈ ਇੱਕ ਵੱਡੀ ਚੁਣੌਤੀ ਹੈ, ਜੋ ਅੱਗੇ ਚੱਲ ਕੇ ਰਾਜਨੀਤਿਕ ਪ੍ਰਚਾਰ ਦਾ ਹਥਿਆਰ ਬਣ ਸਕਦੀ ਹੈ।



ਭਾਰਤੀ ਸਮਾਜ ਦੀ ਬਣਤਰ ਬਹੁਤ ਗੁੰਝਲਦਾਰ ਹੈ, ਜਿੱਥੇ ਜਾਤ-ਪਾਤ, ਲਿੰਗ ਅਸਮਾਨਤਾ ਤੇ ਆਰਥਿਕ ਪਾੜੇ ਦੇ ਜ਼ਖ਼ਮ ਬਹੁਤ ਪੁਰਾਣੇ ਹਨ। ਏ.ਆਈ. ਵਰਗੀ ਆਧੁਨਿਕ ਤਕਨੀਕ ਸਮਾਜ ਵਿੱਚ ਦਾਖ਼ਲ ਹੋ ਕੇ ਸਮਾਜਿਕ ਵੰਡੀਆਂ ਨੂੰ ਹੋਰ ਡੂੰਘਾ ਕਰ ਸਕਦੀ ਹੈ। ਮਨੁੱਖੀ ਰਿਸ਼ਤਿਆਂ 'ਤੇ ਏ.ਆਈ. ਦਾ ਪ੍ਰਭਾਵ ਵਧਣ ਕਰਕੇ ਲੋਕ ਡਿਜੀਟਲ ਸੰਪਰਕ ਨੂੰ ਤਰਜੀਹ ਦੇਣ ਲੱਗੇ ਹਨ। ਏ.ਆਈ. ਚੈਟਬੋਟਸ ਲੋਕਾਂ ਦੇ ਮਾਨਸਿਕ ਸਲਾਹਕਾਰ ਬਣ ਰਹੇ ਹਨ, ਜੋ ਸਮਾਜਿਕ ਇਕੱਲਤਾ ਤੇ ਮਾਨਸਿਕ ਸਿਹਤ ਲਈ ਨਵੇਂ ਖ਼ਤਰੇ ਪੈਦਾ ਕਰ ਰਹੇ ਹਨ। ਇਸੇ ਤਰ੍ਹਾਂ ਸੱਭਿਆਚਾਰ ਤੇ ਸਾਹਿਤ ਦੇ ਖੇਤਰ ਵਿੱਚ ਏ.ਆਈ. ਦੀ ਦਖ਼ਲਅੰਦਾਜ਼ੀ ਇੱਕ ਗੰਭੀਰ ਬਹਿਸ ਦਾ ਵਿਸ਼ਾ ਹੈ। ਸਾਹਿਤ ਹਮੇਸ਼ਾ ਮਨੁੱਖੀ ਅਨੁਭਵਾਂ, ਪੀੜਾਂ ਤੇ ਵਲਵਲਿਆਂ ਤੋਂ ਉਪਜਦਾ ਹੈ, ਏ.ਆਈ. ਲੱਖਾਂ ਸ਼ਬਦਾਂ ਦੇ ਡੇਟੇ ਦਾ ਵਿਸ਼ਲੇਸ਼ਣ ਕਰਕੇ ਭਾਵੇਂ ਕੋਈ ਵਧੀਆ ਕਵਿਤਾ ਜਾਂ ਕਹਾਣੀ ਸਿਰਜ ਵੀ ਲਏ ਤਾਂ ਵੀ ਉਸ 'ਚੋਂ ਕਿਸੇ ਕਵੀ ਜਾਂ ਲੇਖਕ ਦੀ ਕਲਮ ਜਿਹੀ ਮੌਲਿਕਤਾ ਨਹੀਂ ਆ ਸਕੇਗੀ। ਏ.ਆਈ. ਰਾਹੀਂ ਸੰਗੀਤਕ ਧੁਨਾਂ ਜਾਂ ਚਿੱਤਰਕਾਰੀ ਦੇ ਚੱਲਦਿਆਂ ਅਸਲੀ ਕਲਾਕਾਰਾਂ ਦੀ ਮੌਲਿਕਤਾ ਤੇ ਉਨ੍ਹਾਂ ਦੇ ਰੁਜ਼ਗਾਰ 'ਤੇ ਖ਼ਤਰਾ ਮੰਡਰਾ ਰਿਹਾ ਹੈ। ਹਾਲਾਂਕਿ ਸਿੱਖਿਆ ਦੇ ਖੇਤਰ ਵਿੱਚ ਏ.ਆਈ. ਨੇ ਇੱਕ ਨਵੀਂ ਕ੍ਰਾਂਤੀ ਲਿਆਂਦੀ ਹੈ। ਹੁਣ ਪੜ੍ਹਾਈ ਸਕੂਲ ਦੀਆਂ ਚਾਰਦੀਵਾਰੀਆਂ ਤੱਕ ਸੀਮਤ ਨਾ ਰਹਿ ਕੇ ਏ.ਆਈ. ਅਧਾਰਿਤ ਪਲੇਟਫਾਰਮ ਹਰ ਵਿਦਿਆਰਥੀ ਦੀ ਸਿੱਖਣ ਦੀ ਸਮਰੱਥਾ ਅਨੁਸਾਰ ਕਿਸੇ ਅਧਿਆਪਕ ਵਾਂਗ 24 ਘੰਟੇ ਉਪਲੱਬਧ ਹੈ, ਜੋ ਖੋਜ ਕਾਰਜਾਂ ਵਿਚ ਮਹੀਨਿਆਂ ਦਾ ਕੰਮ ਘੰਟਿਆਂ 'ਚ ਕਰ ਸਕਦਾ ਹੈ। ਦੁਨੀਆ ਭਰ ਦੇ ਡੇਟਾਬੇਸ ਨੂੰ ਖੰਗਾਲ ਕੇ ਸਹੀ ਜਾਣਕਾਰੀ ਮੁਹੱਈਆ ਕਰਵਾਉਣਾ ਏ.ਆਈ. ਕਾਰਨ ਹੀ ਸੰਭਵ ਹੋਇਆ ਹੈ।

ਸਿਹਤ ਸੇਵਾਵਾਂ ਦੇ ਖੇਤਰ ਵਿੱਚ ਤਾਂ ਏ.ਆਈ. ਕਿਸੇ ਵਰਦਾਨ ਤੋਂ ਘੱਟ ਨਹੀਂ ਹੈ। ਕੈਂਸਰ ਜਿਹੀਆਂ ਬਿਮਾਰੀਆਂ ਦਾ ਸ਼ੁਰੂਆਤੀ ਪੜਾਅ 'ਤੇ ਏ.ਆਈ. ਮਸ਼ੀਨਾਂ ਇੰਨੀ ਬਾਰੀਕੀ ਨਾਲ ਵਿਸ਼ਲੇਸ਼ਣ ਕਰਦੀਆਂ ਹਨ, ਜੋ ਬੇਮਿਸਾਲ ਹੈ। ਇਸ ਨੇ ਨਵੀਆਂ ਦਵਾਈਆਂ ਦੀ ਖੋਜ ਤੇ ਜੀਨੋਮ ਸੀਕੁਐਂਸਿੰਗ ਵਿੱਚ ਸਮਾਂ ਤੇ ਖਰਚਾ ਬਹੁਤ ਘਟਾ ਦਿੱਤਾ ਹੈ। ਭਵਿੱਖ ਵਿੱਚ ਅਸੀਂ ਅਜਿਹੇ ਰੋਬੋਟਿਕ ਸਰਜਨ ਦੇਖ ਸਕਾਂਗੇ ਜੋ ਬੇਹੱਦ ਗੁੰਝਲਦਾਰ ਆਪ੍ਰੇਸ਼ਨ ਸਫਲਤਾਪੂਰਵਕ ਕਰਨਗੇ। ਬੈਂਕਿੰਗ ਤੇ ਵਿੱਤੀ ਖੇਤਰ ਵਿੱਚ ਏ.ਆਈ. ਨੇ ਲੈਣ-ਦੇਣ ਨੂੰ ਬਹੁਤ ਸੁਰੱਖਿਅਤ ਤੇ ਤੇਜ਼ ਬਣਾ ਦਿੱਤਾ ਹੈ। ਧੋਖਾਧੜੀ ਦੀ ਪਛਾਣ ਕਰਨ ਵਾਲੇ ਸਿਸਟਮ ਸਕਿੰਟਾਂ ਵਿੱਚ ਸ਼ੱਕੀ ਕਾਰਵਾਈਆਂ ਨੂੰ ਰੋਕ ਦਿੰਦੇ ਹਨ। ਹਾਲਾਂਕਿ ਏ.ਆਈ. ਅਧਾਰਿਤ 'ਸਾਈਬਰ ਅਪਰਾਧ' ਤੇਜ਼ੀ ਨਾਲ ਵਧ ਰਹੇ ਹਨ। ਖਪਤਕਾਰ ਸੱਭਿਆਚਾਰ ਵਿੱਚ ਏ.ਆਈ. ਅਲਗੋਰਿਦਮ ਸਾਨੂੰ ਉਹੀ ਚੀਜ਼ਾਂ ਦਿਖਾਉਂਦੇ ਹਨ, ਜੋ ਅਸੀਂ ਖਰੀਦਣਾ ਚਾਹੁੰਦੇ ਹਾਂ। ਆਰਥਿਕਤਾ ਤੇ ਰੁਜ਼ਗਾਰ ਦੇ ਪੱਖੋਂ ਏ.ਆਈ. ਇੱਕ ਦੋਧਾਰੀ ਤਲਵਾਰ ਹੈ। ਇਕ ਪਾਸੇ ਇਹ ਉਦਯੋਗਾਂ ਵਿੱਚ ਉਤਪਾਦਨ ਵਧਾ ਰਹੀ ਹੈ, ਤਾਂ ਦੂਜੇ ਪਾਸੇ ਡਰ ਹੈ ਕਿ ਮਸ਼ੀਨਾਂ ਮਨੁੱਖਾਂ ਦੀ ਥਾਂ ਲੈ ਲੈਣਗੀਆਂ। ਰੁਜ਼ਗਾਰ ਤੋਂ ਇਲਾਵਾ ਖੇਡਾਂ ਦੇ ਖੇਤਰ ਵਿਚ ਵੀ ਏ.ਆਈ. ਨੇ ਅੰਕੜਿਆਂ ਦੀ ਇਕ ਨਵੀਂ ਜੰਗ ਸ਼ੁਰੂ ਕਰ ਦਿੱਤੀ ਹੈ। ਅੱਜ ਖੇਡਾਂ ਸਿਰਫ਼ ਸਰੀਰਕ ਜ਼ੋਰ ਦੀਆਂ ਨਹੀਂ ਰਹੀਆਂ, ਸਗੋਂ ਏ.ਆਈ. ਤੈਅ ਕਰਦੀ ਹੈ ਕਿ ਕਿਸੇ ਖਿਡਾਰੀ ਨੇ ਕਿਸ ਰਣਨੀਤੀ ਨਾਲ ਖੇਡਣਾ ਹੈ। ਖੇਤੀਬਾੜੀ ਵਰਗੇ ਰਵਾਇਤੀ ਖੇਤਰ ਵਿੱਚ ਏ.ਆਈ. ਕਿਸਾਨਾਂ ਲਈ ਇਕ ਵਿਗਿਆਨਕ ਸਹਾਰਾ ਬਣ ਕੇ ਉੱਭਰੀ ਹੈ। ਪ੍ਰੀਸੀਜ਼ਨ ਫਾਰਮਿੰਗ ਰਾਹੀਂ ਮਿੱਟੀ ਦੀ ਸਿਹਤ ਤੇ ਫ਼ਸਲਾਂ ਦੀਆਂ ਬਿਮਾਰੀਆਂ ਦਾ ਪਹਿਲਾਂ ਹੀ ਪਤਾ ਲਗਾਇਆ ਜਾ ਸਕਦਾ ਹੈ। ਸਮਾਰਟ ਸਿੰਚਾਈ ਪ੍ਰਣਾਲੀਆਂ ਤੇ ਸੈਂਸਰ ਪੌਦਿਆਂ ਲਈ ਪਾਣੀ ਦੀ ਲੋੜ ਬਾਰੇ ਦੱਸਦੇ ਹਨ, ਜੋ ਪੰਜਾਬ ਵਰਗੇ ਸੂਬਿਆਂ ਵਿਚ ਡਿੱਗ ਰਹੇ ਪਾਣੀ ਦੇ ਪੱਧਰ ਨੂੰ ਬਚਾਉਣ ਵਿਚ ਮਦਦਗਾਰ ਹੋ ਸਕਦਾ ਹੈ। ਡਰੋਨਾਂ ਰਾਹੀਂ ਕੀਟਨਾਸ਼ਕਾਂ ਦਾ ਸਹੀ ਛਿੜਕਾਅ

(ਬਾਕੀ ਸਫ਼ਾ 27 'ਤੇ)

# ਬਦਲਦੀ ਵਿਸ਼ਵ ਵਿਵਸਥਾ ਅਤੇ ਬ੍ਰਿਕਸ ਸੰਮੇਲਨ ਦੀ ਅਹਿਮੀਅਤ

ਡਾ. ਧਰਮਿੰਦਰ ਸਿੰਘ

ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿੱਚ ਹੋਇਆ 18ਵਾਂ ਬ੍ਰਿਕਸ ਸਿਖ਼ਰ ਸੰਮੇਲਨ ਦੁਨੀਆ ਦੀ ਬਦਲ ਰਹੀ ਆਰਥਿਕ, ਰਾਜਨੀਤਕ ਤੇ ਕੂਟਨੀਤਕ ਵਿਵਸਥਾ ਵਿੱਚ ਇੱਕ ਮਹੱਤਵਪੂਰਨ ਘਟਨਾ ਹੈ। ਭਾਰਤ ਨੇ 2026 ਵਿੱਚ ਚੌਥੀ ਵਾਰ ਬ੍ਰਿਕਸ ਦੀ ਅਗਵਾਈ ਕੀਤੀ। ਭਾਰਤ ਨੇ 2026 ਲਈ ਬ੍ਰਿਕਸ ਦਾ ਮੂਲ ਮੰਤਰ 'ਲਚਕੀਲਾਪਣ, ਨਵੀਨਤਾ, ਸਹਿਯੋਗ ਅਤੇ ਸਥਿਰਤਾ ਲਈ ਨਿਰਮਾਣ' ਰੱਖਿਆ ਸੀ, ਜਿਸ ਦੇ ਕੇਂਦਰ ਵਿੱਚ ਮਨੁੱਖਤਾ-ਕੇਂਦਰਿਤ ਵਿਕਾਸ ਸੀ। ਇਸ ਵਾਰ ਦਾ ਸੰਮੇਲਨ ਹੋਰ ਵੀ ਮਹੱਤਵਪੂਰਨ ਸੀ, ਕਿਉਂਕਿ ਬ੍ਰਿਕਸ ਆਪਣੀ ਸਥਾਪਨਾ ਦੇ 20 ਸਾਲ ਪੂਰੇ ਕਰ ਰਿਹਾ ਹੈ। ਇਸ ਲਈ ਨਵੀਂ ਦਿੱਲੀ ਦਾ ਸੰਮੇਲਨ ਬ੍ਰਿਕਸ ਦੀ ਹੁਣ ਤੱਕ ਦੀ ਯਾਤਰਾ ਦਾ ਮੁਲਾਂਕਣ ਕਰਨ ਦੇ ਨਾਲ-ਨਾਲ ਅਗਲੇ ਦਹਾਕਿਆਂ ਦੀ ਦਿਸ਼ਾ ਤੈਅ ਕਰਨ ਦਾ ਮੌਕਾ ਵੀ ਬਣਿਆ।

ਬ੍ਰਿਕਸ ਦੀ ਕਹਾਣੀ ਅਸਲ ਵਿੱਚ ਇੱਕ ਆਰਥਿਕ ਵਿਚਾਰ ਤੋਂ ਸ਼ੁਰੂ ਹੋਈ ਸੀ। 2001 ਵਿੱਚ ਗੋਲਡਮੈਨ ਸੈਕਸ ਦੇ ਅਰਥਸ਼ਾਸਤਰੀ ਜਿਮ ਓ ਨੀਲ ਨੇ ਬ੍ਰਿਕਸ ਸ਼ਬਦ ਦੀ ਵਰਤੋਂ ਬ੍ਰਾਜ਼ੀਲ, ਰੂਸ, ਭਾਰਤ ਤੇ ਚੀਨ ਵਰਗੀਆਂ ਤੇਜ਼ੀ ਨਾਲ ਉੱਭਰ ਰਹੀਆਂ ਅਰਥਵਿਵਸਥਾਵਾਂ ਲਈ ਕੀਤੀ ਸੀ। ਉਸ ਸਮੇਂ ਇਹ ਕੋਈ ਅੰਤਰਰਾਸ਼ਟਰੀ ਸੰਸਥਾ ਨਹੀਂ ਸੀ, ਸਗੋਂ ਵਿਸ਼ਵ ਅਰਥਵਿਵਸਥਾ ਦੇ ਭਵਿੱਖ ਬਾਰੇ ਇੱਕ ਵਿਸ਼ਲੇਸ਼ਣ ਸੀ ਪਰ ਇਨ੍ਹਾਂ ਚਾਰ ਦੇਸ਼ਾਂ ਨੇ ਹੌਲੀ-ਹੌਲੀ ਇਸ ਆਰਥਿਕ ਧਾਰਨਾ ਨੂੰ ਰਾਜਨੀਤਕ ਤੇ ਕੂਟਨੀਤਕ ਸਹਿਯੋਗ ਦੇ ਮੰਚ ਵਿੱਚ ਬਦਲ ਦਿੱਤਾ। ਅੱਜ ਇਸ ਦੇ ਪੂਰਨ ਮੈਂਬਰ ਦੇਸ਼ ਬ੍ਰਾਜ਼ੀਲ, ਰੂਸ, ਭਾਰਤ, ਚੀਨ, ਦੱਖਣੀ ਅਫ਼ਰੀਕਾ, ਮਿਸਰ, ਇਥੋਪੀਆ, ਈਰਾਨ, ਸੰਯੁਕਤ ਅਰਬ ਅਮੀਰਾਤ, ਸਾਊਦੀ ਅਰਬ ਤੇ ਇੰਡੋਨੇਸ਼ੀਆ ਹਨ।

ਬ੍ਰਿਕਸ ਦੇ ਵਿਸਥਾਰ ਦਾ ਦੂਜਾ ਮਹੱਤਵਪੂਰਨ ਪੜਾਅ ਸਹਿਯੋਗੀ ਦੇਸ਼ਾਂ ਦੀ ਵਿਵਸਥਾ ਹੈ। 2025 ਵਿੱਚ ਦਸ ਦੇਸ਼ ਇਸ ਦੇ ਸਹਿਯੋਗੀ ਬਣੇ, ਜਿਨ੍ਹਾਂ ਵਿੱਚ ਬੇਲਾਰੂਸ, ਬੋਲੀਵੀਆ, ਕਿਊਬਾ, ਕਜ਼ਾਕਿਸਤਾਨ, ਮਲੇਸ਼ੀਆ, ਨਾਈਜੀਰੀਆ, ਥਾਈਲੈਂਡ, ਯੂਗਾਂਡਾ, ਉਜ਼ਬੇਕਿਸਤਾਨ ਤੇ ਵੀਅਤਨਾਮ ਸ਼ਾਮਿਲ ਹਨ। ਇਹ ਸਮੂਹ ਦੁਨੀਆ ਦੀ ਲਗਭਗ ਅੱਧੀ ਆਬਾਦੀ ਅਤੇ ਵਿਸ਼ਵ ਜੀ.ਡੀ.ਪੀ. ਦੇ ਲਗਭਗ 40 ਫ਼ੀਸਦੀ ਹਿੱਸੇ ਦੀ ਨੁਮਾਇੰਦਗੀ ਕਰਦਾ ਹੈ। ਇਸ ਕਰਕੇ ਬ੍ਰਿਕਸ ਦੀ ਆਵਾਜ਼ ਹੁਣ ਵਿਸ਼ਵ ਆਰਥਿਕ ਨੀਤੀਆਂ ਵਿੱਚ ਨਜ਼ਰ-ਅੰਦਾਜ਼ ਨਹੀਂ ਕੀਤੀ ਜਾ ਸਕਦੀ। ਬ੍ਰਿਕਸ ਦਾ ਇੱਕ ਹੋਰ ਮਹੱਤਵਪੂਰਨ ਉਦੇਸ਼ ਅੰਤਰਰਾਸ਼ਟਰੀ ਸੰਸਥਾਵਾਂ ਵਿੱਚ ਸੁਧਾਰ ਦੀ ਮੰਗ ਕਰਨਾ ਹੈ। ਅੱਜ ਬ੍ਰਿਕਸ ਸਿਰਫ਼ ਸਰਕਾਰਾਂ ਦੀਆਂ ਮੀਟਿੰਗਾਂ ਤੱਕ ਸੀਮਿਤ ਨਹੀਂ, ਸਗੋਂ ਇਸ ਦੇ ਅੰਦਰ ਵਪਾਰਕ ਮੰਚ, ਬਿਜ਼ਨਸ ਕੌਂਸਲ, ਯੂਨੀਵਰਸਿਟੀ ਤੇ ਅਕਾਦਮਿਕ ਸਹਿਯੋਗ, ਥਿੰਕ-ਟੈਂਕ, ਮਹਿਲਾ ਅਤੇ ਯੂਥ ਫ਼ੋਰਮ ਵਰਗੇ ਕਈ ਮੰਚ ਵਿਕਸਿਤ ਹੋ ਚੁੱਕੇ ਹਨ।

ਭਾਰਤ ਵੱਲੋਂ ਨਵੀਂ ਦਿੱਲੀ ਵਿੱਚ 18ਵਾਂ ਬ੍ਰਿਕਸ ਸਿਖ਼ਰ ਸੰਮੇਲਨ ਕਰਵਾਉਣਾ ਕਈ ਪੱਖਾਂ ਤੋਂ ਅਹਿਮ ਹੈ। ਸਭ ਤੋਂ ਪਹਿਲਾਂ, ਇਹ ਭਾਰਤ ਦੀ ਵਿਸ਼ਵ ਦੇ ਦੱਖਣੀ ਖਿੱਤੇ (ਗਲੋਬਲ ਸਾਊਥ) ਵਿੱਚ ਵਧ ਰਹੀ ਅਗਵਾਈ ਨੂੰ ਦਰਸਾਉਂਦਾ ਹੈ। ਦੂਜਾ, ਮੌਜੂਦਾ ਵਿਸ਼ਵ ਵਿਵਸਥਾ ਕਈ ਚੁਣੌਤੀਆਂ ਵਿੱਚੋਂ ਲੰਘ ਰਹੀ ਹੈ। ਰੂਸ-ਯੂਕ੍ਰੇਨ ਜੰਗ, ਪੱਛਮੀ ਏਸ਼ੀਆ ਵਿੱਚ ਤਣਾਅ, ਵਪਾਰਕ ਟਕਰਾਅ, ਸਪਲਾਈ ਚੇਨ ਵਿੱਚ ਰੁਕਾਵਟਾਂ, ਊਰਜਾ ਸੁਰੱਖਿਆ, ਮਹਿੰਗਾਈ ਅਤੇ ਭੂ-ਰਾਜਨੀਤਕ ਧੜੇਬੰਦੀ ਨੇ ਵਿਸ਼ਵ ਅਰਥਵਿਵਸਥਾ ਨੂੰ ਪ੍ਰਭਾਵਿਤ ਕੀਤਾ ਹੈ। ਅਜਿਹੇ ਸਮੇਂ ਵਿੱਚ ਭਾਰਤ ਵੱਲੋਂ ਬ੍ਰਿਕਸ ਦੇਸ਼ਾਂ ਨੂੰ ਇੱਕ ਮੰਚ 'ਤੇ ਲਿਆਉਣਾ ਕੂਟਨੀਤਕ ਤੌਰ 'ਤੇ ਮਹੱਤਵਪੂਰਨ ਹੈ। ਤੀਜਾ, ਬ੍ਰਿਕਸ ਦਾ ਵਿਸਥਾਰ ਇਸ ਸੰਮੇਲਨ ਨੂੰ ਹੋਰ ਦਿਲਚਸਪ ਬਣਾਉਂਦਾ ਹੈ। ਪੁਰਾਣੇ ਮੈਂਬਰਾਂ ਨਾਲ ਨਵੇਂ ਦੇਸ਼ਾਂ ਦੀਆਂ ਆਰਥਿਕ ਤੇ ਰਣਨੀਤਕ ਤਰਜੀਹਾਂ ਨੂੰ ਇੱਕ ਸਾਂਝੇ ਏਜੰਡੇ ਵਿੱਚ ਲਿਆਉਣਾ ਆਸਾਨ ਨਹੀਂ ਹੋਵੇਗਾ। ਭਾਰਤ ਲਈ ਸਭ ਤੋਂ ਵੱਡੀ ਚੁਣੌਤੀ ਇਹ ਹੋਵੇਗੀ ਕਿ ਵੱਖ-ਵੱਖ ਵਿਚਾਰਧਾਰਾਵਾਂ ਤੇ ਰਾਸ਼ਟਰੀ ਹਿੱਤਾਂ ਦੇ ਬਾਵਜੂਦ ਬ੍ਰਿਕਸ ਨੂੰ ਕਾਰਗਰ ਤੇ ਨਤੀਜਾ-ਕੇਂਦਰਿਤ ਮੰਚ ਬਣਾਇਆ ਜਾਵੇ।



ਇਸ ਸੰਮੇਲਨ ਵਿੱਚ ਭਾਰਤ-ਚੀਨ ਸਬੰਧ ਵੀ ਖ਼ਾਸ ਧਿਆਨ ਦਾ ਕੇਂਦਰ ਹੋਣਗੇ। ਦੋਵਾਂ ਦੇਸ਼ਾਂ ਵਿਚਾਲੇ ਸਰਹੱਦੀ ਤਣਾਅ ਦੇ ਬਾਵਜੂਦ ਬ੍ਰਿਕਸ ਇੱਕ ਅਜਿਹਾ ਮੰਚ ਪ੍ਰਦਾਨ ਕਰਦਾ ਹੈ, ਜਿੱਥੇ ਦੋਵੇਂ ਦੇਸ਼ ਬਹੁਪੱਖੀ ਸਹਿਯੋਗ ਬਾਰੇ ਗੱਲ ਕਰ ਸਕਦੇ ਹਨ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਸੰਮੇਲਨ ਵਿੱਚ ਸ਼ਾਮਿਲ ਹੋਣ ਦੀ ਸੰਭਾਵਨਾ ਨੂੰ ਵੀ ਇਸੇ ਵੱਡੇ ਕੂਟਨੀਤਕ ਸੰਦਰਭ ਵਿੱਚ ਦੇਖਿਆ ਜਾ ਰਿਹਾ ਹੈ। ਇਸ ਸਿਖ਼ਰ ਸੰਮੇਲਨ ਵਿੱਚ ਬ੍ਰਿਕਸ ਦੇਸ਼ਾਂ ਦੇ ਰਾਸ਼ਟਰਪਤੀਆਂ/ਪ੍ਰਧਾਨ ਮੰਤਰੀਆਂ ਅਤੇ ਸਹਿਯੋਗੀ ਦੇਸ਼ਾਂ ਦੇ ਆਗੂਆਂ ਦੀ ਭਾਗੀਦਾਰੀ ਹੋਈ ਹੈ। ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ 2026 ਬ੍ਰਿਕਸ ਚੇਅਰ ਦੇ ਮੁਖੀ ਵਜੋਂ ਅਹਿਮ ਭੂਮਿਕਾ ਨਿਭਾ ਚੁੱਕੇ ਹਨ।

ਬ੍ਰਿਕਸ ਵਿੱਚ ਇੱਕ ਹੋਰ ਚਰਚਿਤ ਮੁੱਦਾ ਮੈਂਬਰ ਦੇਸ਼ਾਂ ਵਿਚਕਾਰ ਸਥਾਨਕ ਮੁਦਰਾਵਾਂ ਵਿੱਚ ਵਪਾਰ ਵਧਾਉਣਾ ਹੈ। ਭਾਰਤ ਵੀ ਰਾਸ਼ਟਰੀ ਮੁਦਰਾਵਾਂ ਵਿੱਚ ਵਪਾਰ ਤੇ ਭੁਗਤਾਨ ਦੀਆਂ ਸੰਭਾਵਨਾਵਾਂ ਨੂੰ ਅੱਗੇ ਵਧਾਉਣ ਵਿੱਚ ਦਿਲਚਸਪੀ ਰੱਖਦਾ ਹੈ ਪਰ ਇਸ ਨੂੰ ਕਿਸੇ ਇੱਕ ਦਿਨ ਵਿੱਚ ਡਾਲਰ ਦੀ ਥਾਂ ਨਵੀਂ ਮੁਦਰਾ ਲਿਆਉਣ ਦੇ ਰੂਪ ਵਿੱਚ ਦੇਖਣਾ ਠੀਕ ਨਹੀਂ ਹੋਵੇਗਾ। ਅਸਲ ਚੁਣੌਤੀ ਇੱਕ ਅਜਿਹੀ ਭੁਗਤਾਨ ਪ੍ਰਣਾਲੀ ਬਣਾਉਣ ਦੀ ਹੈ, ਜੋ ਸੁਰੱਖਿਅਤ, ਪਾਰਦਰਸ਼ੀ, ਘੱਟ ਲਾਗਤ ਵਾਲੀ ਤੇ ਮੈਂਬਰ ਦੇਸ਼ਾਂ ਲਈ ਭਰੋਸੇਯੋਗ ਹੋਵੇ। ਭਾਰਤ ਦੀ ਯੂ.ਪੀ.ਆਈ. ਵਰਗੀ ਡਿਜੀਟਲ ਪ੍ਰਣਾਲੀ ਇਸ ਖੇਤਰ ਵਿੱਚ ਮਹੱਤਵਪੂਰਨ ਤਜਰਬਾ ਪ੍ਰਦਾਨ ਕਰ ਸਕਦੀ ਹੈ।

ਬ੍ਰਿਕਸ ਦਾ ਭਵਿੱਖ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਇਹ ਵਿਸਥਾਰ ਦੇ ਨਾਲ ਆਪਣੀ ਅੰਦਰੂਨੀ ਏਕਤਾ ਕਿਵੇਂ ਕਾਇਮ ਰੱਖਦਾ ਹੈ। ਮੈਂਬਰ ਦੇਸ਼ਾਂ ਦੇ ਆਰਥਿਕ ਮਾਡਲ, ਵਿਦੇਸ਼ ਨੀਤੀਆਂ ਅਤੇ ਰਾਜਨੀਤਕ ਹਿੱਤ ਇੱਕੋ ਜਿਹੇ ਨਹੀਂ ਹਨ। ਇਸ ਲਈ ਬ੍ਰਿਕਸ ਦੀ ਤਾਕਤ ਕਿਸੇ ਇੱਕ ਦੇਸ਼ ਦੇ ਵਿਰੋਧ ਵਿੱਚ ਨਹੀਂ, ਸਗੋਂ ਵੱਖ-ਵੱਖ ਦੇਸ਼ਾਂ ਨੂੰ ਸਾਂਝੇ ਵਿਕਾਸ ਦੇ ਮੰਚ 'ਤੇ ਲਿਆਉਣ ਵਿੱਚ ਹੈ।

ਭਵਿੱਖ ਵਿੱਚ ਬ੍ਰਿਕਸ ਨੂੰ ਪੰਜ ਮੁੱਖ ਖੇਤਰਾਂ 'ਤੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ:

ਆਪਸੀ ਵਪਾਰ ਵਿੱਚ ਵਾਧਾ, ਵਿਕਾਸਸ਼ੀਲ ਦੇਸ਼ਾਂ ਲਈ ਵਿੱਤੀ ਸਹੂਲਤਾਂ, ਏ.ਆਈ. ਤੇ ਡਿਜੀਟਲ ਤਕਨਾਲੋਜੀ ਵਿੱਚ ਸਾਂਝਾ ਵਿਕਾਸ, ਹਰੀ ਊਰਜਾ ਤੇ ਜਲਵਾਯੂ ਪਰਿਵਰਤਨ ਨਾਲ ਨਜਿੱਠਣਾ, ਵਿਸ਼ਵ ਸੰਸਥਾਵਾਂ ਵਿੱਚ ਵਿਕਾਸਸ਼ੀਲ ਦੇਸ਼ਾਂ ਦੀ ਵਧੇਰੇ ਪ੍ਰਤੀਨਿਧਤਾ।

ਇਸ ਦੇ ਨਾਲ ਹੀ ਬ੍ਰਿਕਸ ਨੂੰ ਸਿਹਤ, ਖ਼ੁਰਾਕ ਸੁਰੱਖਿਆ, ਖੇਤੀਬਾੜੀ, ਪਾਣੀ ਦੀ ਸੰਭਾਲ ਅਤੇ ਰੁਜ਼ਗਾਰ ਵਰਗੇ ਲੋਕ-ਕੇਂਦਰਿਤ ਮੁੱਦਿਆਂ ਨੂੰ ਵੀ ਆਪਣੀ ਤਰਜੀਹ ਬਣਾਉਣਾ ਚਾਹੀਦਾ ਹੈ। ਜੇ ਬ੍ਰਿਕਸ ਦੀਆਂ ਨੀਤੀਆਂ ਆਮ ਲੋਕਾਂ ਦੀ ਜ਼ਿੰਦਗੀ ਵਿੱਚ ਸੁਧਾਰ ਲਿਆਉਂਦੀਆਂ ਹਨ ਤਾਂ ਹੀ ਇਸ ਦੀ ਅੰਤਰਰਾਸ਼ਟਰੀ ਸਵੀਕਾਰਤਾ ਹੋਰ ਮਜ਼ਬੂਤ ਹੋਵੇਗੀ।

ਅੱਜ ਦੁਨੀਆ ਇੱਕ-ਧਰੁਵੀ ਵਿਵਸਥਾ ਤੋਂ ਬਹੁ-ਧਰੁਵੀ ਵਿਵਸਥਾ ਵੱਲ ਵਧ ਰਹੀ ਹੈ। ਇਸ ਬਦਲਾਅ ਵਿੱਚ ਬ੍ਰਿਕਸ ਦੀ ਭੂਮਿਕਾ ਲਗਾਤਾਰ ਵਧਣ ਦੀ ਸੰਭਾਵਨਾ ਹੈ ਪਰ ਇਸ ਦੀ ਅਸਲ ਸਫ਼ਲਤਾ ਇਸ ਗੱਲ ਵਿੱਚ ਹੋਵੇਗੀ ਕਿ ਇਹ ਦੁਨੀਆ ਨੂੰ ਕਿਸੇ ਧੜੇ ਵਿੱਚ ਵੰਡਣ ਦੀ ਥਾਂ ਸਹਿਯੋਗ, ਸਮਾਨਤਾ, ਟਿਕਾਊ ਵਿਕਾਸ ਤੇ ਮਨੁੱਖੀ ਭਲਾਈ ਦਾ ਨਵਾਂ ਮਾਡਲ ਪੇਸ਼ ਕਰਦਾ ਹੈ ਜਾਂ ਨਹੀਂ। ਭਾਰਤ ਦੀ ਅਗਵਾਈ ਹੇਠ ਬ੍ਰਿਕਸ ਲਚਕੀਲਾਪਣ, ਨਵੀਨਤਾ, ਸਹਿਯੋਗ ਤੇ ਸਥਿਰਤਾ ਲਈ ਨਿਰਮਾਣ ਦੇ ਆਪਣੇ ਮੰਤਰ ਨੂੰ ਅਮਲ ਵਿੱਚ ਬਦਲਣ ਵਿੱਚ ਸਫ਼ਲ ਹੋਇਆ ਹੈ ਇਸ ਕਰਕੇ ਇਹ ਸੰਮੇਲਨ 21ਵੀਂ ਸਦੀ ਦੀ ਨਵੀਂ ਵਿਸ਼ਵ ਵਿਵਸਥਾ ਨੂੰ ਆਕਾਰ ਦੇਣ ਵਾਲਾ ਇੱਕ ਅਹਿਮ ਪੜਾਅ ਬਣਿਆ ਹੈ।

**ਅਸਿਸਟੈਂਟ ਪ੍ਰੋਫ਼ੈਸਰ**
**(ਇਕਨੋਮਿਕਸ), ਸਰਕਾਰੀ ਕਾਲਜ**
**ਰੋਪੜ**

# ਜਾਪਾਨ ਦੇ ਸਿੱਖਿਆ ਢਾਂਚੇ ਤੋਂ ਸੇਧ ਲਵੇ ਭਾਰਤ

ਪ੍ਰਿੰ. ਵਿਜੈ ਕੁਮਾਰ

ਅਸੀਂ ਅਕਸਰ ਅਮਰੀਕਾ, ਆਸਟਰੇਲੀਆ ਅਤੇ ਇੰਗਲੈਂਡ ਦੇ ਸਿੱਖਿਆ ਢਾਂਚੇ ਦੀ ਉੱਤਮਤਾ ਦੀ ਚਰਚਾ ਕਰਦੇ ਰਹਿੰਦੇ ਹਾਂ, ਪਰ ਜੇਕਰ ਵਿਸ਼ਵ ਵਿੱਚ ਜਾਪਾਨ ਦੀ ਤਰੱਕੀ ਦੇ ਅਸਲ ਰਾਜ਼ ਨੂੰ ਡੂੰਘਾਈ ਨਾਲ ਦੇਖੀਏ ਤਾਂ ਇਸ ਦਾ ਮੁੱਖ ਆਧਾਰ ਉੱਥੋਂ ਦਾ ਬੇਮਿਸਾਲ ਸਿੱਖਿਆ ਢਾਂਚਾ ਹੈ। ਜਾਪਾਨ ਦੇ ਵਿੱਦਿਅਕ ਪ੍ਰਬੰਧ ਦੇ ਵਿਸਥਾਰ ਵੱਲ ਪਰਤਣ ਤੋਂ ਪਹਿਲਾਂ, ਭਾਰਤ ਅਤੇ ਜਾਪਾਨ ਦੇ ਸਿੱਖਿਆ ਢਾਂਚੇ ਦੇ ਤੁਲਨਾਤਮਕ ਅਧਿਐਨ ਉੱਤੇ ਝਾਤ ਮਾਰਨੀ ਲਾਜ਼ਮੀ ਹੈ। ਭੂਗੋਲਿਕ ਆਕਾਰ ਵਿੱਚ ਭਾਰਤ ਦੇ ਮੁਕਾਬਲੇ ਕਾਫ਼ੀ ਛੋਟਾ ਹੋਣ ਦੇ ਬਾਵਜੂਦ ਜਾਪਾਨ ਦਾ ਸਿੱਖਿਆ ਪ੍ਰਬੰਧ ਦੁਨੀਆ ਦੀਆਂ ਉੱਤਮ ਪ੍ਰਣਾਲੀਆਂ ਵਿੱਚ ਗਿਣਿਆ ਜਾਂਦਾ ਹੈ। ਜਿੱਥੇ ਭਾਰਤ ਦੀ ਸਾਖਰਤਾ ਦਰ ਲਗਪਗ 77 ਫ਼ੀਸਦੀ ਹੈ, ਉੱਥੇ ਹੀ ਜਾਪਾਨ ਦੀ ਸਾਖਰਤਾ ਦਰ ਲਗਪਗ 100 ਫ਼ੀਸਦੀ ਹੈ, ਜੋ ਉੱਥੋਂ ਦੇ ਨਾਗਰਿਕਾਂ ਵਿੱਚ ਸਿੱਖਿਆ ਪ੍ਰਤੀ ਗੰਭੀਰ ਸੋਚ ਅਤੇ ਜਾਗਰੂਕਤਾ ਨੂੰ ਦਰਸਾਉਂਦੀ ਹੈ।

ਭਾਰਤੀ ਸਿੱਖਿਆ ਪ੍ਰਣਾਲੀ ਦੀਆਂ ਅਨੇਕਾਂ ਖ਼ਾਮੀਆਂ ਕਾਰਨ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗੈਰ-ਹਾਜ਼ਰੀ ਇੱਕ ਵੱਡੀ ਸਮੱਸਿਆ ਬਣੀ ਹੋਈ ਹੈ। ਭਾਰਤ ਵਿੱਚ ਸਕੂਲੀ ਵਿਦਿਆਰਥੀਆਂ ਦੀ ਔਸਤ ਹਾਜ਼ਰੀ ਮਸਾਂ 55 ਫ਼ੀਸਦੀ ਦੇ ਆਸ-ਪਾਸ ਰਹਿੰਦੀ ਹੈ, ਜਦਕਿ ਜਾਪਾਨੀ ਸਕੂਲਾਂ ਵਿੱਚ ਇਹ ਅੰਕੜਾ 99 ਫ਼ੀਸਦੀ ਤੱਕ ਪਹੁੰਚਦਾ ਹੈ। ਭਾਵੇਂ ਭਾਰਤ ਵਿੱਚ ਸਿੱਖਿਆ ਬੋਰਡਾਂ ਅਤੇ ਯੂਨੀਵਰਸਿਟੀਆਂ ਵੱਲੋਂ ਹਾਜ਼ਰੀ ਲਈ 75 ਫ਼ੀਸਦੀ ਦੀ ਸ਼ਰਤ ਲਾਜ਼ਮੀ ਕਰ ਦਿੱਤੀ ਗਈ ਹੈ, ਪਰ ਇਸ ਦੇ ਬਾਵਜੂਦ ਹਾਲਾਤ ਵਿੱਚ ਕੋਈ ਖ਼ਾਸ ਸੁਧਾਰ ਦੇਖਣ ਨੂੰ ਨਹੀਂ ਮਿਲਿਆ। ਸਾਡੇ ਦੇਸ਼ ਵਿੱਚ ਸਿੱਖਿਆ ਦਾ ਮੁੱਖ ਉਦੇਸ਼ ਕੇਵਲ ਹਾਜ਼ਰੀਆਂ ਪੂਰੀਆਂ ਕਰਕੇ ਡਿਗਰੀਆਂ ਹਾਸਲ ਕਰਨਾ ਬਣ ਗਿਆ ਹੈ, ਜਦਕਿ ਜਾਪਾਨ ਵਿੱਚ ਸਿੱਖਿਆ ਦਾ ਅਸਲ ਮਕਸਦ ਵਿਦਿਆਰਥੀਆਂ ਨੂੰ ਗਿਆਨਵਾਨ ਬਣਾਉਣਾ ਹੈ।



ਜਾਪਾਨ ਵਿੱਚ ਵਿਦਿਆਰਥੀ-ਅਧਿਆਪਕ ਅਨੁਪਾਤ ਔਸਤਨ 1:30 ਹੈ, ਜਿਸ ਨਾਲ ਅਧਿਆਪਕ ਹਰ ਬੱਚੇ ਦੇ ਹੁਨਰ ਵੱਲ ਵਿਸ਼ੇਸ਼ ਧਿਆਨ ਦੇ ਸਕਦੇ ਹਨ। ਇਸ ਦੇ ਉਲਟ, ਭਾਰਤ ਵਿੱਚ ਇੱਕ ਅਧਿਆਪਕ ਪਿੱਛੇ 50 ਤੋਂ ਵੱਧ ਅਤੇ ਸੰਘਣੀ ਆਬਾਦੀ ਵਾਲੇ ਖੇਤਰਾਂ ਵਿੱਚ ਤਾਂ 75 ਤੱਕ ਵਿਦਿਆਰਥੀ ਬੈਠਦੇ ਹਨ। ਸਾਡੇ ਦੇਸ਼ ਦੇ ਉਲਟ ਜਾਪਾਨ ਵਿੱਚ ਅਨੇਕਾਂ ਸਿੱਖਿਆ ਬੋਰਡਾਂ ਦੀ ਹੋਂਦ ਨਹੀਂ ਹੈ, ਸਗੋਂ ਕੌਮੀ ਪੱਧਰ ਉੱਤੇ ਕੇਵਲ ਇੱਕੋ ਸਿੱਖਿਆ ਬੋਰਡ, ਇੱਕੋ ਜਿਹਾ ਸਿਲੇਬਸ ਅਤੇ ਇੱਕੋ ਜਿਹੀਆਂ ਪਾਠ-ਪੁਸਤਕਾਂ ਲਾਗੂ ਹਨ। ਇਸ ਬੋਰਡ ਨੂੰ 'ਐੱਮ ਈ ਐੱਸ ਟੀ' (ਮਨਿਸਟਰੀ ਆਫ਼ ਐਜੂਕੇਸ਼ਨ, ਕਲਚਰਲ, ਸਪੋਰਟਸ ਐਂਡ ਟੈਕਨਾਲੋਜੀ) ਕਿਹਾ ਜਾਂਦਾ ਹੈ। ਜਾਪਾਨੀ ਸਕੂਲਾਂ ਵਿੱਚ ਮੁੱਖ ਤੌਰ 'ਤੇ ਜਾਪਾਨੀ ਅਤੇ ਅੰਗਰੇਜ਼ੀ ਭਾਸ਼ਾਵਾਂ ਪੜ੍ਹਾਈਆਂ ਜਾਂਦੀਆਂ ਹਨ, ਪਰ ਵਿਦਿਆਰਥੀ ਆਪਣੀ ਰੁਚੀ ਅਨੁਸਾਰ ਰੂਸੀ, ਕੋਰੀਅਨ ਅਤੇ ਚੀਨੀ ਭਾਸ਼ਾਵਾਂ ਵੀ ਸਿੱਖ ਸਕਦੇ ਹਨ। ਉੱਥੇ ਬੱਚਿਆਂ ਨੂੰ 'ਕਿਤਾਬੀ ਕੀੜਾ' ਨਹੀਂ ਬਣਾਇਆ ਜਾਂਦਾ, ਜੇਕਰ ਕੋਈ ਵਿਦਿਆਰਥੀ ਆਪਣੀ ਸੂਝ-ਬੂਝ ਨਾਲ ਕੁਝ ਨਵਾਂ ਸਿਰਜਦਾ ਹੈ ਤਾਂ ਉਸ ਨੂੰ ਹੋਰ ਹੱਲਾਸ਼ੇਰੀ ਦਿੱਤੀ ਜਾਂਦੀ ਹੈ।

ਵਿਦਿਆਰਥੀਆਂ 'ਤੇ ਵੱਡੀਆਂ-ਵੱਡੀਆਂ ਅਸਾਈਨਮੈਂਟਾਂ ਦਾ ਬੋਝ ਪਾ ਕੇ ਉਨ੍ਹਾਂ ਦਾ ਕੀਮਤੀ ਸਮਾਂ, ਊਰਜਾ ਅਤੇ ਕਾਗ਼ਜ਼ ਬਰਬਾਦ ਨਹੀਂ ਕੀਤੇ ਜਾਂਦੇ। ਉੱਥੇ ਸਿੱਖਿਆ ਦਾ ਆਧਾਰ ਰੱਟਾ ਲਗਾਉਣਾ ਨਹੀਂ, ਸਗੋਂ ਖੋਜ, ਪ੍ਰੈਕਟੀਕਲ ਅਤੇ ਤਜਰਬੇ ਰਾਹੀਂ ਗਿਆਨ ਪ੍ਰਾਪਤ ਕਰਨਾ ਹੈ। ਜਾਪਾਨ ਵਿੱਚ ਬੱਚਿਆਂ ਨੂੰ ਇਹ ਨਹੀਂ ਸਿਖਾਇਆ ਜਾਂਦਾ ਕਿ ਪੜ੍ਹਾਈ ਦਾ ਮਕਸਦ ਸਿਰਫ਼ ਨੌਕਰੀ ਹਾਸਲ ਕਰਨਾ ਹੈ, ਸਗੋਂ ਇਹ ਪ੍ਰੇਰਿਤ ਕੀਤਾ ਜਾਂਦਾ ਹੈ ਕਿ ਵੱਧ ਤੋਂ ਵੱਧ ਗਿਆਨ ਹਾਸਿਲ ਕਰਕੇ ਆਪਣੀ ਯੋਗਤਾ ਮੁਤਾਬਿਕ ਖੇਤਰ ਦੀ ਚੋਣ ਕੀਤੀ ਜਾਵੇ। ਇਹ ਜਾਪਾਨੀ ਸਿੱਖਿਆ ਪ੍ਰਣਾਲੀ ਦਾ ਹੀ ਚਮਤਕਾਰ ਹੈ ਕਿ ਉੱਥੋਂ ਦੇ ਸਕੂਲੀ ਬੱਚੇ ਉਹ ਮੌਲਿਕ ਖੋਜਾਂ ਕਰ ਲੈਂਦੇ ਹਨ, ਜੋ ਸਾਡੇ ਦੇਸ਼ ਵਿੱਚ ਇੰਜੀਨੀਅਰਿੰਗ ਦੀ ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਵੀ ਵਿਦਿਆਰਥੀ ਨਹੀਂ ਕਰ ਪਾਉਂਦੇ।

ਭਾਰਤੀ ਸਿੱਖਿਆ ਪ੍ਰਣਾਲੀ ਦਾ ਮੁੱਖ ਮਕਸਦ ਵਿਦਿਆਰਥੀਆਂ ਵਿੱਚ ਲੀਡਰਸ਼ਿਪ ਦੇ ਗੁਣ ਪੈਦਾ ਕਰਨਾ ਨਹੀਂ ਹੈ, ਜਿਸ ਦਾ ਖ਼ਮਿਆਜ਼ਾ ਇਹ ਭੁਗਤਣਾ ਪੈਂਦਾ ਹੈ ਕਿ ਐੱਮ ਬੀ ਏ ਵਰਗੀਆਂ ਉੱਚ ਡਿਗਰੀਆਂ ਹਾਸਲ ਕਰਨ ਤੋਂ ਬਾਅਦ ਵੀ ਨੌਜਵਾਨ ਮਾਮੂਲੀ ਤਨਖ਼ਾਹ ਵਾਲੀਆਂ ਨੌਕਰੀਆਂ ਤੱਕ ਸੀਮਤ ਰਹਿ ਜਾਂਦੇ ਹਨ। ਇਸ ਦੇ ਉਲਟ, ਜਾਪਾਨ ਵਿੱਚ ਕਾਲਜ ਦੀ ਪੜ੍ਹਾਈ ਤੋਂ ਬਾਅਦ ਵਿਦਿਆਰਥੀਆਂ ਲਈ ਲੀਡਰਸ਼ਿਪ ਪ੍ਰੋਗਰਾਮ ਕਰਨਾ ਲਾਜ਼ਮੀ ਕੀਤਾ ਗਿਆ ਹੈ। ਭਾਰਤ ਜਿੱਥੇ ਜਾਪਾਨ ਨਾਲੋਂ ਖੇਤਰਫਲ ਵਿੱਚ ਲਗਪਗ 9 ਗੁਣਾ ਵੱਡਾ ਹੈ, ਉੱਥੇ ਹੀ ਦੋਵਾਂ ਦੇਸ਼ਾਂ ਵਿੱਚ ਯੂਨੀਵਰਸਿਟੀਆਂ ਦੀ ਗਿਣਤੀ ਲਗਪਗ ਬਰਾਬਰ ਹੈ, ਭਾਰਤ ਵਿੱਚ ਕਰੀਬ 1,000 ਅਤੇ ਜਾਪਾਨ ਵਿੱਚ 786 ਯੂਨੀਵਰਸਿਟੀਆਂ ਹਨ। ਜਾਪਾਨ ਵਿੱਚ ਸਿੱਖਿਆ ਦਾ 6+3+3+4 ਢਾਂਚਾ ਲਾਗੂ ਹੈ, ਜਿਸ ਤਹਿਤ 9 ਸਾਲ ਦੀ ਐਲੀਮੈਂਟਰੀ ਸਿੱਖਿਆ ਤੋਂ ਇਲਾਵਾ ਤਿੰਨ ਸਾਲ ਜੂਨੀਅਰ ਹਾਈ ਸਕੂਲ, ਤਿੰਨ ਸਾਲ ਸੈਕੰਡਰੀ ਅਤੇ ਚਾਰ ਸਾਲ ਦੀ ਯੂਨੀਵਰਸਿਟੀ ਸਿੱਖਿਆ ਸ਼ਾਮਲ ਹੈ। ਪੜ੍ਹਾਈ ਦੀ ਸ਼ੁਰੂਆਤ ਵਿੱਚ ਬੱਚਿਆਂ ਨੂੰ ਕਿਤਾਬੀ ਗਿਆਨ ਦੇਣ ਦੀ ਬਜਾਏ ਸ਼ਿਸ਼ਟਾਚਾਰ, ਚੰਗੇ ਵਿਹਾਰ ਅਤੇ ਮਹਿਮਾਨਨਿਵਾਜ਼ੀ ਦੇ ਗੁਣ ਸਿਖਾਏ ਜਾਂਦੇ ਹਨ।

ਸਕੂਲਾਂ ਵਿੱਚ ਗਣਿਤ, ਵਿਗਿਆਨ, ਸਮਾਜਿਕ ਅਧਿਐਨ ਅਤੇ ਅੰਗਰੇਜ਼ੀ ਦੇ ਨਾਲ-ਨਾਲ ਅਨੁਸ਼ਾਸਨ, ਸਵੱਛਤਾ ਅਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਵਿਸ਼ੇਸ਼ ਤਰਜੀਹ ਮਿਲਦੀ ਹੈ। ਉੱਥੇ ਵਿਦਿਆਰਥੀ 'ਰੈਂਡੋਸੇਰੋ' ਨਾਂ ਦਾ ਖ਼ਾਸ ਚਮੜੇ ਦਾ ਬੈਗ ਵਰਤਦੇ ਹਨ, ਜਿਸ ਦਾ ਆਕਾਰ ਅਤੇ ਭਾਰ ਵਿਗਿਆਨਕ ਤਰੀਕੇ ਨਾਲ ਨਿਰਧਾਰਿਤ ਹੁੰਦਾ ਹੈ ਤਾਂ ਜੋ ਬੱਚਿਆਂ ਦੀ ਰੀੜ੍ਹ ਦੀ ਹੱਡੀ 'ਤੇ ਬੋਝ ਨਾ ਪਵੇ। ਹਾਈ ਸਕੂਲ ਤੋਂ ਬਾਅਦ ਵਿਦਿਆਰਥੀਆਂ ਕੋਲ ਵੋਕੇਸ਼ਨਲ ਸਿੱਖਿਆ ਦਾ ਬਦਲ ਹੁੰਦਾ ਹੈ ਜਿਸ ਵਿੱਚ ਮੋਚੀ, ਲੁਹਾਰ ਅਤੇ ਖੇਤੀਬਾੜੀ ਵਰਗੇ ਹੁਨਰ ਸਿਖਾਏ ਜਾਂਦੇ ਹਨ। ਜਾਪਾਨੀ ਸਕੂਲਾਂ ਵਿੱਚ ਕੋਈ ਚਪੜਾਸੀ ਜਾਂ ਸਫ਼ਾਈ ਕਰਮਚਾਰੀ ਨਹੀਂ ਹੁੰਦਾ, 'ਜਿਹੜੀ ਥਾਂ ਤੁਹਾਡੀ ਹੈ, ਉਸ ਦੀ ਸਫ਼ਾਈ ਦੀ ਜ਼ਿੰਮੇਵਾਰੀ ਵੀ ਤੁਹਾਡੀ ਹੈ' ਦੇ ਸਿਧਾਂਤ ਤਹਿਤ ਬੱਚੇ ਖ਼ੁਦ ਆਪਣੇ ਸਕੂਲ ਅਤੇ ਕਲਾਸਰੂਮ ਦੀ ਸਫ਼ਾਈ ਕਰਦੇ ਹਨ। ਦੁਪਹਿਰ ਵੇਲੇ ਖ਼ੁਦ ਕਤਾਰਾਂ ਬਣਾ ਕੇ ਖਾਣਾ ਵਰਤਾਉਣਾ ਅਤੇ ਭਾਂਡੇ ਧੋਣਾ ਸਮੂਹਿਕ ਸੇਵਾ ਦਾ ਪਾਠ ਪੜ੍ਹਾਉਂਦਾ ਹੈ। ਸਕੂਲਾਂ ਵਿੱਚ ਮੋਬਾਈਲ ਲਿਆਉਣ ਉੱਤੇ ਮੁਕੰਮਲ ਪਾਬੰਦੀ ਹੈ। ਤੀਜੀ ਜਮਾਤ ਤੱਕ ਕੋਈ ਪ੍ਰੀਖਿਆ ਨਹੀਂ ਲਈ ਜਾਂਦੀ, ਕਿਉਂਕਿ ਨੰਬਰਾਂ ਅਤੇ ਰੈਂਕਾਂ ਨਾਲੋਂ ਇਨਸਾਨੀਅਤ ਅਤੇ ਵਿਵਹਾਰਕ ਗਿਆਨ ਨੂੰ ਉੱਤਮ ਮੰਨਿਆ ਜਾਂਦਾ ਹੈ। ਪੜ੍ਹਾਈ ਦੇ ਨਾਲ-ਨਾਲ ਹਰ ਬੱਚੇ ਲਈ ਕਿਸੇ ਨਾ ਕਿਸੇ ਖੇਡ ਜਾਂ ਸਰੀਰਕ ਗਤੀਵਿਧੀ ਵਿੱਚ ਭਾਗ ਲੈਣਾ ਲਾਜ਼ਮੀ ਹੈ, ਜਿਸ ਨਾਲ ਉਨ੍ਹਾਂ ਵਿੱਚ ਟੀਮ ਭਾਵਨਾ, ਸਹਿਣਸ਼ੀਲਤਾ ਅਤੇ ਸਿਹਤਮੰਦ ਫਿਟਨੈੱਸ ਦੇ ਗੁਣ ਪੈਦਾ ਹੁੰਦੇ ਹਨ।

(**ਬਾਕੀ ਸਫ਼ਾ** 27 'ਤੇ)




# ਪਰਦੇਸੀਆਂ ਨੂੰ ਅੱਖੀਆਂ ਉਡੀਕਦੀਆਂ .....

## ਤਿਉਹਾਰੀ ਰੁੱਤ 'ਚ ਐਨ.ਆਰ.ਆਈ.ਪੰਜਾਬੀਆਂ ਦਾ ਵਤਨ ਗੇੜਾ

### ਸੁੰਨੇ ਪਏ ਪਰਵਾਸੀ ਪੰਜਾਬੀਆਂ ਦੇ ਆਲੀਸ਼ਾਨ ਘਰਾਂ 'ਚ ਹੁਣ ਲੱਗਣਗੀਆਂ ਰੌਣਕਾਂ, ਪੈਣਗੇ ਗਿੱਧੇ-ਭੰਗੜੇ, ਲਿਸ਼ਕਣਗੀਆਂ ਰੰਗ ਬਿਰੰਗੀਆਂ ਬਿਜਲਈ ਲੜੀਆਂ

ਇਹ ਇਕ ਹਕੀਕਤ ਹੈ ਕਿ ਜਦੋਂ ਵੀ ਪੰਜਾਬ ਵਿੱਚ ਤਿਉਹਾਰਾਂ ਦੀ ਰੁੱਤ ਸ਼ੁਰੂ ਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਉਹਨਾਂ ਬਜ਼ੁਰਗ ਮਾਪਿਆਂ ਦੇ ਚਿਹਰੇ ਉੱਪਰ ਲਾਲੀ ਆ ਜਾਂਦੀ ਹੈ, ਜਿਹਨਾਂ ਦੇ ਪੁੱਤਰ ਡਾਲਰ, ਪੌਂਡ ਕਮਾਉਣ ਲਈ ਸੱਤ ਸਮੁੰਦਰ ਪਾਰ ਵਿਦੇਸ਼ੀ ਧਰਤੀ ਉੱਪਰ ਗਏ ਹੋਏ ਹਨ। ਜਿਵੇਂ -ਜਿਵੇਂ ਠੰਡ ਵੱਧਦੀ ਜਾਂਦੀ ਹੈ ਉਂਵੇਂ ਹੀ ਬਜੁਰਗ ਮਾਪਿਆਂ ਦੀ ਉਡੀਕ ਵੀ ਵੱਧ ਜਾਂਦੀ ਹੈ। ਕਈ ਵਾਰ ਤਾਂ ਪਰਦੇਸੀ ਪੁੱਤਾਂ ਦੀਆਂ ਮਾਵਾਂ ਐਂਵੇਂ ਬਹਾਨੇ ਨਾਲ ਹੀ ਮੋਬਾਈਲ ਜਾਂ ਘਰ ਵਿੱਚ ਲੱਗੇ ਲੈਂਡ ਲਾਈਨ ਫੋਨ ਨੂੰ ਚੁੱਕ ਕੇ ਵੇਖਦੀਆਂ ਨੇ ਕਿ ਕਿਤੇ ਫੋਨ ਹੀ ਡੈਡ ਤਾਂ ਨਹੀਂ ਹੋ ਗਿਆ, ਕਿਉਂਕਿ ਪੁੱਤ ਦਾ ਆਉਣ ਦਾ ਕੋਈ ਸੁਨੇਹਾ ਹੀ ਤਾਂ ਨਹੀਂ ਆਇਆ। ਅੱਜਕੱਲ੍ਹ ਵੱਡੀ ਗਿਣਤੀ ਐਨ.ਆਰ.ਆਈ. ਪੰਜਾਬੀਆਂ ਦੇ ਪੰਜਾਬ ਦੇ ਵੱਖ -ਵੱਖ ਇਲਾਕਿਆਂ ਵਿੱਚ ਰਹਿੰਦੇ ਮਾਪਿਆਂ ਤੇ ਹੋਰ ਪਰਿਵਾਰਕ ਮੈਂਬਰਾਂ ਦੇ ਚਿਹਰੇ ਖਿੜੇ ਲੱਗਦੇ ਹਨ ਕਿਉਂਕਿ ਤਿਉਹਾਰੀ ਰੁੱਤੇ ਵੱਡੀ ਗਿਣਤੀ ਪਰਵਾਸੀ ਪੰਜਾਬੀਆਂ ਦੇ ਪੰਜਾਬ ਆਉਣ ਦੀ ਸੰਭਾਵਨਾ ਹੈ।




ਜਗਮੋਹਨ ਸਿੰਘ 'ਲੱਕੀ'
9463819174

'ਤਿਉਹਾਰੀ ਰੁੱਤ' ਦੌਰਾਨ ਦੁਨੀਆਂ ਦੇ ਵੱਖ -ਵੱਖ ਮੁਲਕਾਂ ਵਿੱਚ ਵਸੇ ਹੋਏ ਅਨੇਕਾਂ ਐਨ.ਆਰ.ਆਈ. ਪੰਜਾਬੀਆਂ ਵੱਲੋਂ ਪੰਜਾਬ ਆਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਗਈ ਹੈ। ਕਈ ਐਨ.ਆਰ.ਆਈ.ਪੰਜਾਬੀਆਂ ਦੇ ਪੰਜਾਬ ਵਿੱਚ ਆਪਣੇ ਜੱਦੀ ਘਰਾਂ ਵਿੱਚ ਆਉਣ ਕਰਕੇ ਉਹਨਾਂ ਦੇ ਵਰ੍ਹਿਆਂ ਤੋਂ ਸੁੰਨੇ ਪਏ ਖਾਲੀ ਘਰਾਂ ਵਿੱਚ ਵੀ ਰੌਣਕਾਂ ਪਰਤ ਆਈਆਂ ਹਨ ਅਤੇ ਹਰ ਦਿਨ ਇਹਨਾਂ ਘਰਾਂ ਵਿੱਚ ਹੁਣ ਖੁਸ਼ੀ ਦੇ ਸਮਾਗਮ ਹੋ ਰਹੇ ਹਨ, ਖੀਰ ਬਣ ਰਹੀ ਹੈ, ਰਸੋਈ ਵਿੱਚ ਬਣਦੇ ਖੋਏ ਦੀ ਮਹਿਕ ਦੂਰ ਤੱਕ ਜਾ ਰਹੀ ਹੈ। ਕਈ ਐਨ.ਆਰ.ਆਈ.ਪੰਜਾਬੀਆਂ ਨੇ ਤਾਂ ਆਪਣੇ ਘਰਾਂ ਵਿੱਚ ਬਿਜਲਈ ਲੜੀਆਂ ਦੀ ਦੀਪਮਾਲਾ ਕੀਤੀ ਹੋਈ ਹੈ, ਜਿਸ ਕਾਰਨ ਇਹ ਘਰ ਬਹੁਤ ਸੁੰਦਰ ਦ੍ਰਿਸ਼ ਪੈਦਾ ਕਰ ਰਹੇ ਹਨ। ਇਸ ਤੋਂ ਇਲਾਵਾ ਅਨੇਕਾਂ ਐਨ.ਆਰ.ਆਈ. ਪੰਜਾਬੀਆਂ ਨੇ ਆਪਣੇ ਮਹੱਲਾਂ ਵਰਗੇ ਘਰਾਂ ਨੂੰ ਨਵਾਂ ਰੰਗ ਰੋਗਣ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ ਤਾਂ ਕਿ ਆਉਣ ਵਾਲੇ ਹੋਰ ਤਿਉਹਾਰ ਸੁੰਦਰ ਸਜਾਏ ਹੋਏ ਘਰ ਵਿੱਚ ਮਨਾਏ ਜਾਣ।

ਭਾਰਤ ਵਿੱਚ ਤੀਆਂ ਅਤੇ ਰੱਖੜੀ ਦੇ ਤਿਉਹਾਰਾਂ ਤੋਂ ਤਿਉਹਾਰੀ ਸੀਜਨ ਦੀ ਸ਼ੁਰੂਆਤ ਮੰਨੀ ਜਾਂਦੀ ਹੈ, ਜੋ ਕਿ ਲੋਹੜੀ ਦੇ ਤਿਉਹਾਰ ਤੱਕ ਚੱਲਦਾ ਹੈ। ਇਸ ਤਿਉਹਾਰੀ ਸੀਜਨ ਨੂੰ ਤਿਉਹਾਰੀ ਰੁੱਤ ਜਾਂ ਤਿਉਹਾਰਾਂ ਦੀ ਰੁੱਤ ਵੀ ਕਹਿੰਦੇ ਹਨ। ਭਾਰਤ ਦੇ ਮੁੱਖ ਤਿਉਹਾਰ ਇਸ ਰੁੱਤ ਦੌਰਾਨ ਹੀ ਆਉਂਦੇ ਹਨ। ਇਸ ਤਿਉਹਾਰੀ ਸੀਜਨ ਵਿੱਚ ਦੁਕਾਨਦਾਰਾਂ ਅਤੇ ਵਪਾਰੀਆਂ ਵੱਲੋਂ ਸਾਲ ਭਰ ਦੀ ਕਮਾਈ ਕੀਤੀ ਜਾਂਦੀ ਹੈ। ਇਸ ਤਿਉਹਾਰੀ ਸੀਜਨ ਦੌਰਾਨ ਲੋਕ ਰੱਜ ਕੇ ਖਰੀਦਦਾਰੀ ਕਰਦੇ ਹਨ ਅਤੇ ਤਿਉਹਾਰਾਂ ਦਾ ਆਨੰਦ ਮਾਣਦੇ ਹਨ। ਤਿਉਹਾਰੀ ਰੁੱਤ ਦੀ ਸ਼ੁਰੂਆਤ ਵੇਲੇ ਭਾਵ ਅੱਜ ਕੱਲ੍ਹ ਦੇ ਦਿਨਾਂ ਦੌਰਾਨ ਪੰਜਾਬ ਵਿੱਚ ਮੌਸਮ ਬਹੁਤ ਸੋਹਾਵਣਾ ਹੁੰਦਾ ਹੈ, ਭਾਵੇਂ ਕਿ ਦੁਪਹਿਰ ਵੇਲੇ ਗਰਮੀ ਵੀ ਹੁੰਦੀ ਹੈ ਪਰ ਸਵੇਰੇ ਅਤੇ ਸ਼ਾਮ ਰੁਮਕਦੀ ਠੰਡੀ ਹਵਾ ਸਭ ਦਾ ਮਨ ਮੋਹ ਲੈਂਦੀ ਹੈ। ਇਸੇ ਕਰਕੇ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਇਸ ਰੁੱਤ ਦਾ ਆਨੰਦ ਮਾਨਣ ਪੰਜਾਬ ਆ ਜਾਂਦੇ ਹਨ। ਇਸ ਰੁੱਤ ਵਿੱਚ ਰਾਤਾਂ ਲੰਬੀਆਂ ਅਤੇ ਠੰਡੀਆਂ ਹੋ ਜਾਂਦੀਆਂ ਹਨ। ਹੌਲੀ ਹੌਲੀ ਗਰਮੀ ਦਾ ਮੌਸਮ ਖਤਮ ਹੋ ਜਾਂਦਾ ਹੈ ਅਤੇ ਹਲਕੀ ਤੇ ਗੁਲਾਬੀ ਠੰਡ ਆ ਜਾਂਦੀ ਹੈ ਤੇ ਦਿਵਾਲੀ ਦੇ ਤਿਉਹਾਰ ਤੱਕ ਪੂਰੀ ਠੰਡ ਆ ਜਾਂਦੀ ਹੈ।







ਦੁਨੀਆਂ ਦੇ ਵੱਖ- ਵੱਖ ਮੁਲਕਾਂ ਵਿੱਚ ਵਸੇ ਹੋਏ ਪਰਵਾਸੀ ਪੰਜਾਬੀਆਂ ਵਿਚੋਂ ਵੱਡੀ ਗਿਣਤੀ ਪਰਵਾਸੀ ਪੰਜਾਬੀਆਂ ਨੇ ਪੰਜਾਬ ਵਿਚਲੇ ਆਪਣੇ ਜੱਦੀ ਘਰਾਂ ਨੂੰ ਢਾਹ ਕੇ ਜਾਂ ਜੱਦੀ ਘਰਾਂ ਦੇ ਨਾਲ ਹੀ ਵਿਦੇਸ਼ੀ ਡਿਜਾਇਨਾਂ ਵਾਲੇ ਮਹੱਲਾਂ ਵਰਗੇ ਘਰ ਅਤੇ ਆਲੀਸ਼ਾਨ ਕੋਠੀਆਂ ਬਣਾਏ ਹੋਏ ਹਨ। ਇਹ ਆਲੀਸ਼ਾਨ ਕੋਠੀਆਂ ਜਿਥੇ ਐਨ.ਆਰ.ਆਈ. ਪੰਜਾਬੀਆਂ ਦੀ ਖੁਸ਼ਹਾਲੀ ਦਾ ਪ੍ਰਗਟਾਵਾ ਕਰਦੀਆਂ ਹਨ ਉਥੇ ਹੀ ਪੰਜਾਬ ਦੇ ਪਿੰਡਾਂ ਦੀ ਦਿੱਖ ਨੂੰ ਸੁੰਦਰ ਵੀ ਬਨਾਉਂਦੀਆਂ ਹਨ। ਇਹਨਾਂ ਆਲੀਸਾਨ ਘਰਾਂ ਵਿੱਚ ਕਿਸੇ ਨੇ ਛੱਤ ਉੱਪਰ ਹਵਾਈ ਜਹਾਜ਼ ਬਣਾਇਆ ਹੋਇਆ ਹੈ, ਕਿਸੇ ਨੇ ਟੈਂਕ, ਕਿਸੇ ਨੇ ਫੁੱਟਬਾਲ , ਕਿਸੇ ਨੇ ਘੋੜਾ, ਬਲਦ, ਭੱਤਾ ਲੈ ਕੇ ਜਾਂਦੀ ਮੁਟਿਆਰ, ਕਿਸੇ ਨੇ ਚਾਹ ਦਾ ਕੱਪ ਅਤੇ ਕਿਸੇ ਨੇ ਕੁਝ ਹੋਰ ਆਲੀਸ਼ਾਨ ਘਰਾਂ ਦੀਆਂ ਛੱਤਾਂ ਉੱਪਰ ਬਣਾਇਆ ਹੋਇਆ ਹੈ।

ਦੂਜੇ ਪਾਸੇ ਇੱਕ ਕਠੋਰ ਹਕੀਕਤ ਇਹ ਹੈ ਕਿ ਅਨੇਕਾਂ ਸ਼ਗਨ ਮਨਾ ਕੇ ਅਤੇ ਮਨਾਂ ਮੂੰਹੀ ਡਾਲਰ -ਪੌਂਡਾਂ ਤੋਂ ਬਦਲਿਆ ਭਾਰਤੀ ਪੈਸਾ ਖਰਚ ਕੇ ਬਣਾਈਆਂ ਇਹਨਾਂ ਮਹੱਲ ਵਰਗੀਆਂ ਆਲੀਸ਼ਾਨ ਕੋਠੀਆਂ ਵਿਚੋਂ ਵੱਡੀ ਗਿਣਤੀ ਕੋਠੀਆਂ ਵਿੱਚ ਜਿੰਦਗੀ ਹੀ ਨਹੀਂ ਧੜਕਦੀ ਕਿਉਂਕਿ ਇਹਨਾਂ ਮਹੱਲਾਂ ਵਰਗੀਆਂ ਆਲੀਸ਼ਾਨ ਕੋਠੀਆਂ ਦੇ ਅਸਲੀ ਮਾਲਕ ਤਾਂ ਸੱਤ ਸਮੁੰਦਰ ਪਾਰ ਵਿਦੇਸ਼ਾਂ ਵਿੱਚ ਡਾਲਰ ਤੇ ਪੌਂਡ ਕਮਾਉਣ ਵਿੱਚ ਹੀ ਰੁਝੇ ਹੋਏ ਹਨ। ਇਹ ਪਰਵਾਸੀ ਪੰਜਾਬੀ ਕਦੇ ਪੰਜ-ਸੱਤ ਕੁ ਸਾਲਾਂ ਬਾਅਦ ਹੀ ਕਿਸੇ ਧੀ ਪੁੱਤਰ ਦੇ ਵਿਆਹ ਮੌਕੇ ਜਾਂ ਕਿਸੇ ਹੋਰ ਕੰਮ ਆਪਣੇ ਜੱਦੀ ਪਿੰਡ ਗੇੜਾ ਮਾਰਦੇ ਨੇ ਤੇ ਉਸ ਸਮੇਂ ਜ਼ਰੂਰ ਇਹਨਾਂ ਆਲੀਸ਼ਾਨ ਕੋਠੀਆਂ ਵਿੱਚ ਦਿਨ ਰਾਤ ਰੌਣਕਾਂ ਲਗੀਆਂ ਰਹਿੰਦੀਆਂ ਹਨ। ਇਹ ਮਹੱਲਾਂ ਵਰਗੇ ਘਰ ਹਰ ਪਿੰਡ ਦੀ ਸ਼ਾਨ ਬਣੇ ਹੋਏ ਹਨ। ਐਨ.ਆਰ.ਆਈ. ਪੰਜਾਬੀਆਂ ਵਲੋਂ ਚਾਵਾਂ ਮਲਾਰਾਂ ਨਾਲ ਬਣਾਈਆਂ ਇਹਨਾਂ ਆਲੀਸ਼ਾਨ ਕੋਠੀਆਂ ਵਿਚੋਂ ਵੱਡੀ ਗਿਣਤੀ ਕੋਠੀਆਂ ਇਹਨਾਂ ਕੋਠੀਆਂ ਦੇ ਵਾਰਸਾਂ ਦੇ ਸੱਤ ਸਮੁੰਦਰ ਪਾਰ ਜਾ ਕੇ ਵਸੇ ਹੋਣ ਕਾਰਨ ਸੁੰਨੀਆਂ ਪਈਆਂ ਹਨ। ਹੁਣ ਤਿਉਹਾਰੀ ਰੁੱਤ ਸ਼ੁਰੂ ਹੋ ਜਾਣ ਕਾਰਨ ਇਨ੍ਹਾਂ ਜਹਾਜ਼ਾਂ, ਟੈਂਕਾਂ, ਬਲਦਾਂ ਵਾਲੇ ਘਰਾਂ ਨੂੰ ਆਸ ਬਣ ਗਈ ਹੈ ਕਿ ਉਹਨਾਂ ਦੇ ਮਾਲਕ ਸੱਤ ਸਮੁੰਦਰ ਪਾਰ ਤੋਂ ਆਉਣਗੇ ਤੇ ਇਹਨਾਂ ਘਰਾਂ ਵਿੱਚ ਦਿਨ ਰਾਤ ਰੌਣਕਾਂ ਲਗਾਉਣਗੇ ਅਤੇ ਇਹ ਮਹੱਲਾਂ ਵਰਗੇ ਦਿਨ ਰਾਤ ਬਿਜਲਈ ਲੜੀਆਂ ਦੀ ਦੀਪਮਾਲਾ ਨਾਲ ਰੁਸ਼ਨਾਉਂਗੇ। ਇਹਨਾਂ ਘਰਾਂ ਨੂੰ ਆਸ ਬਣ ਗਈ ਹੈ ਕਿ ਇਹਨਾਂ ਦੇ ਐਨ.ਆਰ.ਆਈ. ਮਾਲਕਾਂ ਦੇ ਆਉਣ ਤੋਂ ਬਾਅਦ ਇਹਨਾਂ ਘਰਾਂ ਦੇ ਚੁੱਲਿਆਂ 'ਤੇ ਹੁਣ ਦੁਸਹਿਰਾ, ਦਿਵਾਲੀ ਅਤੇ ਲੋਹੜੀ ਮੌਕੇ ਖੋਆ ਕੱਢਿਆ ਜਾਵੇਗਾ। ਸਿਆਲ ਰੁੱਤੇ ਹੁਣ ਇਹਨਾਂ ਮਹੱਲਾਂ ਵਰਗੇ ਘਰਾਂ ਵਿੱਚ ਗਜਰੇਲਾ ਬਨਾਇਆ ਜਾਵੇਗਾ। ਇਹਨਾਂ ਆਲੀਸ਼ਾਨ ਕੋਠੀਆਂ ਦੀਆਂ ਹਾਰੇ ਵਿੱਚ ਰੱਖੀਆਂ ਕਾੜ੍ਹਨੀਆਂ ਵਿੱਚ ਦੁੱਧ ਗਰਮ ਹੋਵੇਗਾ।

ਤਿਉਹਾਰੀ ਰੁੱਤ ਸ਼ੁਰੂ ਹੋਣ ਕਰਕੇ ਇਹਨਾਂ ਸੁੰਨੇ ਪਏ ਆਲੀਸ਼ਾਨ ਘਰਾਂ ਅਤੇ ਕੋਠੀਆਂ ਨੂੰ ਹੁਣ ਆਸ ਬਣ ਗਈ ਹੈ ਕਿ ਇਹਨਾਂ ਕੋਠੀਆਂ ਦੇ ਮਾਲਕਾਂ ਦੇ ਪੁੱਤਰ ਦਾ ਵਿਆਹ ਇਸ ਤਿਉਹਾਰੀ ਰੁੱਤ ਦੌਰਾਨ ਹੀ ਹੋਵੇਗਾ ਅਤੇ ਵਿਆਹ ਮੌਕੇ ਫੁੱਲਾਂ ਨਾਲ ਸ਼ਿੰਗਾਰੀ ਕਾਰ ਵਿਚੋਂ ਗਹਿਨਿਆਂ ਨਾਲ ਲੱਦੀ, ਸੂਹੇ ਸਾਲੂ ਨਾਲ ਸਿਰ ਕੱਜੀ, ਬਾਹਾਂ ਵਿੱਚ ਸ਼ਗਨਾਂ ਦਾ ਲਾਲ ਚੂੜਾ ਪਾ ਕੇ ਪੈਰੀਂ ਝਾਂਜਰਾ ਛਣਕਾਉਂਦੀ, ਮਹਿੰਦੀ ਵਾਲੇ ਹੱਥਾਂ ਨਾਲ ਲਾਲ ਸੂਹਾ ਲਹਿੰਗਾ ਸੰਭਾਲਦੀ ,ਅੱਖਾਂ ਨਾਲ ਨੀਵੀਂ ਪਾਈ ਵਿਆਹੁਤਾ ਮੁਟਿਆਰ ਪਹਿਲੀ ਵਾਰ ਇਹਨਾਂ ਕੋਠੀਆਂ ਦੇ ਅੰਦਰ ਆਪਣੇ ਮੁੱਢਲੇ ਕਦਮ ਰੱਖੇਗੀ। ਜਿਸ ਨੂੰ ਸ਼ਗਨਾਂ ਨਾਲ ਤੇਲ ਚੋਅ ਕੇ ਉਸ ਨੂੰ ਕੋਠੀ ਅੰਦਰ ਲਿਜਾਇਆ ਜਾਵੇਗਾ ਤੇ ਉਸ ਸਮੇਂ ਸ਼ਗਨਾਂ ਦੇ ਗੀਤ ਗਾਏ ਜਾਣਗੇ। ਹੁਣ ਤਿਉਹਾਰੀ ਰੁੱਤ ਸ਼ੁਰੂ ਹੋਣ ਕਰਕੇ ਐਨ.ਆਰ.ਆਈ. ਪੰਜਾਬੀਆਂ ਦੀਆਂ ਇਹਨਾਂ ਮਹੱਲਾਂ ਵਰਗੀਆਂ ਸੁੰਨੀਆਂ ਪਈਆਂ ਆਲੀਸ਼ਾਨ ਕੋਠੀਆਂ ਨੂੰ ਆਸ ਬਣ ਗਈ ਹੈ ਕਿ ਸ਼ਾਇਦ ਅਸਮਾਨ ਵਿੱਚ ਬੱਦਲਾਂ ਤੇ ਪਰਵਾਸੀ ਪੰਛੀਆਂ ਵਾਂਗ ਉੱਡਕੇ ਤਿਉਹਾਰੀ ਰੁੱਤ ਦਾ ਆਨੰਦ ਮਾਨਣ ਲਈ ਇਹਨਾਂ ਆਲੀਸ਼ਾਨ ਕੋਠੀਆਂ ਦੇ ਸੱਤ ਸਮੁੰਦਰ ਪਾਰ ਰਹਿੰਦੇ ਅਸਲੀ ਵਾਰਸ ਮੁੜ ਆਉਣ ਅਤੇ ਸੁੰਨੇ ਪਏ ਜ਼ਹਾਜ਼ਾਂ - ਟੈਂਕਾਂ ਵਾਲੇ ਆਲੀਸ਼ਾਨ ਘਰਾਂ ਵਿੱਚ ਤਿਉਹਾਰੀ ਰੁੱਤ ਵਿੱਚ ਮੁੜ ਰੌਣਕਾਂ ਲੱਗਣ, ਖੀਰ- ਪੂੜੇ ਬਣਨ, ਇਹਨਾਂ ਘਰਾਂ ਦੇ ਵਿਹੜੇ ਵਿੱਚ ਕੁੜੀਆਂ ਚਿੜੀਆਂ ਪੀਂਘਾਂ ਝੂਟਦੀਆਂ ਹੋਈਆਂ ਗੀਤ ਗਾਉਣ, ਕਿੱਕਲੀ ਪਾਉਣ, ਮੀਂਹ ਦੇ ਛਰਾਟਿਆਂ ਵਾਂਗ ਇਹਨਾਂ ਘਰਾਂ ਦੇ ਹਰ ਪਾਸੇ ਸੱਤ ਸਮੁੰਦਰ ਪਾਰ ਤੋਂ ਆਏ ਅਸਲੀ ਵਾਰਸਾਂ ਦੇ ਹਾਸੇ ਗੂੰਜਣ, ਸੱਜ ਵਿਆਹੀਆਂ ਦੀਆਂ ਵੱਖ- ਵੱਖ ਰੰਗਾਂ ਵਾਲੀਆਂ ਵੰਗਾਂ ਅਤੇ ਘੁੰਗਰੂਆਂ ਵਾਲੀਆਂ ਝਾਂਜਰਾਂ ਛਣਕਣ, ਮੀਂਹ ਵਾਂਗ ਹਰ ਪਾਸੇ ਦੁੱਧ ਘਿਓ ਦੇ ਦਰਿਆ ਵੱਗਣ, ਹਰ ਪਾਸੇ ਲਹਿਰਾਂ- ਬਹਿਰਾਂ ਹੋ ਜਾਣ, ਵੱਡੇ-ਛੋਟੇ ਬੱਚਿਆਂ ਦੀਆਂ ਕਿਲਕਾਰੀਆਂ ਦੇ ਨਾਲ ਹੀ ਸੱਜ ਵਿਆਹੀਆਂ ਜੋੜੀਆਂ ਦੇ ਮਿੰਨੇ ਮਿੰਨੇ ਹਾਸੇ ਚੁਫੇਰੇ ਗੂੰਜਣ।

ਆਉਣ ਵਾਲੇ ਦਿਨਾਂ ਵਿੱਚ ਉਹਨਾਂ ਸੁਹਾਗਣਾਂ ਦੇ ਚਿਹਰਿਆਂ ਉਪਰ ਚੜਦੇ ਸੂਰਜ ਵਾਂਗ ਲਾਲੀ ਛਾਈ ਹੋਵਗੀ, ਜਿਹਨਾਂ ਦੇ ਐਨ.ਆਰ.ਆਈ. ਕੰਤ ਇਸ ਰੁੱਤ ਵਿੱਚ ਉਹਨਾਂ ਕੋਲ ਵਰ੍ਹਿਆਂ ਬਾਅਦ ਆਉਣਗੇ। ਇਸ ਸਮੇਂ ਰਾਤ ਸਮੇਂ ਹੌਂਕੇ ਭਰਦੀਆਂ ਤੇ ਬਿਰਹਾ ਦੀ ਅਗਨੀ ਵਿੱਚ ਜਲਦੀਆਂ, ਇਕੱਲਤਾ ਦਾ ਸੰਤਾਪ ਹੰਢਾ ਰਹੀਆਂ ਉਹਨਾਂ ਵਿਆਹੁਤਾ ਮੁਟਿਆਰਾਂ ਦੇ ਹਾਸੇ ਹੁਣ ਆਉਣ ਵਾਲੇ ਦਿਨਾਂ ਵਿੱਚ ਹਵਾ ਵਿੱਚ ਗੂੰਜਣਗੇ, ਜਦੋਂ ਉਹਨਾਂ ਦੇ ਵਿਦੇਸ਼ ਗਏ ਕੰਤ ਉਹਨਾਂ ਕੋਲ ਹੋਣਗੇ। ਰੱਬ ਕਰੇ! ਇਹ ਰੁੱਤ ਭੈਣਾਂ ਨੂੰ ਵੀਰਾਂ ਨਾਲ, ਸੁਹਾਗਣਾਂ ਨੂੰ ਉਹਨਾਂ ਦੇ ਐਨ.ਆਰ.ਆਈ. ਕੰਤ ਨਾਲ, ਪਰਦੇਸੀ ਪੁੱਤਾਂ ਨੂੰ ਉਡੀਕਦੀਆਂ ਮਾਵਾਂ ਦਾ ਪੁੱਤਾਂ ਨਾਲ , ਪੋਤਿਆਂ ਨੂੰ ਉਡੀਕਦੇ ਬੁੱਢੇ ਬਾਬਿਆਂ ਦਾ ਪੋਤਿਆਂ ਨਾਲ ਤੇ ਸਭ ਵਿਛੜਿਆਂ ਦੇ ਮੇਲ ਕਰਾਵੇ।

## 'ਪੰਜਾਬੀ ਆ ਗਏ ਵੈਂਬਲੀ ਓਏ'

# ਲੰਡਨ ਦੇ ਸਭ ਤੋਂ ਵੱਡੇ ਮੰਚ 'ਤੇ ਦਿਲਜੀਤ ਦੋਸਾਂਝ ਦੀ ਇਤਿਹਾਸਕ ਦਸਤਕ

## ਗਲੋਬਲ ਪੰਜਾਬੀਅਤ ਦੀ ਜਿੱਤ: 90 ਹਜ਼ਾਰ ਦੇ ਇਕੱਠ ਵਿੱਚ ਦਿਲਜੀਤ ਨੇ ਰਚਿਆ ਸੰਗੀਤਕ ਇਤਿਹਾਸ

## ਸੋਸ਼ਲ ਮੀਡੀਆ 'ਤੇ ਨਸਲੀ ਹਮਲੇ: ਕੀ ਦਿਲਜੀਤ ਦੀ ਸਿੱਖ ਪਛਾਣ ਅਤੇ ਕਿਸਾਨੀ ਪੱਖ ਫ਼ਿਰਕਾਪ੍ਰਸਤਾਂ ਨੂੰ ਚੁੱਭਿਆ ?

ਲੰਡਨ ਦੇ ਆਲਮੀ ਪ੍ਰਸਿੱਧੀ ਪ੍ਰਾਪਤ ਵੈਂਬਲੀ ਸਟੇਡੀਅਮ ਦੀ ਵਿਸ਼ਾਲ ਛੱਤ ਹੇਠ ਜਦੋਂ 'ਪੰਜਾਬੀ ਆ ਗਏ ਵੈਂਬਲੀ ਓਏ!' ਦੇ ਬੋਲ ਗੂੰਜੇ, ਤਾਂ ਇਹ ਮਹਿਜ਼ ਇੱਕ ਸੰਗੀਤਕ ਸ਼ੋਅ ਦਾ ਰਵਾਇਤੀ ਐਲਾਨ ਨਹੀਂ ਸੀ, ਸਗੋਂ ਸਮੁੱਚੀ ਦੁਨੀਆ ਦੇ ਨਕਸ਼ੇ ਉੱਤੇ ਪੰਜਾਬੀ ਬੋਲੀ, ਸੱਭਿਆਚਾਰ ਅਤੇ ਸਵੈਮਾਣ ਦੀ ਇੱਕ ਦਲੇਰਾਨਾ ਦਸਤਕ ਸੀ। ਦਿਲਜੀਤ ਦੋਸਾਂਝ ਦਾ ਵੈਂਬਲੀ ਸਟੇਡੀਅਮ ਵਾਲਾ ਇਹ ਇਤਿਹਾਸਕ ਸ਼ੋਅ ਬੀਤੇ ਸ਼ਨੀਵਾਰ, 12 ਸਤੰਬਰ 2026 ਦੀ ਰਾਤ ਨੂੰ ਹੋਇਆ।

ਇਹ ਯੂ.ਕੇ. ਦਾ ਸਭ ਤੋਂ ਵੱਡਾ ਅਤੇ ਯੂਰੋਪ ਦਾ ਦੂਜਾ ਸਭ ਤੋਂ ਵੱਡਾ ਫੁੱਟਬਾਲ ਸਟੇਡੀਅਮ ਹੈ, ਜਿਸ ਵਿੱਚ 90,000 ਦਰਸ਼ਕਾਂ ਦੇ ਬੈਠਣ ਦੀ ਸਮਰੱਥਾ ਹੈ। ਇੱਥੇ ਇੰਗਲੈਂਡ ਦੀ ਰਾਸ਼ਟਰੀ ਫੁੱਟਬਾਲ ਟੀਮ ਦੇ ਮੈਚ, ਐੱਫ.ਏ. ਕੱਪ ਦੇ ਫਾਈਨਲ ਅਤੇ ਦੁਨੀਆ ਦੇ ਸਭ ਤੋਂ ਵੱਡੇ ਸੰਗੀਤ ਮੇਲੇ ਹੁੰਦੇ ਹਨ।

ਵੈਂਬਲੀ ਸਟੇਡੀਅਮ ਉਹ ਮੁਕਾਮ ਹੈ ਜਿੱਥੇ ਸੰਗੀਤ ਜਗਤ ਦੇ ਬੇਤਾਜ ਬਾਦਸ਼ਾਹ ਮਾਈਕਲ ਜੈਕਸਨ, ਮੈਡੋਨਾ, ਟੇਲਰ ਸਵਿਫ਼ਟ ਅਤੇ ਕੋਲਡਪਲੇ ਵਰਗੇ ਨਾਮ ਆਪਣਾ ਜਾਦੂ ਬਿਖੇਰਦੇ ਰਹੇ ਹਨ। ਅਜਿਹੇ ਮੰਚ ਉੱਤੇ ਕਿਸੇ ਪੰਜਾਬੀ ਫਨਕਾਰ ਦਾ ਮੁੱਖ ਕਲਾਕਾਰ ਵਜੋਂ ਪੇਸ਼ ਹੋਣਾ ਅਤੇ 90,000 ਦੀ ਸਮਰੱਥਾ ਵਾਲੇ ਸਟੇਡੀਅਮ ਨੂੰ ਕੀਲ ਕੇ ਰੱਖ ਦੇਣਾ ਆਧੁਨਿਕ ਸੱਭਿਆਚਾਰਕ ਇਤਿਹਾਸ ਦਾ ਅਹਿਮ ਮੋੜ ਹੈ।

ਦਿਲਜੀਤ ਦੋਸਾਂਝ ਦਾ ਇਹ ਕਦਮ ਦਰਸਾਉਂਦਾ ਹੈ ਕਿ ਖੇਤਰੀ ਅਤੇ ਗ਼ੈਰ-ਅੰਗਰੇਜ਼ੀ ਸੰਗੀਤ ਹੁਣ ਸਿਰਫ਼ ਸਥਾਨਕ ਸਰੋਤਿਆਂ ਤੱਕ ਸੀਮਤ ਨਹੀਂ ਰਿਹਾ। ਦੋ ਦਹਾਕੇ ਪਹਿਲਾਂ ਪੰਜਾਬ ਦੇ ਇੱਕ ਨਿੱਕੇ ਜਿਹੇ ਪਿੰਡ ਦੋਸਾਂਝ ਕਲਾਂ ਤੋਂ ਸ਼ੁਰੂ ਹੋਇਆ ਇਹ ਸਫ਼ਰ ਗੁਰਦੁਆਰੇ ਦੇ ਕੀਰਤਨ ਅਤੇ ਅਖਾੜਿਆਂ ਵਿੱਚੋਂ ਹੁੰਦਾ ਹੋਇਆ ਜਦੋਂ ਦੁਨੀਆ ਦੇ ਸਭ ਤੋਂ ਵੱਡੇ ਮੰਚਾਂ 'ਤੇ ਪਹੁੰਚਦਾ ਹੈ, ਤਾਂ ਇਹ ਸਿਰਫ਼ ਇੱਕ ਗਾਇਕ ਦੀ ਨਿੱਜੀ ਕਾਮਯਾਬੀ ਨਹੀਂ ਰਹਿੰਦੀ, ਸਗੋਂ ਇਹ ਹਰ ਉਸ ਪੰਜਾਬੀ ਦੀ ਸਮੂਹਿਕ ਜਿੱਤ ਬਣ ਜਾਂਦੀ ਹੈ ਜੋ ਕਿਸੇ ਸਮੇਂ ਸੰਸਾਰ ਦੇ ਵਿਹੜੇ ਵਿੱਚ ਆਪਣੀ ਪਛਾਣ ਲਈ ਜੂਝ ਰਿਹਾ ਸੀ।

### ਪੱਛਮੀ ਸੰਸਾਰ ਵਿੱਚ ਦਿਲਜੀਤ ਦੀ ਅਥਾਹ ਖਿੱਚ ਕਿਉਂ ?

ਦਿਲਜੀਤ ਦੀ ਆਲਮੀ ਕਾਮਯਾਬੀ ਦਾ ਸਭ ਤੋਂ ਵੱਡਾ ਰਹੱਸ ਉਨ੍ਹਾਂ ਦੀ 'ਮੌਲਿਕਤਾ' ਅਤੇ ਆਪਣੀਆਂ ਜੜ੍ਹਾਂ ਪ੍ਰਤੀ ਅਟੁੱਟ ਵਫ਼ਾਦਾਰੀ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿੱਚ ਆਮ ਤੌਰ 'ਤੇ ਇਹ ਮੰਨਿਆ ਜਾਂਦਾ ਸੀ ਕਿ ਪੱਛਮੀ ਸਰੋਤਿਆਂ ਤੱਕ ਪਹੁੰਚਣ ਲਈ ਅੰਗਰੇਜ਼ੀ ਬੋਲਣਾ, ਪੱਛਮੀ ਲਹਿਜ਼ਾ ਅਪਣਾਉਣਾ ਜਾਂ ਆਪਣੇ ਪਹਿਰਾਵੇ ਨੂੰ ਪੂਰੀ ਤਰ੍ਹਾਂ ਬਦਲ ਲੈਣਾ ਜ਼ਰੂਰੀ ਹੈ। ਪਰ ਦਿਲਜੀਤ ਨੇ ਇਸ ਗੁਲਾਮਾਨਾ ਮਾਨਸਿਕਤਾ ਨੂੰ ਮੁੱਢੋਂ ਰੱਦ ਕਰ ਦਿੱਤਾ। ਅਮਰੀਕਾ ਦੇ ਪ੍ਰਸਿੱਧ ਕੋਚੇਲਾ ਫੈਸਟੀਵਲ ਤੋਂ ਲੈ ਕੇ ਜਿਮੀ ਫੈਲਨ ਦੇ 'ਦਿ ਟੂਨਾਈਟ ਸ਼ੋਅ' ਅਤੇ ਹੁਣ ਵੈਂਬਲੀ ਤੱਕ, ਉਹ ਪੂਰੀ ਸ਼ਾਨ ਨਾਲ ਦਸਤਾਰ, ਕੁੜਤੇ-ਚਾਦਰੇ ਅਤੇ ਪੰਜਾਬੀ ਬੋਲੀ ਨਾਲ ਹਾਜ਼ਰ ਹੋਏ।




ਪੱਛਮੀ ਸਰੋਤੇ ਅਤੇ ਐੱਡ ਸ਼ੀਰਨ, ਸੀਆ ਵਰਗੇ ਸੰਗੀਤ ਦੇ ਵੱਡੇ ਦਿੱਗਜ ਉਨ੍ਹਾਂ ਵੱਲ ਇਸ ਲਈ ਆਕਰਸ਼ਿਤ ਨਹੀਂ ਹੋ ਰਹੇ ਕਿ ਦਿਲਜੀਤ ਉਨ੍ਹਾਂ ਵਰਗਾ ਬਣਨ ਦੀ ਕੋਸ਼ਿਸ਼ ਕਰਦੇ ਹਨ, ਸਗੋਂ ਇਸ ਲਈ ਕਿਉਂਕਿ ਉਹ ਉਹ ਹਨ ਜੋ ਅਸਲ ਵਿੱਚ ਹਨ। ਪੱਛਮੀ ਦਰਸ਼ਕਾਂ ਲਈ ਇਹ ਸੰਗੀਤ ਇੱਕ ਰਹੱਸ, ਨਵੀਨਤਾ ਅਤੇ ਅਸੀਮ ਊਰਜਾ ਦਾ ਸੁਮੇਲ ਹੈ। ਦੇਸੀ ਢੋਲ ਦੀ ਧਮਕ, ਭੰਗੜੇ ਦਾ ਅਦੁੱਤੀ ਜਜ਼ਬਾ ਅਤੇ ਆਧੁਨਿਕ ਹਿੱਪ-ਹੌਪ ਦਾ ਤਾਲਮੇਲ ਭਾਸ਼ਾਈ ਸਰਹੱਦਾਂ ਨੂੰ ਤੋੜ ਕੇ ਸਿੱਧਾ ਦਿਲਾਂ 'ਤੇ ਅਸਰ ਕਰਦਾ ਹੈ। ਜਦੋਂ ਸੰਗੀਤ ਰੂਹ ਵਿੱਚੋਂ ਨਿਕਲਦਾ ਹੈ, ਤਾਂ ਬੋਲ ਸਮਝੇ ਬਿਨਾਂ ਵੀ ਸਰੀਰ ਝੂਮਣ ਲੱਗ ਪੈਂਦਾ ਹੈ— ਦਿਲਜੀਤ ਇਸ ਅਲੌਕਿਕ ਭਾਸ਼ਾਈ ਖਿੱਚ ਦਾ ਜਿਊਂਦਾ-ਜਾਗਦਾ ਸਬੂਤ ਹਨ।

### ਪ੍ਰਵਾਸੀ ਨੌਜਵਾਨਾਂ ਦੀ ਪਛਾਣ ਦਾ ਸੰਕਟ ਅਤੇ ਨਵੀਂ ਸੱਭਿਆਚਾਰਕ ਰੂਹ

ਵਿਦੇਸ਼ਾਂ ਵਿੱਚ ਵੱਸਦੀ ਨਵੀਂ ਪੀੜ੍ਹੀ ਲਈ ਦਿਲਜੀਤ ਦੋਸਾਂਝ ਮਹਿਜ਼ ਇੱਕ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਗੁਆਚ ਰਹੀ ਪਛਾਣ ਦਾ ਇੱਕ ਮਜ਼ਬੂਤ ਆਸਰਾ ਬਣ ਚੁੱਕੇ ਹਨ। ਬ੍ਰਿਟੇਨ, ਕੈਨੇਡਾ, ਅਮਰੀਕਾ ਜਾਂ ਆਸਟ੍ਰੇਲੀਆ ਵਿੱਚ ਜੰਮੇ-ਪਲੇ ਬੱਚੇ ਅਕਸਰ ਦੋਹਰੀ ਪਛਾਣ ਦੇ ਸੰਕਟ ਵਿੱਚੋਂ ਲੰਘਦੇ ਹਨ। ਸਕੂਲਾਂ ਅਤੇ ਕਾਲਜਾਂ ਵਿੱਚ ਗੋਰਿਆਂ ਦੇ ਸੱਭਿਆਚਾਰ ਵਿੱਚ ਘੁਲਣ-ਮਿਲਣ ਦੀ ਦੌੜ ਦੌਰਾਨ ਕਈ ਵਾਰ ਉਹ ਆਪਣੀ ਮਾਂ-ਬੋਲੀ, ਦਸਤਾਰ ਜਾਂ ਪੰਜਾਬੀ ਰਹਿਣ-ਸਹਿਣ ਨੂੰ ਲੈ ਕੇ ਹੀਣ-ਭਾਵਨਾ ਦਾ ਸ਼ਿਕਾਰ ਹੋ ਜਾਂਦੇ ਸਨ।

ਦਿਲਜੀਤ ਨੇ ਇਸ ਪੂਰੇ ਸਮੀਕਰਨ ਨੂੰ ਬਦਲ ਕੇ ਰੱਖ ਦਿੱਤਾ ਹੈ। ਜਦੋਂ ਉਹ ਵੈਂਬਲੀ ਵਰਗੇ ਮੰਚ 'ਤੇ ਮਾਣ ਨਾਲ ਪੱਗ ਬੰਨ੍ਹ ਕੇ ਨੱਚਦੇ ਹਨ ਅਤੇ ਆਪਣੀ ਮਾਂ-ਬੋਲੀ ਵਿੱਚ ਸੰਵਾਦ ਰਚਾਉਂਦੇਹਨ, ਤਾਂ ਇਹ ਵਿਦੇਸ਼ੀ ਨੌਜਵਾਨਾਂ ਨੂੰ ਇਹ ਅਹਿਸਾਸ ਕਰਵਾਉਂਦਾਹੈ ਕਿ ਉਨ੍ਹਾਂ ਦਾ ਆਪਣਾ ਵਿਰਸਾ ਕਿਸੇ ਨਾਲੋਂ ਘੱਟ ਨਹੀਂ ਹੈ। ਵੈਂਬਲੀ ਵਿੱਚ ਪਰਿਵਾਰਾਂ ਸਮੇਤ ਸ਼ਾਮਲ ਹੋਏ ਹਜ਼ਾਰਾਂ ਦਰਸ਼ਕਾਂ ਲਈ ਇਹ ਕੰਸਰਟ ਬੇਗਾਨੀ ਧਰਤੀ ਉੱਤੇ 'ਘਰ ਵਰਗਾ ਮਾਹੌਲ' ਮਹਿਸੂਸ ਕਰਨ ਦਾ ਪਲ ਸੀ। ਇਸ ਨੇ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੁੜਨ ਅਤੇ ਫ਼ਖ਼ਰ ਨਾਲ ਇਹ ਕਹਿਣ ਦੀ ਹਿੰਮਤ ਦਿੱਤੀ ਹੈ ਕਿ 'ਅਸੀਂ ਵੀ ਇਸ ਵੱਡੇ ਮੰਚ ਦੇ ਹੱਕਦਾਰ ਹਾਂ।'

### ਭਾਰਤੀ ਸੋਸ਼ਲ ਮੀਡੀਆ 'ਤੇ ਫਿਰਕਾਪ੍ਰਸਤਾਂ ਦੀ ਬੁਖਲਾਹਟ ਦਾ ਸੱਚ

ਹੈਰਾਨੀ ਅਤੇ ਚਿੰਤਾ ਦੀ ਗੱਲ ਇਹ ਹੈ ਕਿ ਜਿੱਥੇ ਸੰਸਾਰ ਪੱਧਰ 'ਤੇ ਇੱਕ ਪੰਜਾਬੀ ਅਤੇ ਭਾਰਤੀ ਕਲਾਕਾਰ ਦਾ ਮਾਣ ਵਧ ਰਿਹਾ ਹੈ, ਉੱਥੇ ਭਾਰਤੀ ਸੋਸ਼ਲ ਮੀਡੀਆ ਦੇ ਇੱਕ ਖ਼ਾਸ ਕੱਟੜਪੰਥੀ ਤਬਕੇ ਵੱਲੋਂ ਦਿਲਜੀਤ ਖ਼ਿਲਾਫ਼ ਨਫ਼ਰਤੀ ਪ੍ਰਚਾਰ, ਟਰੋਲਿੰਗ ਅਤੇ ਨਸਲਵਾਦੀ ਟਿੱਪਣੀਆਂ ਦਾ ਘਟੀਆ ਸਿਲਸਿਲਾ ਲਗਾਤਾਰ ਚਲਾਇਆ ਜਾ ਰਿਹਾ ਹੈ। ਇੱਕ ਵਿਸ਼ਵ ਪੱਧਰੀ ਪ੍ਰਾਪਤੀ ਦਾ ਜਸ਼ਨ ਮਨਾਉਣ ਦੀ ਥਾਂ ਉਸ ਉੱਤੇ ਸੌੜੇ ਇਲਜ਼ਾਮ ਲਗਾਉਣਾ ਸਾਡੇ ਸਮਾਜ ਦੇ ਡੂੰਘੇ ਹੋ ਰਹੇ ਫਿਰਕੂ ਵਿਗਾੜ ਦੀ ਨਿਸ਼ਾਨਦੇਹੀ ਕਰਦਾ ਹੈ।

ਇਸ ਨਫ਼ਰਤ ਅਤੇ ਬੁਖਲਾਹਟ ਪਿੱਛੇ ਮੁੱਖ ਕਾਰਨ ਦਿਲਜੀਤ ਦੀ ਉਹ ਸਿਧਾਂਤਕ ਖ਼ੁਦਮੁਖ਼ਤਾਰੀ ਹੈ ਜੋ ਬਹੁ-ਗਿਣਤੀਵਾਦੀ ਰਾਸ਼ਟਰਵਾਦ ਦੇ ਤੰਗ ਦਾਇਰੇ ਵਿੱਚ ਫਿੱਟ ਨਹੀਂ ਬੈਠਦੀ। ਭਾਰਤ ਦਾ ਮੌਜੂਦਾ ਕੱਟੜਪੰਥੀ ਢਾਂਚਾ ਹਰ ਘੱਟ-ਗਿਣਤੀ ਭਾਈਚਾਰੇ ਤੋਂ ਅਜਿਹੀ ਅੰਨ੍ਹੀ ਵਫ਼ਾਦਾਰੀ ਦੀ ਮੰਗ ਕਰਦਾ ਹੈ ਜੋ ਉਨ੍ਹਾਂ ਦੇ ਸੱਤਾਧਾਰੀ ਬਿਰਤਾਂਤ ਅੱਗੇ ਸਿਰ ਝੁਕਾਵੇ। ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਦਿਲਜੀਤ ਨੇ ਦਿੱਲੀ ਦੀਆਂ ਸਰਹੱਦਾਂ 'ਤੇ ਬੈਠੇ ਕਿਸਾਨਾਂ ਦੇ ਹੱਕ ਵਿੱਚ ਬੇਬਾਕ ਹੋ ਕੇ ਆਵਾਜ਼ ਬੁਲੰਦ ਕੀਤੀ ਸੀ। ਉਸ ਸਮੇਂ ਸਰਕਾਰ ਪੱਖੀ ਟਰੋਲ ਆਰਮੀ ਅਤੇ ਫਿਰਕਾਪ੍ਰਸਤ ਬੌਧਿਕਤਾ ਸਾਹਮਣੇ ਨਾ ਝੁਕਣ ਦੀ ਉਨ੍ਹਾਂ ਦੀ ਦਲੇਰੀ ਅੱਜ ਵੀ ਨਫ਼ਰਤੀ ਲਾਬੀ ਦੀਆਂ ਅੱਖਾਂ ਵਿੱਚ ਰੜਕਦੀ ਹੈ। ਇਸ ਨਸਲਵਾਦੀ ਹਮਲੇ ਦਾ ਇੱਕ ਹੋਰ ਡੂੰਘਾ ਪਹਿਲੂ ਸਿੱਖ ਪਛਾਣ ਦਾ ਆਲਮੀ ਪੱਧਰ 'ਤੇ ਸ਼ਾਨਦਾਰ ਉਭਾਰ ਹੈ। ਦਸਤਾਰਧਾਰੀ, ਦਾੜ੍ਹੀ ਵਾਲੇ ਇੱਕ ਗੱਭਰੂ ਦਾ ਪੂਰੀ ਦੁਨੀਆ ਦੇ ਪ੍ਰਮੁੱਖ ਮੰਚਾਂ 'ਤੇ ਬਰਾਬਰੀ ਦੇ ਦਰਜੇ ਨਾਲ ਵਿਚਰਨਾ ਉਸ ਮਾਨਸਿਕਤਾ ਨੂੰ ਹਜ਼ਮ ਨਹੀਂ ਹੁੰਦਾ ਜੋ ਘੱਟ-ਗਿਣਤੀਆਂ ਨੂੰ ਹਮੇਸ਼ਾ ਹਾਸ਼ੀਏ @ਤੇ ਜਾਂ ਦੂਜੇ ਦਰਜੇ ਦੇ ਨਾਗਰਿਕਾਂ ਵਜੋਂ ਦੇਖਣ ਦੀ ਆਦੀ ਹੋ ਚੁੱਕੀ ਹੈ। ਕੱਟੜਪੰਥੀ ਧਿਰਾਂ ਲਈ ਇਹ ਬਰਦਾਸ਼ਤ ਕਰਨਾ ਔਖਾ ਹੋ ਜਾਂਦਾ ਹੈ ਕਿ ਇੱਕ ਅਜਿਹਾ ਸ਼ਖ਼ਸ ਜਿਸ ਨੂੰ ਉਹ ਸੋਸ਼ਲ ਮੀਡੀਆ 'ਤੇ ਬਦਨਾਮ ਕਰਨ ਦੇ ਲਗਾਤਾਰ ਯਤਨ ਕਰਦੇ ਹਨ, ਉਹੀ ਵਿਅਕਤੀ ਅੰਤਰਰਾਸ਼ਟਰੀ ਪੱਧਰ 'ਤੇ ਸਮੁੱਚੇ ਉਪ-ਮਹਾਂਦੀਪ ਦਾ ਸਭ ਤੋਂ ਵੱਡਾ ਅਤੇ ਸਤਿਕਾਰਤ ਸੱਭਿਆਚਾਰਕ ਚਿਹਰਾ ਬਣ ਕੇ ਉੱਭਰ ਰਿਹਾ ਹੈ।

ਇਸ ਤੋਂ ਇਲਾਵਾ, ਦਿਲਜੀਤ ਦੀ ਕਲਾ ਦਾ ਸੁਭਾਅ ਪੂਰੀ ਤਰ੍ਹਾਂ ਸਮਾਵੇਸ਼ੀ, ਧਰਮ-ਨਿਰਪੱਖ ਅਤੇ ਮਨੁੱਖੀ ਮੁਹੱਬਤ ਨਾਲ ਓਤ-ਪੋਤ ਹੈ। ਉਨ੍ਹਾਂ ਦੇ ਕੰਸਰਟਾਂ ਵਿੱਚ ਹਿੰਦੂ, ਮੁਸਲਿਮ, ਸਿੱਖ, ਗੋਰੇ, ਕਾਲੇ ਸਭ ਬਰਾਬਰ ਬੈਠ ਕੇ ਨੱਚਦੇ ਹਨ। ਉਹ ਆਪਣੇ ਮੰਚਾਂ ਤੋਂ ਕਿਸੇ ਧਰਮ ਜਾਂ ਨਫ਼ਰਤ ਦੀ ਗੱਲ ਨਹੀਂ ਕਰਦੇ, ਸਗੋਂ 'ਰੱਬ ਸਭ ਦਾ ਸਾਂਝਾ ਹੈ' ਅਤੇ ਮਾਨਵਤਾ ਦੇ ਸਤਿਕਾਰ ਦਾ ਸੁਨੇਹਾ ਦਿੰਦੇ ਹਨ। ਨਫ਼ਰਤ ਅਤੇ ਵੰਡੀਆਂ ਦੇ ਸਹਾਰੇ ਚੱਲਣ ਵਾਲੀ ਫਿਰਕੂ ਸਿਆਸਤ ਲਈ ਅਜਿਹਾ ਪਿਆਰ ਅਤੇ ਏਕਤਾ ਸਭ ਤੋਂ ਵੱਡਾ ਖ਼ਤਰਾ ਜਾਪਦੀ ਹੈ, ਜਿਸ ਕਾਰਨ ਉਹ ਸੋਸ਼ਲ ਮੀਡੀਆ 'ਤੇ ਆਪਣੀ ਜ਼ਹਿਰ ਉਗਲਣ ਲਈ ਮਜਬੂਰ ਹੁੰਦੇ ਹਨ।

### ਕਲਾ ਦੀ ਜਿੱਤ: ਸੀਮਾਵਾਂ ਤੋਂ ਪਾਰ ਗੂੰਜਦਾ ਪੰਜਾਬੀ ਕਾਫ਼ਲਾ

ਦਿਲਜੀਤ ਦੋਸਾਂਝ ਦਾ ਸਫ਼ਰ ਅਤੇ ਵੈਂਬਲੀ ਦੀ ਇਤਿਹਾਸਕ ਸ਼ਾਮ ਇਹ ਗਵਾਹੀ ਭਰਦੀ ਹੈ ਕਿ ਸੱਚੀ ਮਿਹਨਤ, ਨਿਮਰਤਾ ਅਤੇ ਆਪਣੀ ਮਿੱਟੀ ਨਾਲ ਵਫ਼ਾਦਾਰੀ ਕਿਸੇ ਵੀ ਨਫ਼ਰਤੀ ਪ੍ਰਚਾਰ ਨਾਲੋਂ ਕਿਤੇ ਵੱਡੀ ਤਾਕਤ ਰੱਖਦੀ ਹੈ। ਸੋਸ਼ਲ ਮੀਡੀਆ 'ਤੇ ਬੈਠੇ ਕੁਝ ਬੇਨਾਮ ਟਰੋਲ ਜਾਂ ਸੌੜੀ ਸੋਚ ਵਾਲੇ ਅਨਸਰ ਉਸ ਲਹਿਰ ਨੂੰ ਠੱਲ੍ਹ ਨਹੀਂ ਪਾ ਸਕਦੇ, ਜਿਸ ਨੇ ਸਮੁੰਦਰੋਂ ਪਾਰ ਲੱਖਾਂ ਲੋਕਾਂ ਦੇ ਦਿਲਾਂ ਵਿੱਚ ਆਪਣੀ ਥਾਂ ਬਣਾ ਲਈ ਹੈ। ਦਿਲਜੀਤ ਦਾ ਆਪਣੀ ਸਫ਼ਲਤਾ ਦੇ ਸਿਖ਼ਰ 'ਤੇ ਵੀ ਸਰੋਤਿਆਂ ਨੂੰ 'ਭਾਅ ਜੀ' ਕਹਿਣਾ ਅਤੇ ਸਟੇਜ 'ਤੇ ਬਜ਼ੁਰਗਾਂ ਤੇ ਬੱਚਿਆਂ ਨੂੰ ਸਤਿਕਾਰ ਦੇਣਾ ਉਨ੍ਹਾਂ ਦੇ ਕਿਰਦਾਰ ਦੀ ਉਹ ਨਿਰਮਲਤਾ ਹੈ ਜੋ ਨਫ਼ਰਤ ਨੂੰ ਚੁੱਪ ਕਰਵਾ ਦਿੰਦੀ ਹੈ। ਵੈਂਬਲੀ ਦੀਆਂ ਕੰਧਾਂ 'ਤੇ ਉੱਕਰੀ ਗਈ ਇਹ ਇਤਿਹਾਸਕ ਗਵਾਹੀ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਚਾਨਣ-ਮੁਨਾਰਾ ਬਣੇਗੀ। ਇਹ ਸਪੱਸ਼ਟ ਸੰਦੇਸ਼ ਹੈ ਕਿ ਆਪਣੀ ਬੋਲੀ, ਆਪਣੀ ਪੱਗ ਅਤੇ ਆਪਣੀ ਜ਼ਮੀਰ ਦਾ ਸੌਦਾ ਕੀਤੇ ਬਗ਼ੈਰ ਵੀ ਦੁਨੀਆ ਜਿੱਤੀ ਜਾ ਸਕਦੀ ਹੈ।

# ਕੈਨੇਡਾ ਵਿੱਚ ਪੰਜਾਬੀ ਪੱਤਰਕਾਰੀ ਦਾ ਮਾਣ: ਸਰਬਰਾਜ ਸਿੰਘ ਕਾਹਲੋਂ 'ਵੈਬਸਟਰ ਐਵਾਰਡ' ਲਈ ਨਾਮਜ਼ਦ

ਡਾ. ਗੁਰਵਿੰਦਰ ਸਿੰਘ ਧਾਲੀਵਾਲ

## ਜਦੋਂ ਇੱਕ ਖ਼ਬਰ ਨੇ ਵੈਨਕੂਵਰ ਸਿਟੀ ਦੀ ਨੀਤੀ ਬਦਲਣ ਲਈ ਮਜਬੂਰ ਕੀਤਾ

ਵੈਨਕੂਵਰ (ਕੈਨੇਡਾ)/ ਏ.ਟੀ.ਨਿਊਜ਼: ਕੈਨੇਡਾ ਵਿੱਚ ਪੰਜਾਬੀ ਭਾਈਚਾਰੇ ਅਤੇ ਬਹੁ-ਭਾਸ਼ਾਈ ਮੀਡੀਆ ਲਈ ਉਸ ਵੇਲੇ ਬੇਹੱਦ ਮਾਣ ਵਾਲਾ ਪਲ ਸਾਹਮਣੇ ਆਇਆ ਜਦੋਂ 'ਓਮਨੀ ਨਿਊਜ਼' ਦੇ ਸੀਨੀਅਰ ਪੱਤਰਕਾਰ ਅਤੇ 'ਪੰਜਾਬੀ ਪ੍ਰੈੱਸ ਕਲੱਬ ਆਫ਼ ਬੀ.ਸੀ.' ਦੇ ਪ੍ਰਧਾਨ ਸਰਬਰਾਜ ਸਿੰਘ ਕਾਹਲੋਂ ਨੂੰ ਸੂਬੇ ਦੇ ਸਭ ਤੋਂ ਵੱਕਾਰੀ ਪੱਤਰਕਾਰੀ ਸਨਮਾਨ 'ਵੈਬਸਟਰ ਐਵਾਰਡ' ਲਈ ਨਾਮਜ਼ਦ ਕੀਤਾ ਗਿਆ। ਮਲਟੀ-ਕਲਚਰਲ ਜਰਨਲਿਜ਼ਮ ਸ਼੍ਰੇਣੀ ਵਿੱਚ ਚੁਣੀ ਗਈ ਇਹ ਰਿਪੋਰਟ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਖੋਜੀ ਅਤੇ ਲੋਕ-ਪੱਖੀ ਪੱਤਰਕਾਰੀ ਕਿਵੇਂ ਸਰਕਾਰੀ ਨੀਤੀਆਂ ਵਿੱਚ ਵੱਡਾ ਪ੍ਰਸ਼ਾਸਨਿਕ ਸੁਧਾਰ ਲਿਆਉਣ ਦੀ ਤਾਕਤ ਰੱਖਦੀ ਹੈ।

### ਪਿੰਡ ਖਾੜੋਵਾਲ ਤੋਂ ਕੈਨੇਡੀਅਨ ਮੁੱਖ ਧਾਰਾ ਤੱਕ ਦਾ ਸਫ਼ਰ

ਮੂਲ ਰੂਪ ਵਿੱਚ ਪੰਜਾਬ ਦੇ ਪਿੰਡ ਖਾੜੋਵਾਲ ਨਾਲ ਸਬੰਧਿਤ ਸਰਬਰਾਜ ਸਿੰਘ ਕਾਹਲੋਂ ਲਗਭਗ 19 ਵਰ੍ਹੇ ਪਹਿਲਾਂ ਉੱਚ ਵਿੱਦਿਆ ਦੀ ਭਾਲ ਵਿੱਚ ਕੈਨੇਡਾ ਗਏ ਸਨ। ਕਮਿਊਨੀਕੇਸ਼ਨ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਉੱਚ ਡਿਗਰੀ ਹਾਸਲ ਕਰਨ ਮਗਰੋਂ ਉਨ੍ਹਾਂ ਨੇ ਕੈਨੇਡੀਅਨ ਮੁੱਖ ਧਾਰਾ ਅਤੇ ਐਥਨਿਕ ਮੀਡੀਆ ਵਿੱਚ ਸਰਗਰਮ ਪੱਤਰਕਾਰੀ ਸ਼ੁਰੂ ਕੀਤੀ। ਸਾਲਾਂ ਦੀ ਅਣਥੱਕ ਮਿਹਨਤ ਤੋਂ ਬਾਅਦ ਅੱਜ ਉਹ ਨਾ ਸਿਰਫ਼ ਕੈਨੇਡਾ ਦੇ ਪ੍ਰਮੁੱਖ ਟੈਲੀਵਿਜ਼ਨ



ਨੈੱਟਵਰਕ 'ਓਮਨੀ ਨਿਊਜ਼' ਦੇ ਪ੍ਰਮੁੱਖ ਚਿਹਰਿਆਂ ਵਿੱਚ ਸ਼ੁਮਾਰ ਹਨ, ਸਗੋਂ 'ਪੰਜਾਬੀ ਪ੍ਰੈੱਸ ਕਲੱਬ ਆਫ਼ ਬੀ.ਸੀ.' ਦੇ ਪ੍ਰਧਾਨ ਵਜੋਂ ਸਥਾਨਕ ਪੱਤਰਕਾਰ ਭਾਈਚਾਰੇ ਦੀ ਅਗਵਾਈ ਵੀ ਕਰ ਰਹੇ ਹਨ।

### ਜਬਰੀ ਵਸੂਲੀ ਅਤੇ ਪ੍ਰਸ਼ਾਸਨਿਕ ਅਣਗਹਿਲੀ

ਮੈਟਰੋ ਵੈਨਕੂਵਰ ਸਮੇਤ ਪੂਰੇ ਬ੍ਰਿਟਿਸ਼ ਕੋਲੰਬੀਆ ਵਿੱਚ ਪਿਛਲੇ ਲੰਮੇ ਸਮੇਂ ਤੋਂ ਦੱਖਣੀ ਏਸ਼ਿਆਈ ਕਾਰੋਬਾਰੀ, ਖ਼ਾਸ ਕਰਕੇ ਘਰਾਂ ਦੀ ਉਸਾਰੀ ਕਰਨ ਵਾਲੇ ਪੰਜਾਬੀ ਬਿਲਡਰ, ਜਬਰੀ ਵਸੂਲੀ ਅਤੇ ਗੈਂਗਸਟਰਾਂ ਦੀਆਂ ਧਮਕੀਆਂ ਦੀ ਦਹਿਸ਼ਤ ਹੇਠ ਜੀਅ ਰਹੇ ਹਨ। ਅਪਰਾਧੀਆਂ ਵੱਲੋਂ ਅਕਸਰ ਪ੍ਰਾਈਵੇਟ ਜਾਂ ਅਣਪਛਾਤੇ ਨੰਬਰਾਂ ਤੋਂ ਫ਼ੋਨ ਕਾਲਾਂ ਕਰਕੇ ਮੋਟੀਆਂ ਰਕਮਾਂ ਮੰਗੀਆਂ ਜਾਂਦੀਆਂ ਸਨ ਅਤੇ ਨਾ ਮੰਨਣ 'ਤੇ ਗੋਲੀਆਂ ਚਲਾਉਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਸਨ।

ਇਸ ਗੰਭੀਰ ਮਾਹੌਲ ਵਿੱਚ ਇੱਕ ਹੋਰ ਵੱਡੀ ਸਮੱਸਿਆ ਵੈਨਕੂਵਰ ਸਿਟੀ ਪ੍ਰਸ਼ਾਸਨ ਦੀ ਕਾਰਜਪ੍ਰਣਾਲੀ ਨਾਲ ਜੁੜੀ ਹੋਈ ਸੀ। ਸਿਟੀ ਕੌਂਸਲ ਦੇ ਇੰਸਪੈਕਟਰ ਅਤੇ ਸਰਕਾਰੀ ਅਧਿਕਾਰੀ ਆਪਣੇ ਅੰਦਰੂਨੀ ਸੁਰੱਖਿਆ ਪ੍ਰੋਟੋਕੋਲ ਤਹਿਤ ਬਿਲਡਰਾਂ ਅਤੇ ਕਾਰੋਬਾਰੀਆਂ ਨੂੰ ਸਰਕਾਰੀ ਕੰਮਕਾਜ ਜਾਂ ਪਰਮਿਟਾਂ ਦੀ ਪੜਤਾਲ ਲਈ ਬਲੌਕ ਅਤੇ ਪ੍ਰਾਈਵੇਟ ਨੰਬਰਾਂ ਤੋਂ ਹੀ ਫ਼ੋਨ ਕਰਦੇ ਸਨ। ਦਹਿਸ਼ਤ ਦੇ ਪਰਛਾਵੇਂ ਹੇਠ ਜੀਅ ਰਹੇ ਕਾਰੋਬਾਰੀ ਅਣਪਛਾਤੇ ਜਾਂ ਬਲੌਕ ਨੰਬਰ ਦੇਖ ਕੇ ਫ਼ੋਨ ਚੁੱਕਣ ਤੋਂ ਡਰਦੇ ਸਨ। ਇਸ ਕਾਰਨ ਨਾ ਸਿਰਫ਼ ਉਨ੍ਹਾਂ ਦੇ ਕਾਰੋਬਾਰ ਠੱਪ ਹੋ ਰਹੇ ਸਨ, ਸਗੋਂ ਲੋਕਾਂ ਵਿੱਚ ਮਾਨਸਿਕ ਤਣਾਅ ਅਤੇ ਸਹਿਮ ਦਾ ਮਾਹੌਲ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਸੀ।

ਸਰਬਰਾਜ ਸਿੰਘ ਕਾਹਲੋਂ ਨੇ ਲੋਕਾਂ ਦੀ ਇਸ ਗੰਭੀਰ ਸਮੱਸਿਆ ਨੂੰ ਗੰਭੀਰਤਾ ਨਾਲ ਲਿਆ ਅਤੇ ਜ਼ਮੀਨੀ ਹਕੀਕਤਾਂ 'ਤੇ ਆਧਾਰਿਤ ਵਿਸ਼ੇਸ਼ ਖੋਜੀ ਰਿਪੋਰਟ ਤਿਆਰ ਕੀਤੀ। ਉਨ੍ਹਾਂ ਨੇ ਤੱਥਾਂ ਸਮੇਤ ਇਹ ਸਾਬਤ ਕੀਤਾ ਕਿ ਕਿਸ ਤਰ੍ਹਾਂ ਪ੍ਰਸ਼ਾਸਨ ਦਾ ਇੱਕ ਛੋਟਾ ਜਿਹਾ ਨਿਯਮ ਪੂਰੇ ਭਾਈਚਾਰੇ ਦੀ ਸੁਰੱਖਿਆ ਅਤੇ ਮਾਨਸਿਕ ਸ਼ਾਂਤੀ ਲਈ ਵੱਡਾ ਸੰਕਟ ਬਣ ਚੁੱਕਾ ਹੈ।

### ਰਿਪੋਰਟ ਦਾ ਅਸਰ: ਸਿਟੀ ਨੇ ਤੁਰੰਤ ਬਦਲੀ ਕਾਲਿੰਗ ਪਾਲਿਸੀ

ਓਮਨੀ ਨਿਊਜ਼ 'ਤੇ ਇਹ ਖ਼ਬਰ ਪ੍ਰਸਾਰਿਤ ਹੁੰਦਿਆਂ ਹੀ ਕੈਨੇਡੀਅਨ ਪ੍ਰਸ਼ਾਸਨ ਵਿੱਚ ਵੱਡੀ ਹਲਚਲ ਮਚ ਗਈ। (ਬਾਕੀ ਸਫ਼ਾ 26 'ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE


YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਹਾਕੀ ਦਾ ਸਿਤਾਰਾ ਉਲੰਪੀਅਨ ਮਹਿੰਦਰ ਸਿੰਘ 'ਮੁਣਸ਼ੀ'



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਜੀਵਨ ਅਤੇ ਮੌਤ ਦੋਵੇਂ ਅੱਟਲ ਸੱਚਾਈਆਂ ਹਨ, ਮੌਤ ਇੱਕ ਅਜਿਹਾ ਸੱਚ ਹੈ ਕਿ ਵਾਪਰਦੀ ਹੀ ਹੈ ਪਰ ਕੋਈ ਮੌਤ ਸਮਾਂ ਪਾ ਕੇ ਹੋਵੇ ਤਾਂ ਹੋਣੀ ਹੈ, ਪਰ ਜੋ ਬੁਲੰਦੀਆਂ 'ਤੇ ਹੋਵੇ ਤੇ ਸਮਾਂ ਜਾਣ ਦਾ ਨਾ ਹੋਵੇ ਤਾਂ ਅਣਹੋਣੀ ਹੈ। ਜਿਸ ਨਾਲ ਹਾਕੀ ਖੇਡ ਜਗਤ ਦਾ ਸਿਤਾਰਾ ਮਹਿੰਦਰ ਸਿੰਘ ਮੁਣਸ਼ੀ ਭਰ ਜਵਾਨੀ ਸਿਰਫ 24 ਸਾਲ ਦੀ ਉਮਰ ਵਿੱਚ ਤੁਰ ਗਿਆ ਜਦੋਂਕਿ ਉਸ ਦੀ ਹਾਕੀ ਖੇਡ ਦਾ ਹੁਨਰ ਸਿਤਾਰਾ ਬੁਲੰਦੀਆਂ ਤੇ ਸੀ ਅਜੇ ਉਸ ਨੇ ਹੋਰ ਮੱਲਾਂ ਮਾਰਨੀਆਂ ਸਨ। ਜਦ ਕਿਸੇ ਦੇ ਅਜ਼ੀਜ਼ ਪਿਆਰੇ ਤੁਰ ਜਾਂਦੇ ਹਨ ਤਾਂ ਪਿੱਛੇ ਰਹਿ ਗਏ ਸੋਚਦੇ ਹਨ ਕਿ ਉਹ ਮਰੇ ਨਹੀਂ ਅਤੇ ਕਿਵੇਂ ਸਾਡੇ ਦਿਲਾਂ ਵਿੱਚ ਰਹਿ ਸਕਦੇ ਹਨ ਤਾਂ ਉਹ ਉਹਨਾਂ ਦੀ ਯਾਦਗਾਰ ਬਣਾਉਂਦੇ ਹਨ। ਕੋਈ ਅਮੀਰ ਹੈ,ਵੱਡੀ ਜਾਇਦਾਦ ਬਣਾਉਂਦਾ ਹੈ ਜਿਵੇਂ ਸ਼ਾਹ ਜਹਾਨ ਨੇ ਬਣਾਈ। ਕੋਈ ਗਰੀਬ ਹੈ ਉਹ ਕੱਚੀ ਪੱਕੀ ਸਮਾਧ ਬਣਾਉਂਦਾ ਹੈ। ਫਿਰ ਕਿਸੇ ਧਾਰਮਿਕ ਅਸਥਾਨ ਤੇ ਪੱਖਾ, ਨਲਕਾ ਲੁਆ ਦਿੰਦਾ ਲੰਗਰ ਲਗਾ ਦਿੰਦਾ ਆਪਣੀ ਯਥਾ ਸ਼ਕਤੀ ਅਨੁਸਾਰ ਦਾਨ ਕਰ ਦਿੰਦਾ ਹੈ ਪਰ ਜਜਬਾ ਦੋਵਾਂ ਦਾ ਬਰਾਬਰ ਹੈ। ਦੋਵਾਂ ਨੇ ਯਾਦਗਾਰ ਦਿਲ ਵਿੱਚ ਬਣਾਈ ਹੈ। ਮੈਂ ਆਪਣੀ ਧੀ ਗਿੰਨੀ ਦੀ ਯਾਦ ਵਿੱਚ ਜਿਸਦੀ ਉਮਰ 13 ਸਾਲ ਸੀ ਕਿ ਉਸ ਦੀ ਇੱਕ ਸੜਕ ਹਾਦਸੇ ਵਿੱਚ ਦਰਦਨਾਕ ਮੌਤ ਹੋ ਗਈ। ਗਿੰਨੀ ਸਿਮ੍ਰਤੀ ਗ੍ਰੰਥ ਦੀ ਪੁਸਤਕ ਬਣਾਈ ਜੋ ਇੱਕ ਸਾਹਿਤਕ ਯਾਦਗਾਰ ਵਜੋਂ ਪੰਜਾਬੀ ਸਾਹਿਤ ਵਿੱਚ ਦਰਜ ਹੋਈ ਹੈ। ਇਸੇ ਤਰ੍ਹਾਂ ਉਲੰਪੀਅਨ ਮੁਣਸ਼ੀ ਨੂੰ ਜਿੰਦਾ ਰੱਖਦਿਆਂ ਉਸ ਦੇ ਪ੍ਰਵਾਰ ਅਤੇ ਉਸ ਦੀ ਖੇਡ ਨੂੰ ਪਿਆਰ ਕਰਨ ਵਾਲਿਆਂ ਨੇ ਉਲੰਪੀਅਨ ਮਹਿੰਦਰ ਸਿੰਘ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਦੀ ਸਥਾਪਨਾ ਕੀਤੀ। ਜਿਸ ਨੂੰ ਉਸ ਦਾ ਛੋਟਾ ਭਰਾ ਸਤਪਾਲ ਸਿੰਘ , ਜੋ ਦੁਆਬਾ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਵਿੱਚ ਸੇਵਾ ਕਰਦਾ ਹੈ, ਚਲਾ ਰਿਹਾ ਹੈ।

ਗਿੰਨੀ ਸਿਮ੍ਰਤੀ ਗ੍ਰੰਥ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਅਤੇ ਉਲੰਪੀਅਨ ਮਹਿੰਦਰ ਸਿੰਘ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਦੋਵੇਂ ਅਜਿਹੀਆਂ ਯਾਦਗਾਰਾਂ ਹਨ ਜੋ ਇਹਨਾਂ ਪਿਆਰਿਆਂ ਨੂੰ ਹਮੇਸ਼ਾ ਜਿੰਦਾ ਰੱਖਣਗੀਆਂ। ਸ਼ਿਲਾਲੇਖ ਦੇ ਅੱਖਰ ਫਿੱਕੇ ਪੈ ਸਕਦੇ ਹਨ ਪਰ ਗਿੰਨੀ ਸਿਮ੍ਰਤੀ ਗ੍ਰੰਥ ਦੇ ਅੱਖਰ ਹਮੇਸ਼ਾ ਰੋਸ਼ਨ ਰਹਿਣਗੇ। ਇਸੇ ਤਰ੍ਹਾਂ ਮੁਣਸ਼ੀ ਦੀ ਖੇਡ ਦੀ ਮਹਿਕ ਹਾਕੀ ਖੇਡ ਮੈਦਾਨਾਂ ਵਿੱਚ ਚੰਬੇ ਦੀ ਕਲੀ ਵਾਂਗ ਮਹਿਕ ਖਿਲਾਰਦੀ ਰਹੇਗੀ। ਸੰਸਾਰ ਵਿੱਚ ਜਿਥੇ ਵੀ ਸੰਸਾਰ ਹਾਕੀ ਦੀ ਗੱਲ ਹੋਵੇਗੀ। ਮੁਣਸ਼ੀ ਦਾ ਜ਼ਿਕਰ ਜ਼ਰੂਰ ਹੋਵੇਗਾ।

ਮੁਣਸ਼ੀ ਦੇ ਜੀਵਨ ਅਤੇ ਉਸ ਦੇ ਹਾਕੀ ਖੇਡ ਦੇ ਹੁਨਰ ਨੂੰ ਦਰਸਾਉਣ ਲਈ ਵਰਨਣਯੋਗ ਹੈ ਕਿ ਪੰਜਾਬ ਦੇ ਦੁਆਬਾ ਖੇਤਰ ਦੇ ਸ਼ਹਿਰ ਜਲੰਧਰ ਦੀ ਤਹਿਸੀਲ ਸ਼ਾਹਕੋਟ ਦੇ ਪਿੰਡ ਨੰਗਲ ਅੰਬੀਆ ਵਿੱਚ ਮੁਣਸ਼ੀ ਦਾ ਜਨਮ ਮਾਤਾ ਰਖੀ ਅਤੇ ਪਿਤਾ ਮੁਣਸ਼ੀ ਦੇ ਘਰ ਹੋਇਆ। ਜਿਸ ਦੇ ਬਚਪਨ ਦੇ ਕਦਮ ਦੁਆਬਾ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਦੇ ਖੇਡਾਂ ਦੇ ਮੈਦਾਨਾਂ ਵਿੱਚ ਪੁਟਣੇ ਸ਼ੁਰੂ ਹੋਏ, ਜਿਥੇ ਉਸ ਦੇ ਪਿਤਾ ਜੀ ਸੇਵਾਦਾਰ ਸਨ। ਉਨ੍ਹਾਂ ਦੀ ਜ਼ਿੰਮੇਵਾਰੀ ਟੂਰਨਾਮੈਂਟਾਂ ਦੌਰਾਨ ਖੇਡ ਮੈਦਾਨਾਂ ਦੀ ਰਖ ਰਖਾਓ ਅਤੇ ਸੰਭਾਲ ਦੀ ਵੀ ਸੀ। ਮੁਣਸ਼ੀ ਬਚਪਨ ਵਿੱਚ ਹੀ ਆਪਣੇ ਪਿਤਾ ਨਾਲ ਕੰਮਾਂ ਵਿੱਚ ਹੱਥ ਵਟਾਉਣ ਲੱਗ ਪਿਆ ਸੀ। ਹਾਕੀ ਮੈਚਾਂ ਦੌਰਾਨ ਗੇਂਦ ਲਾਇਨ ਤੋਂ ਬਾਹਰ ਜਾਨੀ ਤਾਂ ਉਹ ਆਪਣੇ ਪਿਤਾ ਨਾਲ ਵਾਪਸ ਮੈਦਾਨ ਵਿੱਚ ਫੜਾਉਂਦਾ ਸੀ। ਮੇਰਾ ਹਮ ਉਮਰ ਹੋਣ ਤੇ ਅਸੀਂ ਮਹੱਲਿਆਂ ਵਿੱਚ ਹਾਕੀ ਟੀਮਾਂ ਬਣਾ ਕੇ ਐਂਟਰੀ ਮੈਚ ਖੇਡਿਆ ਕਰਦੇ ਸਾਂ। ਸਾਡੇ ਵਿਚੋਂ ਬਹੁਤਿਆਂ ਕੋਲ ਹਾਕੀ ਵੀ ਨਹੀਂ ਸੀ ਹੁੰਦੀ ਤਾਂ ਅਕੜੇ ਦੀ ਸੋਟੀ ਨੂੰ ਸੁਕਾ ਕੇ ਖੂੰਡੀ ਬਣਾ ਬਣਾ ਖੇਡਦੇ ਸਾਂ। ਮੈਂ ਤਾਂ ਸਕੂਲੀ ਪੜਾਈ ਵਿੱਚ ਹੀ ਲੱਗ ਗਿਆ ਪਰ ਮੁਣਸ਼ੀ ਆਪਣੀ ਹਾਕੀ ਪ੍ਰਤੀ ਲਗਨ ਨਾਲ ਸਾਡੀਆਂ ਅੱਖਾਂ ਸਾਹਮਣੇ ਅੱਗੇ ਹੀ ਅੱਗੇ ਵਧਦਾ ਗਿਆ ਅਤੇ ਇਹੀ ਹੁਨਰ ਉਸਦਾ ਕਾਰੋਬਾਰ ਹੋ ਗਿਆ। ਮੈਂ ਜਦ ਇਹ ਗੱਲਾਂ ਉਸ ਦੇ ਛੋਟੇ ਭਰਾ ਸਤਪਾਲ ਸਿੰਘ ਨਾਲ ਸਾਂਝੀਆਂ ਕੀਤੀਆਂ ਤਾਂ ਉਹ ਹੈਰਾਨੀ ਭਰਿਆ ਹੱਸ ਪਿਆ। ਛੋਟੇ ਹੁੰਦੇ ਮੁਣਸ਼ੀ ਨੂੰ ਸਕੂਲ ਬੋਰਡਾਂ ਵਿੱਚ ਗੇਂਦ ਸੁੱਟਣੀ ਜਾਂ ਕੰਥ ਉਤੇ ਗੋਲਚੱਕਰ ਵਾਹ ਕੇ ਗੇਂਦ ਸੁੱਟਣ ਦੀ ਮੁਹਾਰਤ ਨਾਲ ਉਹ ਯਕੀਨਨ ਗੋਲ ਲਈ ਪ੍ਰਸਿੱਧ ਹੋ ਗਿਆ। ਉਸ ਦਾ ਪੈਨਲਟੀ ਸਟਰੋਕ ਅਜਾਂਈ ਨਾ ਜਾਂਦਾ। ਸ਼ੁਰੂ ਵਿੱਚ ਮੁਣਸ਼ੀ ਫੁਟਬਾਲ ਖੇਡਦਾ ਸੀ, ਉਹ ਵੀ ਵਧੀਆ ਖੇਡਿਆ। ਇੱਕ ਘਟਨਾ ਉਸ ਦੇ ਛੋਟੇ ਭਰਾ ਸਤਪਾਲ ਸਿੰਘ ਨਾਲ ਵੀ ਸਾਂਝੀ ਕੀਤੀ ਕਿ ਜਦੋਂ ਸੁਰਜਨ ਸਿੰਘ ਚੱਠਾ ਹੈਡਮਾਸਟਰ ਹੁੰਦੇ ਸਨ ਤਾਂ ਮੈਚ ਦੇ ਦਿਨਾਂ ਵਿੱਚ ਮੁਣਸ਼ੀ ਦੀ ਪਿੱਠ ਤੇ ਗਰਮ ਪਾਣੀ ਪੈਣ ਕਾਰਨ ਪੀੜਤ ਸੀ, ਉਸ ਨੇ ਹੈਡਮਾਸਟਰ ਸਾਹਿਬ ਨੂੰ ਕਿਹਾ ਕਿ ਮੈਂ ਵੀ ਹਾਕੀ ਦੀ ਟੀਮ ਵਿੱਚ ਹਿੱਸਾ ਲੈਣਾ ਹੈ । ਉਹਨਾਂ ਕਿਹਾ ਕਿ ਤੇਰੀ ਤਾਂ ਪਿੱਠ ਸੜੀ ਹੈ ਤਾਂ ਮੁਣਸ਼ੀ ਨੇ ਕਿਹਾ ਕਿ ਹਾਕੀ ਤਾਂ ਹੱਥਾਂ ਪੈਰਾਂ ਨਾਲ ਖੇਡਣੀ ਹੈ ਪਿੱਠ ਨਾਲ ਨਹੀਂ ਤਾਂ ਉਸ ਨੂੰ ਅਭਿਆਸ ਕਰਨ ਵਿੱਚ ਪਾ ਦਿੱਤਾ। ਖੇਡ ਦੌਰਾਨ ਮਹਿੰਦਰ ਸਿੰਘ ਨੇ ਗੋਲ ਕਰ ਦਿਤਾ ਤਾਂ ਇੱਕੋ ਆਵਾਜ਼ ਵਿੱਚ ਦਰਸ਼ਕਾਂ ਨੇ ਕਿਹਾ ਕਿ ਮੁਣਸ਼ੀ ਦੇ ਮੁੰਡੇ ਨੇ ਗੋਲ ਕਰ ਦਿੱਤਾ। ਹੈਡਮਾਸਟਰ ਸਾਹਿਬ ਵੀ ਕਹਿਣ ਲੱਗਾ ਮੁਣਸ਼ੀ ਨੂੰ ਖੇਡਣ ਦਿਓ। ਉਸ ਦਿਨ ਤੋਂ ਮਹਿੰਦਰ ਸਿੰਘ ਦੇ ਨਾਉਂ ਨਾਲ ਮੁਣਸ਼ੀ ਜੁੜ ਗਿਆ, ਜੋ ਸੰਸਾਰ ਪੱਧਰ ਦੀ ਹਾਕੀ ਵਿੱਚ ਮਸ਼ਹੂਰ ਹੋ ਗਿਆ। ਉਸ ਦਾ ਹਾਕੀ ਸਫਰ ਇਥੋਂ ਸ਼ੁਰੂ ਹੋਇਆ। ਉਸ ਨੇ ਹਾਕੀ ਖੇਡ ਦੇ ਹੁਨਰ ਨੂੰ ਇਸ ਸ਼ਿੱਦਤ ਨਾਲ ਸਵੀਕਾਰ ਕੀਤਾ ਕਿ ਉਸ ਦਾ ਗੇਂਦ ਉਤੇ ਕੰਟਰੋਲ, ਪਾਸ ਲੈਣ ਦੇਣ ਵਿੱਚ ਨਿੰਪੁਨ, ਖਿਡਾਰੀ ਨਾਲ ਭਿੜਨ ਤੇ ਸਹੀ ਫੈਸਲਾ ਲੈਣਾ, ਹਰ ਸਾਇਡ ਤੇ ਵਧੀਆ ਖੇਡਣ ਦੇ ਯੋਗ ਅਤੇ ਵਧੀਆ ਖੇਡ ਪ੍ਰਦਰਸ਼ਨਾਂ ਸਦਕਾ ਹੀ ਸਕੂਲੀ ਟੀਮ ਵਿੱਚ ਖੇਡਦਿਆਂ 1969 ਵਿੱਚ 16 ਸਾਲ ਦੀ ਉਮਰ ਵਿੱਚ ਹੀ ਸੂਬੇ ਦੀ ਹਾਕੀ ਟੀਮ ਵਿੱਚ ਚੁਣਿਆ ਗਿਆ। ਇੱਥੇ ਹੀ ਸੁਡੋਲ ਮਸਲਦਾਰ, ਚੁਸਤ ਸਰੀਰ ਵਾਲਾ ਮੁਣਸ਼ੀ ਸਿੱਖੀ ਸਰੂਪ ਵਿੱਚ ਆਉਣ ਲੱਗਾ ਸਾਡੇ ਦੇਖਦਿਆਂ ਉਸ ਨੇ ਮੈਚ ਖੇਡਦਿਆਂ ਉਸ ਦੇ ਵਾਲਾਂ ਦੇ ਪਟੇ ਵੱਡੇ ਹੋ ਰਹੇ ਸਨ ਤੇ ਪਟਿਆ ਸਮੇਤ ਖੇਡਿਆ ਤੇ ਜੂੜੇ 'ਤੇ ਰੁਮਾਲ ਆਇਆ। ਫਿਰ ਪੱਗ ਸਜਾਈ ਤਾਂ ਉਸ ਦੀ ਇੱਕ ਰੋਅਬਦਾਰ ਪ੍ਰਭਾਵਸ਼ਾਲੀ ਸਿੱਖ ਦੀ ਦਿੱਖ ਸਾਨੂੰ ਨਜ਼ਰ ਆਈ।



ਮੁਣਸ਼ੀ ਦੇ ਘਰੇਲੂ ਹਾਲਾਤ ਚੰਗੇ ਨਾ ਹੋਣ ਕਾਰਨ ਉਸ ਨੇ ਕਲਕੱਤੇ ਜਾ ਕੇ ਫ਼ੌਜ ਦੀ ਨੌਕਰੀ ਕਰ ਲਈ ਤੇ ਖੇਡਾਂ ਵਿੱਚ ਜਸ ਲੈਂਦਿਆਂ ਕਈ ਨਾਮਵਰ ਹਾਕੀ ਖੇਡ ਮੁਕਾਬਲਿਆਂ ਵਿੱਚ ਹਿਸਾ ਲਿਆ। ਉਸ ਦੀ ਜਾਦੂਗਰੀ ਹਾਕੀ ਖੇਡ ਤੋਂ ਪ੍ਰਭਾਵਿਤ ਹੋ ਕੇ ਅੰਤਰਰਾਸ਼ਟਰੀ ਗੋਲਕੀਪਰ ਰਾਜ ਕੁਮਾਰ ਬਾਊ ਜੀ ਨੇ ਮੁਣਸ਼ੀ ਨੂੰ 1970 ਵਿੱਚ ਪੰਜਾਬ ਪੁਲਿਸ ਵਿੱਚ ਸਿਪਾਹੀ ਭਰਤੀ ਕਰਵਾ ਦਿੱਤਾ। ਪੰਜਾਬ ਪੁਲਿਸ ਹਾਕੀ ਟੀਮ ਵੱਲੋਂ ਸੈਂਟਰ ਹਾਫ ਖੇਡਦਿਆਂ ਮਧੂਬਨ, ਬੰਗਲੌਰ, ਜੈਪੁਰ, ਜਲੰਧਰ, ਸ੍ਰੀਲੰਕਾ ਵਿਖੇ ਹੋਏ ਹਕੀ ਮੁਕਾਬਲਿਆਂ ਵਿੱਚ ਜਿੱਤਾਂ ਪ੍ਰਾਪਤ ਕੀਤੀਆਂ। ਇੱਥੇ ਹੀ ਉਸ ਨੇ ਆਪਣੀ ਵਧੀਆ ਖੇਡ ਦਾ ਲੋਹਾ ਮੰਨਵਾ ਲਿਆ। ਤਦ ਮਹਿਕਮੇ ਨੇ ਉਸ ਨੂੰ ਸਬ ਇੰਸਪੈਕਟਰ ਦੀ ਤਰੱਕੀ ਦਿੱਤੀ।

ਜਿਥੇ ਹੁਣ ਉਹ ਹਾਕੀ ਖੇਡ ਜਗਤ ਵਿੱਚ ਹਰਮਨ ਪਿਆਰ ਹੋ ਗਿਆ ਸੀ, ਉਥੇ ਉਸ ਨੇ ਆਪਣੀ ਗਰੀਬੀ ਦੀ ਕਮੀ ਸ਼ਰਾਰਤੀ ਮੁਸਕਰਾਹਟ ਹੇਠ ਛੁਪਾ ਲਈ ਸੀ ਉਸ ਨੇ ਸੋਹਣੇ ਕਪੜੇ ਪਾਉਣੇ ਹਮੇਸ਼ਾ ਬਨ ਠਨ ਕੇ ਰਹਿਣਾ, ਇੱਕ ਰੋਹਬਦਾਰ ਸਰਦਾਰ ਵਜੋਂ ਵਿਚਰਿਆ। ਗਰੀਬੀ ਦੀਆਂ ਹੰਡਾਈਆਂ ਤੰਗੀਆਂ ਤੋਂ ਉਹ ਹੁਣ ਬੇਪ੍ਰਵਾਹ ਸੀ।

1970 ਵਿੱਚ 17 ਸਾਲ ਦੀ ਉਮਰ ਵਿੱਚ ਮੁਣਸ਼ੀ ਬੈਂਕਾਂਕ ਏਸ਼ੀਅਨ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਵਿੱਚ ਚੁਣਿਆ ਗਿਆ। ਜਿਥੇ ਭਾਰਤੀ ਹਾਕੀ ਟੀਮ ਨੇ ਕਾਂਸੀ ਦਾ ਤਗਮਾ ਜਿੱਤਿਆ। ਨਿੱਕੀ ਉਮਰ ਦਾ ਹੋਣ ਕਰਕੇ ਅੱਖੀ ਡਿੱਠਾ ਹਾਲ ਸੁਨਾਉਣ ਵਾਲੇ ਨੇ ਬੇਲੀ ਮਹਿੰਦਰ ਕਹਿ ਕੇ ਦਰਸਾਇਆ। 1974 ਵਿੱਚ ਏਸ਼ੀਅਨ ਆਲ ਸਟਾਰ ਟੀਮ ਵਿਰੁਧ ਖੇਡੇ ਗਏ ਮੈਚ ਦੌਰਾਨ ਵਧੀਆ ਪ੍ਰਦਰਸ਼ਨ ਨੂੰ ਦੇਖ ਕੇ 1975 ਹਾਕੀ ਸੰਸਾਰ ਕੱਪ ਲਈ ਉਸ ਦੀ ਚੋਣ ਹੋ ਗਈ। ਭਾਰਤੀ ਹਾਕੀ ਟੀਮ ਸੰਸਾਰ ਕੱਪ ਜਿਤਿਆ,ਜਿਸ ਵਿੱਚ ਮੁਣਸ਼ੀ ਦੀ ਅਹਿਮ ਭੂਮਿਕਾ ਮੰਨੀ ਗਈ। 1976 ਦੀਆਂ ਮਾਂਟਰੀਅਲ ਉਲੰਪਿਕ ਖੇਡਾਂ ਸਮੇਂ ਉਸ ਦੇ ਹੁਨਰ ਨੇ ਬੁਲੰਦੀਆਂ ਨੂੰ ਛੋਹਿਆ। ਜਿਥੇ ਉਸ ਨੂੰ ਬੈਸਟ ਸਕੋਅਰ ਅਤੇ ਲਾਜ਼ਮੀ ਗੋਲ ਦੀ ਪ੍ਰਸਿੱਧੀ ਮਿਲੀ।

ਆਪਣੀ ਨਿੱਕੀ ਉਮਰ ਵਿੱਚ ਹੀ ਹਾਕੀ ਸੰਸਾਰ ਕੱਪ ਜੇਤੂ, ਬੈਸਟ ਸਕੋਅਰ ਅਤੇ ਲਾਜਮੀ ਗੋਲ ਕਰਨ ਵਾਲਾ ਹੋਣਹਾਰ ਖਿਡਾਰੀ 19 ਸਤੰਬਰ 1977 ਨੂੰ ਸਦਾ ਲਈ ਵਿਛੜ ਗਿਆ।

ਹੁਣ ਮੁਣਸ਼ੀ ਦੀ ਯਾਦ ਵਿੱਚ ਉਸ ਦੇ ਛੋਟੇ ਭਰਾ ਸਤਪਾਲ ਸਿੰਘ ਅਤੇ ਸਾਥੀਆਂ ਵੱਲੋਂ ਮਹਿੰਦਰ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਚਲਾਇਆ ਜਾ ਰਿਹਾ ਹੈ। ਜਿਸ ਵਲੋਂ ਹਰ ਸਾਲ ਉਸਦੀ ਬਰਸੀ 'ਤੇ ਟੂਰਨਾਮੈਂਟ ਕਰਵਾਏ ਜਾਂਦੇ ਹਨ। 19 ਸਾਲ ਤੋਂ ਘੱਟ ਉਮਰ ਦੇ ਖਿਡਾਰੀਆਂ ਦੇ ਹਾਕੀ ਮੁਕਾਬਲੇ ਕਰਵਾਏ ਜਾਂਦੇ ਹਨ। ਖਿਡਾਰੀਅਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ 12 ਟੀਮਾਂ ਇਹਨਾਂ ਹਾਕੀ ਮੈਚਾਂ ਵਿੱਚ ਹਿੱਸਾ ਲੈਂਦੀਆਂ ਹਨ। ਕਲੱਬ ਦਾ ਮਨੋਰਥ ਹੈ ਕਿ ਮੁਣਸ਼ੀ ਵਰਗੇ ਹੋਣਹਾਰ ਅਤੇ ਵਧੀਆ ਖਿਡਾਰੀ ਪੈਦਾ ਕੀਤੇ ਜਾਣ।

ਮੁਣਸ਼ੀ ਦੇ ਛੋਟੇ ਭਰਾ ਸਤਪਾਲ ਸਿੰਘ ਨੇ ਪਛਤਾਵੇ ਭਰੇ ਮਨ ਨਾਲ ਦਸਿਆ ਕਿ ਸਰਕਾਰ ਵੱਲੋਂ ਮੁਣਸ਼ੀ ਨੂੰ ਬਣਦਾ ਕੋਈ ਸਨਮਾਨ ਨਹੀਂ ਦਿੱਤਾ ਗਿਆ। ਨਾ ਹੀ ਕਦੇ ਪ੍ਰਵਾਰ ਦੀ ਮਦਦ ਕੀਤੀ ਗਈ ਹੈ। ਮੁਣਸ਼ੀ ਦੀ ਖੇਡ ਦੇ ਪ੍ਰੇਮੀ ਉਸ ਦੇ ਸਕੂਲ ਦੇ ਸਾਥੀ ਜਾਂ ਹੋਰ ਪਤਵੰਤਿਆਂ ਦੀ ਮਦਦ ਨਾਲ ਕਲੱਬ ਚਲਾਇਆ ਜਾ ਰਿਹਾ ਹੈ ਅਤੇ ਮੁਣਸ਼ੀ ਨੂੰ ਹਾਕੀ ਖੇਡ ਵਿੱਚ ਵਿੱਚ ਜਿੰਦਾ ਰੱਖਣਾ ਦਾ ਉਦਮ ਹੈ।

ਮਹਿੰਦਰ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਅਤੇ ਗਿੰਨੀ ਸਿਮ੍ਰਤੀ ਗ੍ਰੰਥ ਅਜਿਹੇ ਕੀਤੇ ਗਏ ਉਦਮ ਹਨ ਜੋ ਨਿਰੋਏ ਸਮਾਜ ਦੀ ਉਸਾਰੀ ਵਿੱਚ ਯੋਗਦਾਨ ਪਾ ਸਕਦੇ ਹਨ। ਇਸ ਨਾਲ ਲੋਕ ਮਨਾਂ ਵਿੱਚ ਖੇਡਾਂ ਲਈ ਪਿਆਰ ਅਤੇ ਧੀਆਂ ਲਈ ਸਤਿਕਾਰ ਉਤਪਣ ਹੋਵੇਗਾ।





# ਮੇਰੀ ਭਲਕੇ ਕਪਾਹ ਦੀ ਵਾਰੀ...

ਮਨੁੱਖ ਨੇ ਆਪਣੀਆਂ ਮੁੱਖ ਲੋੜਾਂ ਕੁੱਲੀ, ਗੁੱਲੀ, ਜੁੱਲੀ ਦੀ ਪੂਰਤੀ ਕਰਨ ਲਈ ਆਪ ਹੀ ਖੋਜ ਕੀਤੀ, ਜਿਸ ਕਰਕੇ ਮਨੁੱਖ ਦੀ ਸ਼ਾਨ ਵੱਖਰੀ ਹੈ। ਇਸ ਨੇ ਪੇਟ ਭਰਨ ਲਈ ਅੰਨ ਦੀ ਖੋਜ ਕਰਕੇ ਉਸ ਨੂੰ ਬੀਜਿਆ, ਸੰਭਾਲਿਆ ਅਤੇ ਉਸ ਤੋਂ ਬਾਅਦ ਉਸ ਨੂੰ ਵੱਢ ਕੇ ਆਪਣੀਆਂ ਅਤੇ ਦੂਜਿਆਂ ਦੀਆਂ ਲੋੜਾਂ ਨੂੰ ਪੂਰਾ ਕੀਤਾ। ਇੱਕ ਦੂਜੇ ਦੇ ਸਹਿਯੋਗ ਨਾਲ ਹੀ ਰਹਿਣ ਲਈ ਛੱਤ ਦਾ ਪ੍ਰਬੰਧ ਕੀਤਾ। ਤਨ ਢਕਣ ਲਈ ਕੱਪੜੇ ਦਾ ਪ੍ਰਬੰਧ ਕਰਨ ਲਈ ਰੇਸ਼ੇਦਾਰ ਪੌਦਿਆਂ ਨੂੰ ਵੀ ਆਪਣੀ ਲੋੜ ਅਨੁਸਾਰ ਤਿਆਰ ਕੀਤਾ। ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਰੇਸ਼ੇਦਾਰ ਪੌਦਾ ਕਪਾਹ ਹੈ। ਭਾਵੇਂ ਸਮਾਂ ਬੀਤਣ ਦੇ ਨਾਲ ਨਵੀਆਂ ਤੋਂ ਨਵੀਆਂ ਖੋਜਾਂ ਅਤੇ ਨਵੇਂ ਤੋਂ ਨਵੇਂ ਕੱਪੜੇ ਆ ਰਹੇ ਹਨ ਪਰ ਕਪਾਹ ਦੀ ਸਰਦਾਰੀ ਅੱਜ ਵੀ ਕਾਇਮ ਹੈ ਕਿਉਂਕਿ ਕਪਾਹ ਤੋਂ ਕਈ ਤਰ੍ਹਾਂ ਦੇ ਕੱਪੜੇ ਤਿਆਰ ਹੁੰਦੇ ਹਨ।

ਕਪਾਹ ਬੀਜਣ ਲਈ ਪਹਿਲਾਂ ਵੜੇਵਿਆਂ ਨੂੰ ਭਿਉਂ ਕੇ ਰੱਖਣਾ ਪੈਂਦਾ ਹੈ ਅਤੇ ਫਿਰ ਉਨ੍ਹਾਂ ਨੂੰ ਸੁਆਹ ਨਾਲ ਮਿਲਾ ਕੇ ਇਕੱਲਾ ਇਕੱਲਾ ਵੀ ਕੀਤਾ ਜਾਂਦਾ ਹੈ। ਕਪਾਹ ਬੀਜਣ ਬਾਰੇ ਇੱਕ ਬੁਝਾਰਤ ਇੰਝ ਪਾਈ ਜਾਂਦੀ ਹੈ;

ਬੀਜੇ ਰੋੜ, ਜੰਮੇ ਝਾੜ
ਲੱਗੇ ਨਿੰਬੂ, ਖਿੜੇ ਅਨਾਰ।

ਵੜੇਵਿਆਂ ਨੂੰ ਬੀਜਣ ਤੋਂ ਬਾਅਦ ਕਪਾਹ ਦੇ ਬੂਟੇ ਹਰੇ ਹੁੰਦੇ ਹਨ ਅਤੇ ਇਨ੍ਹਾਂ ਕਈ ਸ਼ਾਖਾਵਾਂ ਪਾਟਦੀਆਂ ਹਨ। ਫਿਰ ਇਨ੍ਹਾਂ 'ਤੇ ਨਿੰਬੂਆਂ ਵਰਗੇ ਟੀਂਡੇ ਲੱਗਦੇ ਹਨ ਅਤੇ ਅੱਧੀ ਭਾਦੋਂ ਕਪਾਹਾਂ ਖਿੜਨੀਆਂ ਸ਼ੁਰੂ ਹੋ ਜਾਂਦੀਆਂ ਹਨ। ਕਪਾਹ ਭਾਵੇਂ ਧਰਤੀ ਵਿੱਚ ਬੀਜਿਆ ਜਾਣ ਵਾਲਾ ਪੌਦਾ ਹੈ, ਪਰ ਕੁਦਰਤ ਵੱਲੋਂ ਮਿਲਿਆ ਇਹ ਅਨਮੋਲ ਤੋਹਫਾ ਦੁਨੀਆਂ ਦਾ ਸਭ ਤੋਂ ਕੀਮਤੀ ਤੋਹਫਾ ਹੈ, ਜਿਸ ਨਾਲ ਮਨੁੱਖ ਜਨਮ ਤੋਂ ਲੈ ਕੇ ਮਰਨ ਤੱਕ ਜੁੜ ਜਾਂਦਾ ਹੈ। ਜਦੋਂ ਕੋਈ ਬੱਚਾ ਜਨਮ ਲੈਂਦਾ ਹੈ ਤਾਂ ਸਭ ਤੋਂ ਪਹਿਲਾਂ ਉਸ ਨੂੰ ਕੱਪੜੇ ਵਿੱਚ ਲਪੇਟਿਆ ਜਾਂਦਾ ਹੈ ਅਤੇ ਮਰਨ ਵੇਲੇ ਵੀ ਮਨੁੱਖ ਦੇ ਉੱਤੇ ਕੱਪੜਾ ਪਾਇਆ ਜਾਂਦਾ ਹੈ। ਇਹ ਕੱਪੜਾ ਕਪਾਹ ਤੋਂ ਹੀ ਤਿਆਰ ਕੀਤਾ ਜਾਂਦਾ ਹੈ। ਇਸ ਕਪਾਹ ਤੋਂ ਪਹਿਨਣ ਵਾਲੇ ਕੱਪੜਿਆਂ ਤੋਂ ਬਿਨਾਂ ਹੋਰ ਅਨੇਕਾਂ ਵੰਨਗੀਆਂ ਤਿਆਰ ਕੀਤੀਆਂ ਜਾਂਦੀਆਂ ਹਨ ਜਿਵੇਂ ਖੱਦਰ, ਖੇਸ, ਦਰੀਆਂ, ਰਜਾਈਆਂ, ਗਦੈਲੇ ਅਤੇ ਹੋਰ ਅਨੇਕਾਂ ਵੰਨਗੀਆਂ।

ਕਿਹਾ ਜਾਂਦਾ ਹੈ ਕਿ ਹਰ ਕੰਮ ਸਹਿਯੋਗ ਨਾਲ ਕੀਤਾ ਜਾਂਦਾ ਹੈ। ਕਪਾਹ ਨੂੰ ਚੁਗਣ ਲਈ ਕਈ ਜਣੇ ਇਕੱਠੇ ਹੋ ਕੇ ਚੁਗਦੇ ਹਨ। ਇੱਕ ਦੂਜੇ ਨਾਲ ਵਿੜ੍ਹੀ ਵੀ ਚੜ੍ਹਾਈ ਜਾਂਦੀ ਹੈ। ਇਸ ਕਰਕੇ ਇੱਕ ਦਿਨ ਇੱਕ ਘਰ ਦੀ ਕਪਾਹ ਚੁਗਣ ਲਈ ਘਰਾਂ ਵਿੱਚੋਂ ਇੱਕ ਇੱਕ ਬੰਦੇ ਨੂੰ ਬੁਲਾਇਆ ਜਾਂਦਾ ਹੈ ਅਤੇ ਉਹ ਖੇਤ ਕਪਾਹ ਚੁਗਣ ਜਾਂਦੇ ਹਨ। ਇਨ੍ਹਾਂ ਦਿਨਾਂ ਨੂੰ ਬਹੁਤ ਹੀ ਆਨੰਦਦਾਇਕ ਦਿਨ ਮੰਨਿਆ ਜਾਂਦਾ ਹੈ ਜਦੋਂ ਸਾਰੇ ਇਕੱਠੇ ਹੋ ਕੇ ਇੱਕ ਘਰ ਦੇ ਖੇਤ ਵਿੱਚ ਜਾ ਕੇ ਕਪਾਹ ਚੁਗਦੇ ਹਨ ਅਤੇ ਹੱਸਦੇ ਖੇਡਦੇ ਵੀ ਹਨ। ਕਪਾਹ ਚੁਗਣ ਵਾਲੇ ਸਾਰੇ ਇਕੱਠੇ ਬੈਠ ਕੇ ਰੋਟੀ ਵੀ ਖਾਂਦੇ ਹਨ ਅਤੇ ਚਾਹ ਵੀ ਪੀਂਦੇ ਹਨ। ਰੋਟੀ ਸਵੇਰੇ ਹੀ ਪਕਾ ਕੇ ਚੁਗਣ ਵਾਲੇ ਅੱਠ ਵੱਜਦੇ ਨੂੰ ਖੇਤ ਵਿੱਚ ਪਹੁੰਚ ਜਾਂਦੇ ਹਨ। ਚਾਹ ਸਾਰਿਆਂ ਦੀ ਖੇਤ ਹੀ ਇਕੱਠੀ ਬਣਦੀ ਹੈ ਕਿਉਂਕਿ ਘਰੋਂ ਦੁੱਧ, ਚਾਹ ਪੱਤੀ ਅਤੇ ਗੁੜ ਜਾਂ ਖੰਡ ਰੋਟੀ ਨਾਲ ਹੀ ਟੋਕਰੇ ਵਿੱਚ ਰੱਖ ਲਿਆ ਜਾਂਦਾ ਹੈ।

ਜਦੋਂ ਘਰ ਦੀ ਸੁਆਣੀ ਨੇ ਆਪਣੇ ਸਾਰੇ ਸਹਿਯੋਗੀਆਂ ਨਾਲ ਖੇਤ ਕਪਾਹ ਚੁਗਣ ਜਾਣਾ ਹੁੰਦਾ ਸੀ ਤਾਂ ਉਸ ਤੋਂ ਚਾਅ ਨਹੀਂ ਚੁੱਕਿਆ ਜਾਂਦਾ ਸੀ। ਉਹ ਇੰਝ ਤੁਰਦੀ ਸੀ ਜਿਵੇਂ ਹਵਾ ਵਿੱਚ ਉੱਡਦੀ ਹੋਵੇ। ਉਸ ਦੇ ਮੂੰਹੋਂ ਲੋਕ ਗੀਤ ਆਪ ਮੁਹਾਰੇ ਫੁੱਟਦੇ ਸਨ;

ਉੱਚੇ ਚੁਬਾਰੇ ਵਿੱਚ ਬਾਰੀ ਨੀਂ
ਮੇਰੀ ਭਲਕੇ ਕਪਾਹ ਦੀ ਵਾਰੀ ਨੀਂ।

ਕਪਾਹ ਅਤੇ ਨਰਮਾ ਭਾਵੇਂ ਕਪਾਹ ਦੀਆਂ ਦੋ ਮੁੱਖ ਫ਼ਸਲਾਂ ਹਨ। ਕਪਾਹ ਨੂੰ ਆਮ ਤੌਰ 'ਤੇ ਦੇਸੀ ਕਪਾਹ ਕਿਹਾ ਜਾਂਦਾ ਹੈ ਅਤੇ ਨਰਮੇ ਨੂੰ ਅਮਰੀਕਨ ਕਪਾਹ। ਉਂਝ ਦੇਸੀ ਕਪਾਹ ਨੂੰ ਵੀ ਤਿੰਨ ਕਿਸਮਾਂ ਵਿੱਚ ਵੰਡਿਆ ਗਿਆ ਹੈ। ਚਿੱਟੀ ਕਪਾਹ, ਕਾਲੀ ਕਪਾਹ ਅਤੇ ਖ਼ਾਕੀ ਕਪਾਹ। ਚਿੱਟੀ ਕਪਾਹ ਦੇ ਫੁੱਲ ਘਿਓ ਕਪੂਰੀ ਰੰਗ ਦੇ ਹੁੰਦੇ ਹਨ ਜਦ ਕਿ ਕਾਲੀ ਕਪਾਹ ਦੇ ਫੁੱਲ ਪਿਆਜ਼ੀ ਰੰਗ ਦੇ ਹੁੰਦੇ ਹਨ। ਚਿੱਟੀ ਕਪਾਹ ਚੁਗਣ ਵੇਲੇ ਜਲਦੀ ਹੀ ਹੱਥਾਂ 'ਚੋਂ ਡਿੱਗ ਪੈਂਦੀ ਹੈ, ਪ੍ਰੰਤੂ ਕਾਲੀ ਕਪਾਹ ਚੁਗਣ ਵੇਲੇ ਡਿੱਗਦੀ ਨਹੀਂ। ਇਸ ਤਰ੍ਹਾਂ ਖਾਕੀ ਕਪਾਹ ਦੇ ਪੱਤਿਆਂ ਦੀ ਅਤੇ ਫੁੱਲਾਂ ਦੀ ਕੋਈ ਪਰਖ ਨਹੀਂ ਹੈ ਪ੍ਰੰਤੂ ਟੀਂਡਿਆਂ ਵਿੱਚੋਂ ਖਾਕੀ ਕਪਾਹ ਦੀਆਂ ਫੁੱਟੀਆਂ ਨਿਕਲਦੀਆਂ ਹਨ। ਟੀਂਡੇ ਵਿੱਚੋਂ ਕਪਾਹ ਨਿਕਲਣ ਤੋਂ ਬਾਅਦ ਉਸ ਖਾਲੀ ਖੋਖ ਨੂੰ ਸਿਕਰੀ ਕਿਹਾ ਜਾਂਦਾ ਹੈ।

ਜਦੋਂ ਔਰਤਾਂ ਕਪਾਹ ਚੁਗਦੀਆਂ ਹਨ ਤਾਂ ਉਸ ਸੁਗੰਧਿਤ ਵਾਤਾਵਰਨ ਵਿੱਚ ਉਨ੍ਹਾਂ ਦੇ ਅੰਦਰੋਂ ਅਨੇਕਾਂ ਭਾਵ ਉੱਠਦੇ ਹਨ ਜੋ ਲੋਕ ਗੀਤਾਂ ਦਾ ਰੂਪ ਧਾਰਨ ਕਰ ਲੈਂਦੇ ਹਨ। ਕਪਾਹ ਚੁਗਦੀ ਔਰਤ ਜਦੋਂ ਲਫ਼ ਕੇ ਕਪਾਹ ਦੀ ਉੱਚੀ ਟਾਹਣੀ ਤੋਂ ਫੁੱਟੀਆਂ ਫੜਦੀ ਹੈ ਤਾਂ ਉਸ ਦੇ ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ ਹੈ;

ਝੁਕ ਜਾ ਕਪਾਹ ਦੀਏ ਛਟੀਏ
ਨੀਂ ਪਤਲੋ ਦੀ ਬਾਂਹ ਥੱਕ 'ਗੀ।

ਕਪਾਹ ਨੂੰ ਚੁਗਣ ਤੋਂ ਬਾਅਦ ਇਸ ਨੂੰ ਹੱਥਾਂ ਨਾਲ ਸਾਫ਼ ਕਰਕੇ ਫਿਰ ਵੇਲਿਆ ਜਾਂਦਾ ਸੀ ਅਤੇ ਉਸ ਤੋਂ ਬਾਅਦ ਇਸ ਨੂੰ ਤੇਲੀ ਦੇ ਲਿਜਾ ਕੇ ਪਿੰਜਾਇਆ ਜਾਂਦਾ ਸੀ। ਜੇਕਰ ਰੂੰ ਵਧੀਆ ਨਾ ਪਿੰਜੀ ਹੁੰਦੀ ਤਾਂ ਔਰਤਾਂ ਦੁਬਾਰਾ ਪਿੰਜਣ ਲਈ ਕਹਿੰਦੀਆਂ;

ਲਾ ਵੇ ਤੇਲੀਆ ਤਾੜਾ
ਰੂੰ ਮੇਰੀ ਕੱਚੀ ਪਈ।

ਪਿੰਜੀ ਹੋਈ ਰੂੰ ਦੀਆਂ ਪੂਣੀਆਂ ਵੱਟੀਆਂ ਜਾਂਦੀਆਂ ਤੇ ਫਿਰ ਉਸ ਨੂੰ ਕੱਤਿਆ ਜਾਂਦਾ। ਫਿਰ ਉਸ ਤੋਂ ਵੱਖ ਵੱਖ ਪ੍ਰਕਾਰ ਦੀਆਂ ਵੰਨਗੀਆਂ ਤਿਆਰ ਕੀਤੀਆਂ ਜਾਂਦੀਆਂ। ਲੰਬਾ ਸਮਾਂ ਲੋਕ ਘਰ ਦੇ ਖੱਦਰ ਦੇ ਕੱਪੜੇ ਪਾਉਂਦੇ ਸਨ। ਬਾਜ਼ਾਰ ਦੇ ਸੋਹਣੇ ਕੱਪੜਿਆਂ ਨੂੰ ਦੇਖ ਕੇ ਇੱਕ ਔਰਤ ਦੇ ਅੰਦਰ ਰੀਝ ਪੈਦਾ ਹੁੰਦੀ ਹੈ ਕਿ ਉਹ ਵੀ ਅਜਿਹਾ ਸੂਟ ਸੰਵਾ ਕੇ ਪਾਵੇ। ਬਾਜ਼ਾਰ ਵਿੱਚ ਕਈ ਵਾਰ ਕੱਪੜਾ ਡਿੱਪੂ 'ਤੇ ਵੀ ਮਿਲਦਾ ਸੀ। ਸੋ ਔਰਤ ਆਪਣੇ ਪਤੀ ਨੂੰ ਇਸ ਤਰ੍ਹਾਂ ਕਹਿੰਦੀ ਹੈ;

ਮੇਰੇ ਖੱਦਰ ਪਿੰਡੇ ਨੂੰ ਖਾਵੇ
ਨਿੱਕੀ ਨਿੱਕੀ ਪੈ ਗਈ ਧਫ਼ੜੀ, ਮੱਖਣਾਂ
ਵੇ ਡਿੱਪੂ 'ਚੋਂ ਲਿਆ ਦੇ ਕੱਪੜਾ, ਜੇ ਰੱਖਣਾ।

ਆਦਮੀ ਘਰ ਦੀ ਕਬੀਲਦਾਰੀ ਤੋਂ ਮਜਬੂਰ ਹੈ, ਪਰ ਉਹ ਫਿਰ ਵੀ ਉਸ ਨੂੰ ਸਮਝਾਉਂਦਾ ਹੈ;

ਛਾਪਾ ਖੱਦਰ ਬਣਾ ਕੇ ਪਾ ਲੈ
ਦੇ ਗੇੜਾ ਚਰਖੇ ਨੂੰ ਹਰੀਏ
ਨੀਂ ਕੱਪੜਾ ਨਹੀਂ ਮਿਲਦਾ ਕੀ ਕਰੀਏ!

ਘਰ ਦੇ ਕੱਤੇ ਸੂਤ ਨਾਲ ਕੁੜੀਆਂ ਨੂੰ ਦਾਜ ਵਿੱਚ ਦਿੱਤੇ ਜਾਣ ਵਾਲੇ ਬਿਸਤਰੇ, ਪਲੰਘ ਅਤੇ ਹੋਰ ਚੀਜ਼ਾਂ ਇਸ ਕਪਾਹ ਦੀ ਹੀ ਦੇਣ ਹਨ। ਸੂਤ ਕੱਤਣ ਤੋਂ ਬਾਅਦ ਅਟੇਰਨ ਉੱਤੇ ਅਟੇਰਿਆ ਜਾਂਦਾ ਹੈ ਅਤੇ ਉਸ ਦੀਆਂ ਅੱਟੀਆਂ ਬਣਾਈਆਂ ਜਾਂਦੀਆਂ ਹਨ। ਜੇਕਰ ਹੱਥੀਂ ਕੱਤੇ ਸੂਤ ਦੇ ਖੇਸ/ਦੋੜੇ ਜਾਂ ਕੋਈ ਹੋਰ ਵੰਨਗੀ ਤਿਆਰ ਕਰਨੀ ਹੈ ਤਾਂ ਉਨ੍ਹਾਂ ਅੱਟੀਆਂ ਨੂੰ ਊਰੀ 'ਤੇ ਚੜ੍ਹਾ ਕੇ ਨੜੇ ਵੱਟੇ ਜਾਂਦੇ ਹਨ। ਉਸ ਤੋਂ ਬਾਅਦ ਤਾਣਾ ਤਣਦੇ ਹਨ। ਇਸ ਕੰਮ ਨੂੰ ਮਾਹਰ ਔਰਤਾਂ ਬੜੀ ਫੁਰਤੀ ਨਾਲ ਕਰਦੀਆਂ ਹਨ। ਤਾਣਾ ਤਣਦੀਆਂ ਹੋਈਆਂ ਵੀ ਉਹ ਗੀਤ ਗਾਉਂਦੀਆਂ ਹਨ;

ਉੱਚੇ ਟਿੱਬੇ ਮੈਂ ਤਾਣਾ ਤਣਦੀ
ਉੱਤੋਂ ਦੀ ਲੰਘ ਗਿਆ ਮੋਰ।
ਜੇ ਮੈਨੂੰ ਪਤਾ ਹੁੰਦਾ
ਗਰਦਨ ਦਿੰਦੀ ਮਰੋੜ।

ਜਿੱਥੇ ਕਪਾਹ ਤੋਂ ਘਰ ਦੀਆਂ ਵਸਤਾਂ ਤਿਆਰ ਹੁੰਦੀਆਂ ਹਨ, ਉੱਥੇ ਮੰਡੀ ਵਿੱਚ ਵੇਚ ਕੇ ਉਸ ਦਾ ਮੁੱਲ ਵੀ ਪ੍ਰਾਪਤ ਕੀਤਾ ਜਾਂਦਾ ਅਤੇ ਉਸ ਤੋਂ ਪੈਸੇ ਪ੍ਰਾਪਤ ਕਰਕੇ ਘਰ ਦੀ ਕਬੀਲਦਾਰੀ ਤੋਰੀ ਜਾਂਦੀ ਜਾਂ ਕੋਈ ਚੀਜ਼ ਲਿਆਂਦੀ ਜਾਂਦੀ। ਕਪਾਹ ਦੇ ਵੱਢਣ ਤੋਂ ਪਹਿਲਾਂ ਉਸ ਦੇ ਉੱਤੇ ਲੱਗੇ ਟੀਂਡਿਆਂ ਨੂੰ ਤੋੜ ਕੇ ਉਨ੍ਹਾਂ ਨੂੰ ਧੁੱਪੇ ਸੁੱਟਿਆ ਜਾਂਦਾ ਹੈ ਜੋ ਧੁੱਪ ਲੱਗਣ ਨਾਲ ਖਿੜ ਜਾਂਦੇ ਹਨ ਅਤੇ ਉਨ੍ਹਾਂ ਵਿੱਚੋਂ ਕਪਾਹ ਕੱਢ ਲਈ ਜਾਂਦੀ ਹੈ। ਕਪਾਹ ਦੀਆਂ ਸਿੱਕਰੀਆਂ ਨੂੰ ਬਾਲਣ ਵਜੋਂ ਵਰਤਿਆ ਜਾਂਦਾ ਹੈ। ਕਪਾਹ ਦੀਆਂ ਛਿਟੀਆਂ ਬਾਲਣ ਦੇ ਕੰਮ ਆਉਂਦੀਆਂਹਨ। ਚੁੱਲ੍ਹੇ 'ਤੇ ਰੋਟੀ ਪਕਾਉਣ ਵੇਲੇ ਛਿਟੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੀਆਂ ਛਿਟੀਆਂ ਨਰਮੇ ਦੀਆਂ ਛਿਟੀਆਂ ਨਾਲੋਂ ਵਧੀਆ ਹੁੰਦੀਆਂ ਹਨ, ਪਰ ਫਿਰ ਵੀ ਇਹ ਬੋਲੀ ਜ਼ਰੂਰ ਪ੍ਰਚਲਿੱਤ ਹੋ ਗਈ ਹੈ;

ਐਥੋਂ ਲਿਆਈਂ ਵੇ ਛੜੇ ਦੀ ਮੁੱਛ ਪੱਟ ਕੇ
ਛਟੀਆਂ ਦੀ ਅੱਗ ਨਾ ਬਲੇ।

---

ਬਲਜਿੰਦਰ ਮਾਨ

# ਜਦੋਂ ਪਾਉਂਦੀਏਂ ਤੂੰ ਲੰਮੇ-ਲੰਮੇ ਤੰਦ ਨੀਂ...



ਚੁੱਲ੍ਹੇ ਅੱਗ ਅਤੇ ਘੜੇ ਵਿੱਚ ਪਾਣੀ ਦਾ ਨਾ ਹੋਣਾ ਬਰਬਾਦੀ ਦੇ ਚਿੰਨ੍ਹ ਮੰਨੇ ਗਏ ਹਨ। ਕਿਸੇ ਜ਼ਮਾਨੇ ਵਿੱਚ ਵੱਸਦੇ ਰਸਦੇ ਘਰਾਂ ਦੀ ਇਹ ਉੱਤਮ ਨਿਸ਼ਾਨੀ ਹੁੰਦੀ ਸੀ। ਸਮੇਂ ਦੀ ਤੋਰ ਨਾਲ ਸਭ ਕੁਝ ਬਦਲ ਗਿਆ ਹੈ। ਘੜਿਆਂ ਦੀ ਥਾਂ ਫਰਿੱਜ ਆ ਗਈ ਹੈ ਅਤੇ ਬਾਲਣ ਵਾਲੇ ਚੁੱਲ੍ਹੇ ਦੀ ਥਾਂ ਗੈਸ ਵਾਲਾ ਚੁੱਲ੍ਹਾ ਆ ਗਿਆ ਹੈ ਜਿਸ ਨਾਲ ਚੁੱਲ੍ਹੇ ਵਿੱਚ ਫੂਕਾਂ ਮਾਰਨ ਦਾ ਯਬਖਾਨਾ ਮੁੱਕ ਗਿਆ ਹੈ। ਪੇਂਡੂ ਘਰਾਂ ਵਿੱਚ ਮਿੱਟੀ ਦੇ ਬਣੇ ਹੋਏ ਅਨੇਕਾਂ ਕਿਸਮ ਦੇ ਚੁੱਲ੍ਹੇ ਮਿਲਦੇ ਸਨ। ਜਿਨ੍ਹਾਂ ਵਿੱਚ ਤੰਦੂਰ ਅਤੇ ਲੂੰਬੀ ਵਾਲਾ ਚੁੱਲ੍ਹਾ ਆਮ ਦੇਖੇ ਜਾ ਸਕਦੇ ਸਨ। ਕਈ ਲੋਕ ਤਾਂ ਚੁੱਲ੍ਹੇ ਨੂੰ ਏਨਾ ਸਜਾਉਂਦੇ ਸਨ ਕਿ ਦੇਖਿਆ ਰੱਜ ਨਹੀਂ ਸੀ ਆਉਂਦਾ। ਜੇ ਕਿਤੇ ਚੁੱਲ੍ਹੇ ਤੋਂ ਤਾਜ਼ੇ ਲਹਿੰਦੇ ਪ੍ਰਸਾਦੇ ਛਕਣ ਬਹਿ ਜਾਈਏ ਫਿਰ ਤਾਂ...। ਚੁੱਲ੍ਹਾ ਬਲਦਾ ਰੱਖਣ ਲਈ ਔਰਤ ਦਾ ਹੋਣਾ ਲਾਜ਼ਮੀ ਹੈ। ਜਿਵੇਂ ਆਖਦੇ ਨੇ;

ਰੰਨਾ ਵਾਲਿਆਂ ਦੇ ਪੱਕਣ ਪਰਾਉਂਠੇ,
ਛੜਿਆਂ ਦੀ ਅੱਗ ਨਾ ਬਲੇ।

ਕਿਸ਼ੋਰ ਅਵਸਥਾ ਵਿੱਚੋਂ ਲੰਘਦੀ ਹਰ ਮੁਟਿਆਰ ਦੇ ਰੁਝਾਨ ਨੂੰ ਇਨ੍ਹਾਂ ਚਾਰਾਂ ਵੇਦਾਂ ਚਾਟੀ, ਚੁੱਲ੍ਹਾ, ਚੱਕੀ, ਚਰਖਾ ਵੱਲ ਮੋੜਨਾ ਮਾਪਿਆਂ ਅਤੇ ਅਧਿਆਪਕਾਂ ਦਾ ਫਰਜ਼ ਬਣਦਾ ਹੈ। ਕਈ ਵਾਰ ਦੇਖਣ ਸੁਣਨ ਵਿੱਚ ਆਇਆ ਹੈ ਕਿ ਫਲਾਣੀ ਕਾਲਜੀਏਟ ਕੁੜੀ ਨੂੰ ਰੋਟੀ ਵੀ ਨਹੀਂ ਬਣਾਉਣੀ ਆਉਂਦੀ। ਕਿਉਂ? ਕਿਉਂਕਿ ਉਨ੍ਹਾਂ ਦਾ ਘਰ ਨੌਕਰਾਂ ਚਾਕਰਾਂ ਨਾਲ ਭਰਿਆ ਪਿਆ ਹੈ। ਖੈਰ ਕੁਝ ਵੀ ਹੋਵੇ ਪਰ ਸਭ ਨੂੰ ਇਨ੍ਹਾਂ ਚਾਰਾਂ ਕਾਰਜਾਂ ਵਿੱਚ ਮਾਹਿਰ ਹੋਣਾ ਚਾਹੀਦਾ ਹੈ। ਭਾਵੇਂ ਇਨ੍ਹਾਂ ਦੀ ਲੋੜ ਨਹੀਂ ਰਹੀ ਪਰ ਉਹ ਸਮਾਂ ਇਨ੍ਹਾਂ ਤੋਂ ਬਗੈਰ ਸੰਪੂਰਨ ਨਹੀਂ ਸੀ ਮੰਨਿਆ ਜਾਂਦਾ। ਜੇਕਰ ਅੱਜ ਦੀ ਮੁਟਿਆਰ ਵਾਸਤੇ ਗੱਲ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਸ ਨੂੰ ਸੂਚਨਾ ਕ੍ਰਾਂਤੀ ਦਾ ਗਿਆਨ ਜ਼ਰੂਰ ਹੋਣਾ ਚਾਹੀਦਾ ਹੈ। ਇਹ ਸਭ ਯੰਤਰ ਉਸ ਦੀ ਤਰੱਕੀ ਲਈ ਆਧਾਰ ਬਣ ਕੇ ਉਸ ਦੇ ਜੀਵਨ ਨੂੰ ਸੁਖਾਲਾ ਅਤੇ ਆਨੰਦਮਈ ਬਣਾਉਂਦੇ ਹਨ। ਬਦਲ ਰਹੇ ਜਨ ਜੀਵਨ ਬਾਰੇ ਸ਼ਾਇਰ ਲਿਖਦਾ ਹੈ:

ਚਰਖੇ ਤੇ ਚੁੱਲ੍ਹੇ ਦੀਆਂ ਭੁੱਲ ਕੇ ਸਾਰਾਂ ਨੂੰ
ਫੈਸ਼ਨਾਂ 'ਚ ਮਸਤ ਹੋ ਕੇ ਲੁੱਟਣ ਬਹਾਰਾਂ ਨੂੰ।

ਚਲਾਕ ਸੱਸ ਆਪਣੀ ਬਹੂ ਨੂੰ ਭਾਰਾ ਕੰਮ ਸੌਂਪਣ ਵੇਲੇ ਬੜੀ ਹਲੀਮੀ ਨਾਲ ਇਹ ਆਖਦੀ;

ਆ ਨੀਂ ਧੀਏ ਨਿੱਸਲ ਹੋ, ਚਰਖਾ ਛੱਡ ਤੇ ਚੱਕੀ ਝੋ।

ਇੱਕ ਸਮਾਂ ਸੀ ਜਦੋਂ ਏਨਾ ਰੁੱਝਿਆ ਹੋਇਆ ਆਮ ਜੀਵਨ ਨਹੀਂ ਸੀ ਕਿਉਂਕਿ ਉਸ ਵੇਲੇ ਸਾਇੰਸ ਨੇ ਅਜੇ ਏਨੀ ਤਰੱਕੀ ਨਹੀਂ ਸੀ ਕੀਤੀ। ਮਨੁੱਖ ਨੂੰ ਆਪਣੇ ਕਾਰਜਾਂ ਨੂੰ ਸਿਰੇ ਚੜ੍ਹਾਉਣ ਲਈ ਲਹੂ ਪਾਣੀ ਇੱਕ ਕਰਨਾ ਪੈਂਦਾ ਅਤੇ ਸਾਰੇ ਕੰਮ ਹੱਥੀਂ ਹੀ ਕੀਤੇ ਜਾਂਦੇ ਸਨ। ਔਰਤਾਂ ਨੇ ਸਾਰੇ ਟੱਬਰ ਲਈ ਤੜਕੇ ਤੜਕੇ ਚੱਕੀ ਵਿੱਚ ਦਾਣੇ ਪੀਸ ਕੇ ਆਟਾ ਬਣਾਉਣਾ। ਇੱਥੇ ਹੀ ਬਸ ਨਹੀਂ ਖੂਹ ਵਿੱਚੋਂ ਲੱਜਾਂ ਨਾਲ ਪਾਣੀ ਖਿੱਚਣਾ ਅਤੇ ਡਾਰਾਂ ਬੰਨ੍ਹ-ਬੰਨ੍ਹ ਖੂਹ ਨੂੰ ਜਾਣਾ ਉਨ੍ਹਾਂ ਦੀ ਰੋਜ਼ ਮਰ੍ਹਾ ਦੀ ਜ਼ਿੰਦਗੀ ਦਾ ਇੱਕ ਹੁਸੀਨ ਚਾਲਾ ਸੀ। ਅੱਜ ਨਾ ਤਾਂ ਖੂਹ ਰਹੇ ਅਤੇ ਨਾ ਹੀ ਖੂਹਾਂ 'ਤੇ ਮੁਟਿਆਰਾਂ ਦੀਆਂ ਢਾਣੀਆਂ ਜੁੜਦੀਆਂ ਹਨ। ਤਕਨੀਕੀ ਯੰਤਰਾਂ ਅਤੇ ਸਾਇੰਸ ਨੇ ਸਾਡੇ ਵਿਚਕਾਰ ਜਿੱਥੇ ਨੇੜਤਾ ਲਿਆਂਦੀ ਹੈ, ਉੱਥੇ ਸਾਨੂੰ ਮੌਤ ਦੇ ਨੇੜੇ ਵੀ ਲਿਆਂਦਾ ਹੈ। ਬੋਹੜ ਦੀ ਠੰਢੀ-ਠੰਢੀ ਛਾਂ ਕੋਈ ਵਿਰਲਾ ਹੀ ਮਾਣਦਾ ਹੈ। ਜਿੱਥੇ ਆਕਸੀਜਨ ਦਾ ਭੰਡਾਰ ਮਿਲਦਾ ਹੈ।

ਇੱਕ ਸਮਾਂ ਸੀ ਜਦੋਂ ਹਰ ਘਰ ਚੱਕੀ ਹੁੰਦੀ ਸੀ, ਪਰ ਅੱਜਕੱਲ੍ਹ ਤਾਂ ਇਹ ਸਾਰਾ ਕੁਝ ਅਜਾਇਬ ਘਰਾਂ ਵਿੱਚ ਹੀ ਦਿਖਾਈ ਦਿੰਦਾ ਹੈ। ਜਦੋਂ ਤੜਕੇ ਉੱਠ ਔਰਤਾਂ ਚੱਕੀ ਚਲਾਉਂਦੀਆਂ ਤਾਂ ਚੱਕੀ ਇੱਕ ਅਨੋਖਾ ਸੰਗੀਤ ਅਲਾਪਦੀ। ਮੁਟਿਆਰਾਂ ਦੇ ਮੂੰਹੋਂ ਆਪ ਮੁਹਾਰੇ ਹੀ ਗੀਤ ਵਹਿ ਤੁਰਦੇ। ਇੰਝ ਉਨ੍ਹਾਂ ਦਾ ਕੰਮ ਅਤੇ ਮਨੋਰੰਜਨ ਨਾਲੋ ਨਾਲ ਹੋਈ ਜਾਂਦੇ;

ਮੈਂ ਤੈਨੂੰ ਪੁੱਛਦੀ ਮਾਲੀਆ ਹੋ
ਇਹ ਬੂਟਾ ਕਾਹੇ ਦਾ ਲਾਇਆ
ਮੈਂ ਤੈਨੂੰ ਦੱਸਦਾ ਗੋਰੀਏ ਹੋ
ਇਹ ਬੂਟਾ ਨਰਮੇ ਦਾ ਲਾਇਆ ਹੋ।

ਚਰਖਾ ਤਾਂ ਪੇਂਡੂ ਘਰੇਲੂ ਉਦਯੋਗ ਦਾ ਇੱਕ ਧੁਰਾ ਰਿਹਾ ਹੈ। ਬਹੁਤ ਅਰਸਾ ਲੋਕਾਂ ਨੇ ਇਸ 'ਤੇ ਆਪਣਾ ਜੀਵਨ ਨਿਰਬਾਹ ਕੀਤਾ ਹੈ, ਪਰ ਹੁਣ ਪਹਿਲੇ ਵਾਲੀ ਗੱਲ ਨਹੀਂ ਰਹੀ। ਨਾ ਹੁਣ ਮੁਟਿਆਰਾਂ ਤ੍ਰਿੰਝਣ 'ਚ ਜੁੜ ਚਰਖੇ ਕੱਤਦੀਆਂ ਹਨ ਅਤੇ ਨਾ ਹੀ ਘਰਾਂ ਵਿੱਚ ਇਹ ਸਭ ਕੁਝ ਉਪਲੱਬਧ ਹੈ। ਵੀਹਵੀਂ ਸਦੀ ਦੇ ਅੰਤ ਤੱਕ ਬੁੱਢੀਆਂ ਮਾਈਆਂ ਲਈ ਇਹ ਹਲਕੀ ਕਸਰਤ ਦਾ ਇੱਕ ਸਾਧਨ ਰਹਿ ਗਿਆ ਸੀ। ਜੀਵਨ ਰੂਪੀ ਕਹਾਣੀ ਵਿੱਚ ਇਸ ਦਾ ਅਹਿਮ ਰੋਲ ਇੰਝ ਦਰਸਾਇਆ ਗਿਆ ਹੈ;

ਨੀਂ ਮੈਂ ਕੱਤਾਂ ਪ੍ਰੀਤਾਂ ਨਾਲ
ਚਰਖਾ ਚੰਨਣ ਦਾ।

ਇਹ ਵੀ ਇੱਕ ਤਲਖ ਹਕੀਕਤ ਹੈ ਕਿ ਸਮੇਂ ਦੀ ਤੋਰ ਨਾਲ ਸਮਾਜਿਕ ਰਹੁ ਰੀਤ ਬਦਲਦੇ ਰਹਿੰਦੇ ਹਨ;

ਬੇੜੀ ਦਾ ਪੂਰ ਤ੍ਰਿੰਝਣ ਦੀਆਂ ਕੁੜੀਆਂ
ਫੇਰ ਨਾ ਬਹਿਣਾ ਰਲ ਕੇ
ਜੋ ਪਾਣੀ ਅੱਜ ਪੱਤਣੋਂ ਲੰਘਿਆ
ਫੇਰ ਨਾ ਵਹਿਣਾ ਭਲ ਕੇ।

ਚਰਖਾ ਕੱਤਦੀ ਮੁਟਿਆਰ ਜਦੋਂ ਲੰਬੇ-ਲੰਬੇ ਤੰਦ ਪਾਉਂਦੀ ਹੈ ਤਾਂ ਗੱਭਰੂਆਂ ਦੇ ਮਨ 'ਤੇ ਕੀ ਬੀਤਦੀ ਹੈ, ਇਸ ਦਾ ਉਹ ਜ਼ਿਕਰ ਆਪ ਮੁਹਾਰਾ ਹੀ ਗੁਣਗੁਣਾ ਕੇ ਕੋਲੋਂ ਲੰਘਦਾ ਕਰਦਾ ਹੈ;

ਚਰਖੀ ਰੰਗੀਨ ਦਰਵਾਜ਼ੇ ਵਿੱਚ ਡਾਹ ਕੇ
ਜਦੋਂ ਪਾਉਂਦੀਏਂ ਤੂੰ ਲੰਬੇ-ਲੰਬੇ ਤੰਦ ਨੀਂ
ਰਹੀ ਬਚ ਕੇ ਹਾਨਣੇ ...।


ਇੱਥੇ ਹੀ ਬਸ ਨਹੀਂ ਚਰਖੇ ਦੀ ਘੂਕਰ ਸਿਰਫ਼ ਤੁਰੇ ਜਾਂਦੇ ਰਾਹੀਆਂ ਨੂੰ ਹੀ ਨਹੀਂ ਰੋਕਦੀ ਸੀ ਸਗੋਂ ਅਕਾਸ਼ ਤੱਕ ਮਾਰ ਕਰਦੀ;

ਜੋਗੀ ਉਤਰ ਪਹਾੜੋਂ ਆਇਆ
ਚਰਖੇ ਦੀ ਘੂਕ ਸੁਣ ਕੇ।

ਚਾਟੀ, ਚੁੱਲ੍ਹਾ, ਚੱਕੀ ਤੇ ਚਰਖਾ ਚਾਰ ਵੇਦਾਂ ਦੀ ਕਹਾਣੀ ਹੁਣ ਬੀਤੇ ਦੀ ਗੱਲ ਬਣ ਚੁੱਕੀ ਹੈ। ਇਨ੍ਹਾਂ ਵਿੱਚੋਂ ਬਹੁਤਿਆਂ ਦਾ ਤਾਂ ਪਤਨ ਹੀ ਹੋ ਚੁੱਕਾ ਸਮਝੋ। ਇਨ੍ਹਾਂ ਦੀ ਸੰਭਾਲ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ। ਅੱਜਕੱਲ੍ਹ ਤਾਂ ਇਹ ਸਭ ਕੁਝ ਮੇਲਿਆਂ 'ਤੇ ਲੱਗਦੀਆਂ ਨੁਮਾਇਸ਼ਾਂ ਵਿੱਚ ਹੀ ਦਿਖਾਈ ਦਿੰਦਾ ਹੈ। ਤੀਆਂ ਅਤੇ ਤ੍ਰਿੰਝਣਾਂ ਦੇ ਮੇਲੇ ਮੁੜ ਸੁਰਜੀਤ ਹੋ ਰਹੇ ਹਨ ਜਿਨ੍ਹਾਂ ਵਿੱਚੋਂ ਉਸ ਜ਼ਮਾਨੇ ਦੀਆਂ ਝਲਕੀਆਂ ਦੇਖੀਆਂ ਜਾ ਸਕਦੀਆਂ ਹਨ। ਇਹ ਸਭ ਸਾਧਨ ਸਾਡੀ ਆਰਥਿਕਤਾ ਨਾਲ ਵੀ ਜੁੜੇ ਰਹੇ ਹਨ। ਘਰ ਵਿੱਚ ਅਜਿਹੇ ਸਾਧਨਾਂ ਦੇ ਚੱਲਦੇ ਹੋਣ ਨਾਲ ਹੀ ਘਰ ਦੇ ਵਿਕਾਸ ਦਾ ਪਤਾ ਲੱਗਦਾ ਸੀ।




# ਮਨੁੱਖੀ ਸਰੀਰ ਲਈ ਖ਼ਤਰਨਾਕ ਹੋ ਸਕਦੀਆਂ ਨੇ ਵਜ਼ਨ ਘਟਾਉਣ ਵਾਲੀਆਂ ਦਵਾਈਆਂ





ਵਜ਼ਨ ਘਟਾਉਣ ਵਾਲੀਆਂ ਦਵਾਈਆਂ ਦਾ ਸਬੰਧ ਪੁਰਸ਼ਾਂ ਵਿੱਚ ਗੰਜੇਪਣ ਦੇ ਵਧੇਰੇ ਜੋਖ਼ਮ ਨਾਲ ਹੋ ਸਕਦਾ ਹੈ। ਜਿਨ੍ਹਾਂ ਪੁਰਸ਼ਾਂ ਵਿੱਚ ਪਹਿਲਾਂ ਹੀ ਇਸ ਸਥਿਤੀ ਲਈ ਪਿਤਾ-ਪੁਰਖੀ ਝੁਕਾਅ ਹੁੰਦਾ ਹੈ, ਉਨ੍ਹਾਂ ਵਿੱਚ ਇਹ ਖ਼ਤਰਾ ਸੱਤ ਫ਼ੀਸਦੀ ਵਧ ਜਾਂਦਾ ਹੈ। ਨਿਊਯਾਰਕ ਯੂਨੀਵਰਸਿਟੀ ਦੇ ਲੈਂਗੋਨ ਹੈਲਥ ਦੇ ਖੋਜਕਰਤਿਆਂ ਦਾ ਇਹ ਅਧਿਐਨ 'ਜਰਨਲ ਆਫ ਇਨਵੈਸਟੀਗੇਟਿਵ ਡਰਮੈਟੋਲੋਜੀ' ਵਿੱਚ ਹਾਲ ਹੀ ਵਿੱਚ ਆਨਲਾਈਨ ਪ੍ਰਕਾਸ਼ਿਤ ਹੋਇਆ ਹੈ।

ਇਸ ਅਧਿਐਨ ਵਿੱਚ ਪੈਨਸਿਲਵੇਨੀਆ ਯੂਨੀਵਰਸਿਟੀ, ਕਿੰਗਜ਼ ਕਾਲਜ ਲੰਡਨ ਅਤੇ ਕੋਲੰਬੀਆ ਯੂਨੀਵਰਸਿਟੀ ਦੇ ਖੋਜਕਰਤਿਆਂ ਨੇ ਵੀ ਹਿੱਸਾ ਲਿਆ। ਉਨ੍ਹਾਂ ਨੇ ਦੇਖਿਆ ਕਿ ਓਜ਼ੈਂਪਿਕ, ਵੇਗੋਵੀ ਅਤੇ ਜੇਪਬਾਊਂਡ ਵਰਗੀਆਂ ਵਜ਼ਨ ਘਟਾਉਣ ਵਾਲੀਆਂ ਦਵਾਈਆਂ ਨਾਲ ਵਾਲਾਂ ਦੇ ਝੜਨ ਦਾ ਖ਼ਤਰਾ ਵਧਦਾ ਹੈ ਅਤੇ ਜਦੋਂ ਇਸ ਵਿੱਚ ਪਿਤਾ-ਪੁਰਖੀ ਕਾਰਕ ਸ਼ਾਮਲ ਹੁੰਦੇ ਹਨ ਤਾਂ ਇਹ ਜੋਖ਼ਮ ਹੋਰ ਵੀ ਵਧ ਜਾਂਦਾ ਹੈ। ਪੀਅਰ-ਰੀਵਿਊਡ ਸਟੱਡੀ ਪਹਿਲਾ ਅਜਿਹਾ ਅਧਿਐਨ ਹੈ ਜਿਸ ਨੇ ਜੀਐੱਲਪੀ-1 ਸਰਗਰਮੀ ਅਤੇ 'ਐਂਡ੍ਰੋਜੈਨੇਟਿਕ ਐਲੋਪੀਸੀਆ' ਦੇ ਵਧਦੇ ਜੋਖ਼ਮ ਵਿਚਕਾਰ ਜੈਨੇਟਿਕ ਸਬੰਧ ਦੀ ਪਛਾਣ ਕੀਤੀ ਹੈ।

ਖੋਜਕਰਤਿਆਂ ਨੇ ਜੀਐੱਲਪੀ-1 ਆਰ ਜੀਨ ਦਾ ਅਧਿਐਨ ਕੀਤਾ ਜੋ ਸੁਭਾਵਕ ਤੌਰ 'ਤੇ ਸਰੀਰ ਵਿੱਚ ਜੀ.ਐੱਲ.ਪੀ.-1 ਰਿਸੈਪਟਰ ਪ੍ਰੋਟੀਨ ਦੇ ਪੱਧਰ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਸ ਦੀ ਸਰਗਰਮੀ ਦੀ ਤੁਲਨਾ ਪੁਰਸ਼ਾਂ ਵਿੱਚ ਐਂਡ੍ਰੋਜੈਨੇਟਿਕ ਐਲੋਪੀਸੀਆ ਨਾਲ ਸਬੰਧਿਤ ਪਿਤਾ-ਪੁਰਖੀ ਮਾਰਕਰਾਂ ਨਾਲ ਕੀਤੀ। ਉਨ੍ਹਾਂ ਨੇ ਦੇਖਿਆ ਕਿ ਜੀਐੱਲਪੀ-1 ਆਰ ਜੀਨ, ਜੋ ਸੁਭਾਵਕ ਤੌਰ 'ਤੇ ਜੀਐੱਲਪੀ-1 ਰਿਸੈਪਟਰ ਪ੍ਰੋਟੀਨ ਦੇ ਉੱਚ ਪੱਧਰ ਨਾਲ ਜੁੜੇ ਹੋਏ ਸਨ, ਉਹ ਪੁਰਸ਼ਾਂ ਵਿੱਚ ਐਂਡ੍ਰੋਜੈਨੇਟਿਕ ਐਲੋਪੀਸੀਆ ਦੇ ਮਾਮਲਿਆਂ ਵਿੱਚ ਵੱਧ ਪਾਏ ਗਏ। ਉੱਚ ਬਲੱਡ ਪ੍ਰੈਸ਼ਰ ਨੂੰ ਧਿਆਨ ਵਿੱਚ ਰੱਖਦੇ ਹੋਏ, ਜੋ ਖੋਪੜੀ ਵਿੱਚ ਖ਼ੂਨ ਦੇ ਵਹਾਅ ਨੂੰ ਘਟਾਉਣ ਤੇ ਵਾਲਾਂ ਦੇ ਵਾਧੂ ਵਿਕਾਸ ਨੂੰ ਪ੍ਰਭਾਵਿਤ ਕਰਨ ਲਈ ਜਾਣਿਆ ਜਾਂਦਾ ਹੈ, ਵਾਧੂ ਖ਼ਤਰਾ ਸੱਤ ਫ਼ੀਸਦੀ ਬਣਿਆ ਰਹਿੰਦਾ ਹੈ।

ਖੋਜਕਰਤਿਆਂ ਨੇ ਵਾਲਾਂ ਦੇ ਝੜਨ ਨਾਲ ਸਬੰਧਿਤ ਹੋਰ ਸੰਭਾਵੀ ਕਾਰਕਾਂ ਦਾ ਵੀ ਮੁਲਾਂਕਣ ਕੀਤਾ ਜਿਸ ਵਿੱਚ ਇੰਸੂਲਿਨ ਵਿਰੋਧ ਅਤੇ ਘੱਟ ਟੈਸਟੋਸਟੇਰੋਨ ਪੱਧਰ ਸ਼ਾਮਲ ਹਨ। ਜੀਐੱਲਪੀ-1 ਸਰਗਰਮੀ ਨਾਲ ਸਬੰਧਿਤ ਸੱਤ ਫ਼ੀਸਦ ਵਧੇ ਹੋਏ ਜੋਖ਼ਮ ਨੂੰ ਇਨ੍ਹਾਂ ਕਾਰਕਾਂ 'ਤੇ ਵਿਚਾਰ ਕਰਨ ਤੋਂ ਬਾਅਦ ਵੀ ਬਰਕਰਾਰ ਰੱਖਿਆ ਗਿਆ। ਜੀਐੱਲਪੀ-1 ਦਵਾਈਆਂ ਬਲੱਡ ਸ਼ੂਗਰ ਨੂੰ ਕੰਟਰੋਲ ਕਰਨ ਅਤੇ ਭੁੱਖ ਨੂੰ ਦਬਾਉਣ ਲਈ ਵਰਤੀਆਂ ਜਾਂਦੀਆਂ ਹਨ ਅਤੇ ਕਈ ਇਸਤੇਮਾਲਕਾਰਾਂ ਨੇ ਇਸ ਨੂੰ ਇਕ ਸਾਈਡ ਇਫੈਕਟ ਵਜੋਂ ਵਾਲਾਂ ਦੇ ਪਤਲੇ ਹੋਣ ਦੀ ਸੂਚਨਾ ਦਿੱਤੀ ਹੈ।

ਹਾਲਾਂਕਿ, ਹੁਣ ਤੱਕ ਜੀ.ਐੱਲ.ਪੀ.-1 ਦੀ ਵਰਤੋਂ ਅਤੇ ਵਾਲਾਂ ਦੇ ਝੜਨ ਵਿਚਕਾਰ ਪਿਤਾ-ਪੁਰਖੀ ਸਬੰਧ ਸਿਰਫ਼ ਖ਼ਦਸ਼ਾ ਵਿੱਚ ਸੀ। ਇਹ ਅਧਿਐਨ ਜੀਐੱਲਪੀ-1 ਦੀ ਵਰਤੋਂ ਅਤੇ ਐਂਡ੍ਰੋਜੈਨੇਟਿਕ ਐਲੋਪੀਸੀਆ ਨਾਲ ਸਬੰਧਤ ਪੁਰਸ਼ ਪੈਟਰਨ ਵਾਲਾਂ ਦੇ ਝੜਨ ਵਿਚਲਾ ਪਹਿਲਾ ਅਨੁਵੰਸ਼ਿਕ ਸਬੰਧ ਪ੍ਰਦਾਨ ਕਰਦਾ ਹੈ।

## ਮਨੁੱਖੀ ਸਰੀਰ ਲਈ ਹਾਨੀਕਾਰਕ ਹੈ ਮਾਈਕ੍ਰੋਪਲਾਸਟਿਕ



ਮਾਈਕ੍ਰੋਪਲਾਸਟਿਕ ਸਿਰਫ਼ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵਾਲੇ ਮਹੀਨ ਪਲਾਸਟਿਕ ਕਣ ਨਹੀਂ ਹਨ। ਚੀਨ ਦੇ ਵਿਗਿਆਨੀਆਂ ਦੇ ਅਧਿਐਨ ਅਨੁਸਾਰ ਇਹ ਕਣ ਆਪਣੇ ਨਾਲ ਜ਼ਹਿਰੀਲੇ ਰਸਾਇਣ, ਸੂਖਮ ਜੀਵ ਅਤੇ ਐਂਟੀਬਾਇਓਟਿਕ ਪ੍ਰਤੀਰੋਧੀ ਜੀਨ ਨੂੰ ਇਕ ਥਾਂ ਤੋਂ ਦੂਜੀ ਥਾਂ ਪਹੁੰਚਾ ਸਕਦੇ ਹਨ। ਪਾਣੀ, ਮਿੱਟੀ ਅਤੇ ਖੁਰਾਕ-ਸ਼੍ਰੇਣੀ ਰਾਹੀਂ ਇਹ ਪ੍ਰਦੂਸ਼ਕਾਂ ਦੇ ਵੱਖ-ਵੱਖ ਹਾਲਾਤ ਤੰਤਰਾਂ ਅਤੇ ਜੀਵਾਂ ਤੱਕ ਪਹੁੰਚਣ ਦਾ ਖ਼ਤਰਾ ਹੋ ਸਕਦਾ ਹੈ।

'ਐਨਰਜੀ ਐਂਡ ਇਨਵਾਇਰਨਮੈਂਟ ਨੈਕਸਸ' ਜਰਨਲ ਵਿੱਚ ਪ੍ਰਕਾਸ਼ਿਤ ਸਮੀਖਿਆ ਵਿੱਚ ਕਿਹਾ ਗਿਆ ਹੈ ਕਿ ਮਾਈਕ੍ਰੋਪਲਾਸਟਿਕ ਦੇ ਪ੍ਰਭਾਵ ਨੂੰ ਸਿਰਫ਼ ਪਲਾਸਟਿਕ ਦੇ ਕਣਾਂ ਨਾਲ ਹੋਣ ਵਾਲੇ ਨੁਕਸਾਨ ਤੱਕ ਸੀਮਤ ਨਹੀਂ ਕੀਤਾ ਜਾਣਾ ਚਾਹੀਦਾ। ਵਾਤਾਵਰਣ ਵਿੱਚ ਮੌਜੂਦ ਰਸਾਇਣਕ ਅਤੇ ਜੈਵਿਕ ਪ੍ਰਦੂਸ਼ਕਾਂ ਨਾਲ ਇਨ੍ਹਾਂ ਦੀ ਪਰਸਪਰ ਕਿਰਿਆ ਵੀ ਜੋਖ਼ਮ ਨੂੰ ਵਧਾ ਸਕਦੀ ਹੈ। ਇਸ ਨੂੰ ਸਮਝਣ ਲਈ ਖੋਜਕਰਤਾਵਾਂ ਨੇ ਭੌਤਿਕ, ਰਸਾਇਣਕ ਅਤੇ ਜੈਵਿਕ ਕਾਰਕਾਂ 'ਤੇ ਆਧਾਰਿਤ ਤਿੰਨ-ਪੱਧਰੀ ਫਰੇਮਵਰਕ ਵੀ ਪ੍ਰਸਤਾਵਿਤ ਕੀਤਾ ਹੈ।

ਚੀਨ ਦੀ ਜਿਆਂਗਸ਼ੀ ਐਗਰੀਕਲਚਰਲ ਯੂਨੀਵਰਸਿਟੀ ਦੇ ਖੋਜਕਰਤਾ ਜਿੰਗਲਿਆਂਗ ਸ਼ੀ ਮੁਤਾਬਕ, ਮਾਈਕ੍ਰੋਪਲਾਸਟਿਕ ਨੂੰ ਵਾਤਾਵਰਨ ਵਿਚ ਅਲੱਗ-ਥਲੱਗ ਮੌਜੂਦ ਕਣਾਂ ਦੇ ਤੌਰ 'ਤੇ ਨਹੀਂ ਦੇਖਿਆ ਜਾਣਾ ਚਾਹੀਦਾ। ਇਨ੍ਹਾਂ ਦੀ ਸਤ੍ਹਾ 'ਤੇ ਲੰਬੇ ਸਮੇਂ ਤੱਕ ਟਿਕੇ ਰਹਿਣ ਵਾਲੇ ਕਾਰਬਨਿਕ ਪ੍ਰਦੂਸ਼ਕ, ਭਾਰੀ ਧਾਤਾਂ ਅਤੇ ਹੋਰ ਹਾਨੀਕਾਰਕ ਪਦਾਰਥ ਜੰਮ ਸਕਦੇ ਹਨ। ਇਸ ਨੂੰ 'ਟ੍ਰੋਜਨ ਹਾਰਸ ਇਫੈਕਟ' ਕਿਹਾ ਜਾਂਦਾ ਹੈ।

ਜਦੋਂ ਕੋਈ ਜੀਵ ਇਨ੍ਹਾਂ ਕਣਾਂ ਨੂੰ ਨਿਗਲਦਾ ਹੈ ਤਾਂ ਪਾਚਨ ਤੰਤਰ ਵਿਚ ਪਹੁੰਚਣ ਤੋਂ ਬਾਅਦ ਸਤ੍ਹਾ 'ਤੇ ਜੰਮਿਆ ਪ੍ਰਦੂਸ਼ਕ ਰਿਲੀਜ਼ ਹੋ ਸਕਦੇ ਹਨ। ਆਮ ਮਾਈਕ੍ਰੋਪਲਾਸਟਿਕ ਰਾਹੀਂ ਇਹ ਪਦਾਰਥ ਮੁੱਖ ਤੌਰ 'ਤੇ ਗੈਸਟਰੋਇੰਟੈਸਟਾਈਨਲ ਟ੍ਰੈਕਟ ਤੱਕ ਪਹੁੰਚ ਸਕਦੇ ਹਨ ਜਦਕਿ ਇੱਕ ਮਾਈਕ੍ਰੋਮੀਟਰ ਤੋਂ ਛੋਟੇ ਨੈਨੋ-ਪਲਾਸਟਿਕ ਜੈਵਿਕ ਝਿੱਲੀਆਂ ਨੂੰ ਪਾਰ ਕਰ ਕੇ ਅੰਦਰੂਨੀ ਅੰਗਾਂ ਤੱਕ ਪਹੁੰਚਣ ਦੀ ਸਮਰੱਥਾ ਰੱਖਦੇ ਹਨ।

ਖੋਜਕਰਤਾਵਾਂ ਨੇ ਮਾਈਕ੍ਰੋਪਲਾਸਟਿਕ ਦੀ ਸਤ੍ਹਾ 'ਤੇ ਬਣਦੇ ਸੂਖਮ ਜੀਵ ਭਾਈਚਾਰਿਆਂ ਨੂੰ ਵੀ ਚਿੰਤਾ ਦਾ ਵਿਸ਼ਾ ਦੱਸਿਆ ਹੈ। ਇਨ੍ਹਾਂ ਨੂੰ 'ਪਲਾਸਟਿਸਫੀਅਰ' ਕਿਹਾ ਜਾਂਦਾ ਹੈ। ਇੱਥੇ ਬਣਨ ਵਾਲੀ ਬਾਇਓਫਿਲਮ ਰੋਗਜਨਕਾਂ ਅਤੇ ਐਂਟੀਬਾਇਓਟਿਕ ਪ੍ਰਤੀਰੋਧੀ ਜੀਨ ਲਈ ਉੱਨਤ ਵਾਤਾਵਰਨ ਪ੍ਰਦਾਨ ਕਰ ਸਕਦੀ ਹੈ।

ਬਾਇਓਫਿਲਮ ਵਿਚ ਸੂਖਮ ਜੀਵ ਇਕ-ਦੂਜੇ ਦੇ ਨੇੜੇ ਰਹਿੰਦੇ ਹਨ ਜਿਸ ਨਾਲ ਉਨ੍ਹਾਂ ਦੇ ਵਿਚਕਾਰ ਜੀਨ ਦਾ ਤਬਾਦਲਾ ਆਸਾਨ ਹੋ ਸਕਦਾ ਹੈ। ਇਸ ਨਾਲ ਐਂਟੀਬਾਇਓਟਿਕ ਪ੍ਰਤੀਰੋਧੀ ਜੀਨ ਦੇ ਫੈਲਣ ਦਾ ਖ਼ਤਰਾ ਵਧ ਸਕਦਾ ਹੈ। ਅਧਿਐਨ ਅਨੁਸਾਰ, ਮਾਈਕ੍ਰੋਪਲਾਸਟਿਕ ਦਾ ਆਕਾਰ, ਆਕ੍ਰਿਤੀ ਅਤੇ ਉਮਰ ਅਤੇ ਇਸ ਦੀ ਰਸਾਇਣਕ ਬਣਤਰ ਇਹ ਨਿਰਧਾਰਤ ਕਰਦੀ ਹੈ ਕਿ ਇਹ ਕਿੰਨੀ ਮਾਤਰਾ ਵਿੱਚ ਪ੍ਰਦੂਸ਼ਕਾਂ ਨੂੰ ਆਪਣੇ ਨਾਲ ਲਿਜਾ ਸਕਦਾ ਹੈ। ਇਸੇ ਤਰ੍ਹਾਂ, ਬਾਇਓਫਿਲਮ ਦਾ ਬਣਨਾ, ਜੀਵਾਂ ਦੁਆਰਾ ਮਾਈਕ੍ਰੋਪਲਾਸਟਿਕ ਨੂੰ ਨਿਗਲਣਾ ਅਤੇ ਖੁਰਾਕ-ਸ਼੍ਰੇਣੀ ਰਾਹੀਂ ਇਸ ਦਾ ਤਬਾਦਲਾ ਇਹ ਨਿਰਧਾਰਤ ਕਰਦਾ ਹੈ ਕਿ ਇਹ ਪ੍ਰਦੂਸ਼ਕ ਜੀਵਾਂ ਤੱਕ ਕਿਵੇਂ ਪਹੁੰਚਣਗੇ। ਖੋਜਕਰਤਾਵਾਂ ਨੇ 30 ਦਿਨਾਂ ਤੋਂ ਵੱਧ ਦੇ ਲੰਬੇ ਸੰਪਰਕ ਨੂੰ ਉਨ੍ਹਾਂ ਹਾਲਾਤ ਵਿੱਚ ਸ਼ਾਮਲ ਕੀਤਾ ਹੈ, ਜਿੱਥੇ ਮਾਈਕ੍ਰੋਪਲਾਸਟਿਕ ਦੇ ਰਸਾਇਣਕ ਅਤੇ ਜੈਵਿਕ ਵਾਹਕ ਪ੍ਰਭਾਵ ਖ਼ਾਸ ਤੌਰ 'ਤੇ ਮਹੱਤਵਪੂਰਨ ਹੋ ਸਕਦੇ ਹਨ।

## ਕੁਝ ਖ਼ਾਸ ਲੋਕਾਂ ਨੂੰ ਹੀ ਕਿਉਂ ਨਿਸ਼ਾਨਾ ਬਣਾਉਂਦੇ ਹਨ ਮੱਛਰ ?





ਮੱਛਰਾਂ ਦਾ ਵੱਢਣਾ ਕਿਸੇ ਨੂੰ ਵੀ ਪਸੰਦ ਨਹੀਂ ਪਰ ਕੀ ਤੁਸੀਂ ਕਦੇ ਸੋਚਿਆ ਹੈ ਕਿ ਹਜ਼ਾਰਾਂ ਦੀ ਭੀੜ ਵਿੱਚ ਵੀ ਮੱਛਰ ਕੁਝ ਖ਼ਾਸ ਲੋਕਾਂ ਨੂੰ ਹੀ ਕਿਉਂ ਨਿਸ਼ਾਨਾ ਬਣਾਉਂਦੇ ਹਨ ?

ਮਸ਼ਹੂਰ ਸਾਇੰਸ ਜਰਨਲ 'ਨੇਚਰ ਕਮਿਊਨੀਕੇਸ਼ਨਜ਼' ਵਿੱਚ ਛਪੀ ਇੱਕ ਖੋਜ ਇਸ ਪਹੇਲੀ ਨੂੰ ਸੁਲਝਾਉਂਦੀ ਹੈ। ਜੀ ਹਾਂ, ਇਸ ਵਿੱਚ ਖੋਜਕਰਤਾਵਾਂ ਨੇ ਸਾਬਤ ਕੀਤਾ ਹੈ ਕਿ ਮੱਛਰ ਤੁਹਾਡੇ ਤੱਕ ਪਹੁੰਚਣ ਲਈ ਸਿਰਫ਼ ਤੁਹਾਡੀ ਗੰਧ 'ਤੇ ਨਿਰਭਰ ਨਹੀਂ ਰਹਿੰਦੇ, ਸਗੋਂ ਤੁਹਾਡੇ ਕੱਪੜਿਆਂ ਦਾ ਰੰਗ ਵੀ ਇਸ ਵਿੱਚ ਬਰਾਬਰ ਦਾ ਹਿੱਸੇਦਾਰ ਹੁੰਦਾ ਹੈ।

ਯੂਨੀਵਰਸਿਟੀ ਆਫ਼ ਵਾਸ਼ਿੰਗਟਨ, ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਅਤੇ ਜਰਮਨੀ ਦੀ ਫ੍ਰੀਬਰਗ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਮਿਲ ਕੇ ਇਹ ਸ਼ਾਨਦਾਰ ਅਧਿਐਨ ਕੀਤਾ ਹੈ। ਖੋਜ ਟੀਮ ਦੇ ਲੀਡਰ ਪ੍ਰੋਫੈਸਰ ਜੈਫਰੀ ਰਿਫੈਲ ਦੇ ਮੁਤਾਬਕ, ਮਾਦਾ 'ਏਡੀਜ਼ ਇਜਿਪਟੀ' ਮੱਛਰ ਆਪਣੇ ਸ਼ਿਕਾਰ ਨੂੰ ਲੱਭਣ ਲਈ ਸੁੰਘਣ ਅਤੇ ਦੇਖਣ ਦੀ ਦੋਹਰੀ ਰਣਨੀਤੀ ਅਪਣਾਉਂਦੀ ਹੈ।

ਜਦੋਂ ਅਸੀਂ ਸਾਹ ਛੱਡਦੇ ਹਾਂ ਤਾਂ ਕਾਰਬਨ ਡਾਇਓਕਸਾਈਡ ਹਵਾ ਵਿੱਚ ਘੁਲ ਜਾਂਦੀ ਹੈ। ਇਹ ਗੈਸ ਮੱਛਰਾਂ ਲਈ ਇੱਕ ਐਕਟੀਵੇਸ਼ਨ ਸਵਿੱਚ ਵਾਂਗ ਕੰਮ ਕਰਦੀ ਹੈ।ਸੀ.ਓ. 2 ਗੰਧ ਮਿਲਦਿਆਂ ਹੀ ਮੱਛਰ ਚੌਕੰਨੇ ਹੋ ਜਾਂਦੇ ਹਨ ਅਤੇ ਉਨ੍ਹਾਂ ਦੀਆਂ ਅੱਖਾਂ ਸ਼ਿਕਾਰ ਨੂੰ ਲੱਭਣ ਲਈ ਤੇਜ਼ੀ ਨਾਲ ਕੰਮ ਕਰਨ ਲੱਗਦੀਆਂ ਹਨ।

ਸਟੱਡੀ ਦਾ ਸਭ ਤੋਂ ਹੈਰਾਨ ਕਰਨ ਵਾਲਾ ਖ਼ੁਲਾਸਾ ਇਹ ਹੈ ਕਿ ਸੀ.ਓ. 2 ਸੁੰਘਣ ਤੋਂ ਬਾਅਦ ਮੱਛਰ ਅੰਨ੍ਹੇ ਹੋ ਕੇ ਨਹੀਂ ਉੱਡਦੇ, ਸਗੋਂ ਉਹ ਖ਼ਾਸ ਰੰਗਾਂ ਦੀ ਭਾਲ ਕਰਦੇ ਹਨ। ਪ੍ਰਯੋਗ ਵਿੱਚ ਦੇਖਿਆ ਗਿਆ ਕਿ ਮੱਛਰ ਲਾਲ, ਸੰਤਰੀ ਅਤੇ ਕਾਲੇ ਰੰਗਾਂ ਵੱਲ ਚੁੰਬਕ ਵਾਂਗ ਖਿੱਚੇ ਚਲੇ ਆਉਂਦੇ ਹਨ।

ਇਸ ਦੇ ਉਲਟ, ਜੇਕਰ ਸਾਹਮਣੇ ਹਰਾ, ਚਿੱਟਾ, ਨੀਲਾ ਜਾਂ ਜਾਮਣੀ ਰੰਗ ਹੋਵੇ ਤਾਂ ਉਹ ਉਸ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੰਦੇ ਹਨ। ਯਾਨੀ ਜੇਕਰ ਤੁਸੀਂ ਗਰਮੀਆਂ ਵਿੱਚ ਚਿੱਟੇ ਜਾਂ ਹਰੇ ਰੰਗ ਦੇ ਕੱਪੜੇ ਪਾਉਂਦੇ ਹੋ, ਤਾਂ ਤੁਸੀਂ ਮੱਛਰਾਂ ਦੀ ਨਜ਼ਰ ਤੋਂ ਕਾਫ਼ੀ ਹੱਦ ਤੱਕ ਬਚ ਸਕਦੇ ਹੋ।

ਮੱਛਰ ਲਾਲ ਅਤੇ ਸੰਤਰੀ ਰੰਗ ਦੇ ਪਿੱਛੇ ਹੀ ਕਿਉਂ ਭੱਜਦੇ ਹਨ ? ਵਿਗਿਆਨੀਆਂ ਨੇ ਇਸ ਦਾ ਵੀ ਸਟੀਕ ਜਵਾਬ ਦਿੱਤਾ ਹੈ। ਇਨਸਾਨ ਦੀ ਚਮੜੀ ਦਾ ਰੰਗ ਚਾਹੇ ਕਿੰਨਾ ਵੀ ਗੋਰਾ ਜਾਂ ਸਾਂਵਲਾ ਕਿਉਂ ਨਾ ਹੋਵੇ, ਮੱਛਰਾਂ ਦੀਆਂ ਅੱਖਾਂ ਨੂੰ ਸਾਡੇ ਸਰੀਰ ਤੋਂ ਹਮੇਸ਼ਾ ਲਾਲ ਅਤੇ ਸੰਤਰੀ ਰੰਗ ਦੀਆਂ 'ਲਾਂਗ-ਵੇਵਲੈਂਥ' (ਲੰਬੀਆਂ ਤਰੰਗਾਂ) ਹੀ ਦਿਖਾਈ ਦਿੰਦੀਆਂ ਹਨ। ਸਾਡੀ ਚਮੜੀ ਹੀ ਮੱਛਰਾਂ ਲਈ ਇੱਕ ਵੱਡਾ ਲਾਲ ਸਿਗਨਲ ਹੈ, ਜੋ ਉਨ੍ਹਾਂ ਨੂੰ ਦਾਵਤ ਲਈ ਬੁਲਾਉਂਦਾ ਹੈ।

ਵਿਗਿਆਨੀਆਂ ਨੇ ਹਵਾ ਦੀ ਇੱਕ ਵਿਸ਼ੇਸ਼ ਸੁਰੰਗ ਬਣਾਈ ਤੇ 34 ਕੈਮਰਿਆਂ ਰਾਹੀਂ ਮੱਛਰਾਂ ਦੀਆਂ ਹਰਕਤਾਂ 'ਤੇ ਬਾਰੀਕੀ ਨਾਲ ਨਜ਼ਰ ਰੱਖੀ। ਉਨ੍ਹਾਂ ਨੇ ਕੁਝ ਕਮਾਲ ਦੇ ਪ੍ਰਯੋਗ ਕੀਤੇ

ਜਦੋਂ ਉਨ੍ਹਾਂ ਨੇ ਇੱਕ ਖ਼ਾਸ ਫਿਲਟਰ ਲਗਾ ਕੇ ਇਨਸਾਨੀ ਚਮੜੀ ਤੋਂ ਨਿਕਲਣ ਵਾਲੇ ਲਾਲ-ਸੰਤਰੀ ਸਿਗਨਲ ਨੂੰ ਛੁਪਾ ਦਿੱਤਾ ਤਾਂ ਮੱਛਰਾਂ ਨੇ ਇਨਸਾਨਾਂ 'ਤੇ ਧਿਆਨ ਦੇਣਾ ਬੰਦ ਕਰ ਦਿੱਤਾ।

ਵਿਗਿਆਨੀਆਂ ਨੇ ਕੁਝ ਅਜਿਹੇ 'ਮਿਊਟੈਂਟ' ਮੱਛਰ ਵੀ ਤਿਆਰ ਕੀਤੇ, ਜਿਨ੍ਹਾਂ ਦੀ ਜਾਂ ਤਾਂ ਸੀ.ਓ. 2 ਸੁੰਘਣ ਦੀ ਸਮਰੱਥਾ ਖ਼ਤਮ ਕਰ ਦਿੱਤੀ ਗਈ ਸੀ ਜਾਂ ਫਿਰ ਉਹ ਲਾਲ ਰੰਗ ਨਹੀਂ ਦੇਖ ਸਕਦੇ ਸਨ। ਹੈਰਾਨ ਕਰਨ ਵਾਲੀ ਗੱਲ ਇਹ ਰਹੀ ਕਿ ਇਨ੍ਹਾਂ ਮਿਊਟੈਂਟ ਮੱਛਰਾਂ ਨੇ ਵੀ ਇਨਸਾਨਾਂ ਨੂੰ ਆਪਣਾ ਸ਼ਿਕਾਰ ਬਣਾਉਣ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ।



# ਪਹੁ-ਫੁਟਾਲੇ ਤੋਂ ਬਾਅਦ!

**ਬਲਜੀਤ ਸਿੰਘ ਗੁਰਮ**

ਮਿਸਤਰੀ ਬਾਬਾ ਬਚਨਾ ਆਪਣੇ ਕਾਰਖਾਨੇ ਦੀ ਕੋਠੜੀ ਦੇ ਬਾਹਰ ਗਲੀ ਵੱਲ ਵਿਹੜੇ 'ਚ ਸਫ਼ਾਈ ਅਤੇ ਪਾਣੀ ਛਿੜਕਣ ਉਪਰੰਤ ਆਪਣੇ ਔਜ਼ਾਰ ਲੈ ਕੇ ਕੰਮ ਵਿੱਚ ਜੁਟ ਜਾਂਦਾ। ਖੇਤੀ ਦੇ ਔਜ਼ਾਰਾਂ, ਦਾਤੀਆਂ, ਖੁਰਪੇ ਤੇ ਕਹੀਆਂ ਆਦਿ 'ਚ ਦੰਦੇ ਕਢਵਾਉਣ ਜਾਂ ਚੰਡਾਉਣ ਲਈ ਸਵੇਰ ਤੋਂ ਹੀ ਲੋਕ ਆਉਣ-ਜਾਣ ਲੱਗ ਜਾਂਦੇ। ਕੁਝ ਲੋਕ ਐਵੇਂ ਹੀ ਸਮਾਂ ਲੰਘਾਉਣ ਜਾਂ ਗੱਲਾਂ ਸੁਣਨ-ਕਰਨ ਲਈ ਬਾਬੇ ਦੇ ਇਰਦ-ਗਿਰਦ ਬੈਠੇ ਰਹਿੰਦੇ। ਬਾਬਾ ਬਚਨਾ ਇਤਮਿਨਾਨ ਨਾਲ ਆਪਣੇ ਕੰਮ ਵਿੱਚ ਰੁੱਝਿਆ ਰਹਿੰਦਾ। ਜਗਤ ਸਿੰਘ ਵੀ ਜੇਲ੍ਹ ਕੱਟਣ ਤੋਂ ਬਾਅਦ ਆਥਣ-ਸਵੇਰ ਬਾਬੇ ਨੇੜੇ ਪਏ ਲੋਹੇ ਦੇ ਸਟੂਲ 'ਤੇ ਬੈਠ ਜਾਂਦਾ, ਆਪ ਉਹ ਘੱਟ ਹੀ ਬੋਲਦਾ ਸੀ ਬਸ ਸੁਣਦਾ, ਭੋਰਾ ਮੁਸਕਰਾਉਂਦਾ ਜਾਂ ਹੂੰ-ਹਾਂ ਕਰ ਛੱਡਦਾ ਸੀ। ਸ਼ੇਰੇ ਦੇ ਬਾਪੂ ਰਾਮ ਸਿੰਘ ਨੂੰ ਉਸ ਨੇ ਕਤਲ ਕਰ ਦਿੱਤਾ ਸੀ ਕਿਉਂਕਿ ਰਾਮ ਸਿੰਘ ਨੇ ਜਗਤ ਸਿੰਘ ਦੇ ਪਿਓ ਹਜ਼ੂਰਾ ਸਿੰਘ ਨੂੰ ਜ਼ਮੀਨ ਦੇ ਝਗੜੇ ਵਿੱਚ ਕਤਲ ਕਰ ਦਿੱਤਾ ਸੀ, ਜਿਸ ਦਾ ਬਦਲਾ ਜਗਤ ਸਿੰਘ ਨੇ ਸ਼ੇਰੇ ਦੇ ਬਾਪੂ ਰਾਮ ਸਿੰਘ ਨੂੰ ਮਾਰ ਕੇ ਲਿਆ ਸੀ ਪਰ ਗਵਾਹਾਂ ਦੇ ਮੁੱਕਰ ਜਾਣ ਕਾਰਨ ਉਹ ਕੁਝ ਸਾਲਾਂ ਬਾਅਦ ਹੀ ਜੇਲ੍ਹ 'ਚੋਂ ਬਾਹਰ ਆ ਗਿਆ ਸੀ। ਜੇਲ੍ਹ ਤੋਂ ਆਇਆਂ ਨੂੰ ਵੀ ਉਸ ਨੂੰ 15-18 ਸਾਲ ਹੋ ਚੁੱਕੇ ਸਨ।

ਜਗਤ ਸਿੰਘ ਹੁਣ ਪੂਰੀ ਤਰ੍ਹਾਂ ਬਦਲ ਚੁੱਕਿਆ ਸੀ। ਦੁਸ਼ਮਣੀ ਹੋਰ ਅੱਗੇ ਨਾ ਵਧੇ, ਇਸ ਲਈ ਉਸ ਨੇ ਆਪਣੇ ਦੋਵੇਂ ਲੜਕੇ ਅਮਰੀਕਾ ਸੈਟਲ ਕਰ ਦਿੱਤੇ ਸਨ। ਹੁਣ ਉਸ ਦਾ ਰੁਝਾਨ ਸਮਾਜਿਕ ਅਤੇ ਧਾਰਮਿਕ ਕੰਮਾਂ ਵੱਲ ਵਧੇਰੇ ਹੋਣ ਲੱਗ ਪਿਆ ਸੀ। ਆਥਣ-ਸਵੇਰ ਗੁਰੂ ਘਰ ਜਾਣਾ ਉਹਦਾ ਨਿਯਮ ਬਣ ਚੁੱਕਾ ਸੀ। ਜ਼ਮੀਨ ਚੰਗੀ ਸੀ, ਜਿਸ ਨੂੰ ਉਸ ਨੇ ਠੇਕੇ 'ਤੇ ਦੇ ਦਿੱਤਾ ਸੀ। ਪਤੀ-ਪਤਨੀ ਹੁਣ ਚੈਨ ਨਾਲ ਆਪਣਾ ਬਾਕੀ ਜੀਵਨ ਬਤੀਤ ਕਰਨਾ ਚਾਹੁੰਦੇ ਸਨ, ਪਰ ਦੁਸ਼ਮਣੀ ਦੀ ਅੱਗ ਦਾ ਖ਼ੌਫ਼ ਹਾਲੇ ਵੀ ਉਨ੍ਹਾਂ ਦੇ ਦਿਲ ਤੇ ਦਿਮਾਗ਼ 'ਤੇ ਭਾਰੂ ਰਹਿੰਦਾ ਸੀ। ਵਿਵਾਦਤ ਜ਼ਮੀਨ 'ਤੇ ਹਾਲੇ ਵੀ ਜਗਤ ਸਿੰਘ ਕਾਬਜ਼ ਸੀ ਤੇ ਡੰਗਰਾਂ ਦੇ ਕਿੱਲੇ ਉੱਥੇ ਹੀ ਗੱਡੇ ਹੋਏ ਸਨ। ਜਗਤ ਸਿੰਘ ਭਰਵੇਂ ਉੱਚੇ ਲੰਮੇ ਕੱਦ ਦਾ ਮਾਲਕ ਸੀ। ਚਿੱਟੀ-ਕਾਲੀ ਸੰਘਣੀ ਦਾੜ੍ਹੀ ਨੂੰ ਉਹ ਹਮੇਸ਼ਾ ਸੰਵਾਰ ਕੇ ਰੱਖਦਾ ਸੀ। ਸਫੈਦ ਲੜ ਵਾਲੀ ਪੱਗ, ਚਿੱਟਾ ਕੁੜਤਾ, ਡੱਬੀਆਂ ਵਾਲਾ ਚਾਦਰਾ ਤੇ ਨੋਕਾਂ ਵਾਲੀ ਦੇਸੀ ਜੁੱਤੀ ਪਹਿਨ ਕੇ ਰੱਖਣਾ ਉਸ ਦਾ ਸ਼ੌਕ ਸੀ। ਕੁੜਤੇ ਦੀ ਜੇਬ ਵਿੱਚ ਪਈ ਡਾਇਰੀ ਤੇ ਫਾਊਂਟੇਨ ਪੈਨ ਤੋਂ ਉਸ ਦੇ ਪੜ੍ਹੇ ਲਿਖੇ ਹੋਣ ਦੀ ਝਲਕ ਸਾਫ਼ ਪੈਂਦੀ ਸੀ। ਮਰਹੂਮ ਰਾਮ ਸਿੰਘ ਦਾ ਪੁੱਤਰ ਸ਼ੇਰਾ ਵੀ ਸੁਵਖ਼ਤੇ ਹੀ ਆਪਣੀ ਗੰਨੇ ਵੱਢਣ ਵਾਲੀ ਗੰਡਾਸੀ ਨੂੰ ਚੰਡਾਉਣ ਲਈ ਬਾਬੇ ਬਚਨੇ ਕੋਲ ਆ ਖਲੋਤਾ। ਜਗਤ ਸਿੰਘ ਵੀ ਬਾਬੇ ਦੇ ਨਾਲ ਹੀ ਕੰਧ ਨਾਲ ਲੱਗੇ ਲੋਹੇ ਦੇ ਸਟੂਲ 'ਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਹੋਰ ਵੀ ਕਈ ਲੋਕ ਖੁਰਪੇ, ਦਾਤੀਆਂ ਜਾਂ ਕਹੀਆਂ ਆਦਿ ਔਜ਼ਾਰ ਲੈ ਕੇ ਬਾਬੇ ਕੋਲ ਆਏ ਹੋਏ ਸਨ। ਰਾਮ ਸਿੰਘ ਦੇ ਸ਼ਰੀਕੇ ਵਿੱਚੋਂ ਜੰਗੀਰੂ ਤੇ ਭਜਨੇ ਨੂੰ ਬਾਬੇ ਕੋਲ ਬੈਠਣਾ ਅਤੇ ਪਿੰਡ ਵਿੱਚ ਵਾਪਰ ਰਹੀਆਂ ਚੰਗੀਆਂ-ਮਾੜੀਆਂ ਗੱਲਾਂ ਕਰਨ ਤੇ ਸੁਣਨ ਦਾ ਚਸਕਾ ਪੈ ਚੁੱਕਿਆ ਸੀ। ਭਾਵੇਂ ਉਨ੍ਹਾਂ ਦਾ ਕੰਮ ਮਿਸਤਰੀ ਕਰ ਦਿੰਦਾ ਸੀ, ਪਰ ਫਿਰ ਵੀ ਉਹ ਘੰਟਿਆਂਬੱਧੀ ਉੱਥੇ ਬੈਠੇ ਰਹਿੰਦੇ। "ਜਗਤ ਸਿੰਹਾਂ ਦੇਖ ਲੈ ਦਾਤੇ ਦੇ ਰੰਗ..!" ਜੰਗੀਰੂ ਨੇ ਅਖ਼ਬਾਰ ਪੜ੍ਹ ਰਹੇ ਜਗਤ ਸਿੰਘ ਦਾ ਧਿਆਨ ਆਪਣੇ ਵੱਲ ਖਿੱਚਦਿਆਂ ਕਿਹਾ, "ਆਹ ਮੁੰਡਾ ਉਦੋਂ ਹਾਲੇ ਭੋਰਾ ਭਰ ਹੁੰਦਾ ਸੀ, ਜਦੋਂ ਤੂੰ ਇਹਦੇ ਬਾਪ ਰਾਮ ਸਿਹੁੰ ਨੂੰ ਮਾਰਿਆ ਸੀ। ਹੁਣ ਦੇਖ ਲੈ ਸੁੱਖ ਨਾਲ ਜਵਾਨ ਹੋ ਗਿਆ।" ਜਗਤ ਸਿੰਘ ਨੇ ਅੱਖਾਂ ਅੱਗਿਓਂ ਅਖ਼ਬਾਰ ਨੀਵਾਂ ਕਰਦਿਆਂ ਜੰਗੀਰੂ ਵੱਲ ਦੇਖਿਆ ਤੇ ਫਿਰ ਸਾਹਮਣੇ ਖੜ੍ਹੇ ਸ਼ੇਰੇ ਵੱਲ, ਜੋ ਹੁਣ ਬੱਚਾ ਨਹੀਂ ਸਗੋਂ ਛੇ ਫੁੱਟ ਦਾ ਜਵਾਨ ਸੀ। ਜਗਤ ਸਿੰਘ ਬਿਨਾਂ ਕੁਝ ਬੋਲੇ ਫਿਰ ਅਖ਼ਬਾਰ ਪੜ੍ਹਨ ਲੱਗ ਪਿਆ। ਭਜਨੇ ਨੇ ਆਪਣੀ ਮੁਸਕੁਰਾਹਟ ਨੂੰ ਜਬਰੀ ਦਬਾਉਂਦਿਆਂ ਪਰਨੇ ਦੇ ਲੜ ਨੂੰ ਮੂੰਹ 'ਚ ਫੜ ਲਿਆ।

ਜੰਗੀਰੇ ਦੇ ਬੋਲਾਂ ਦਾ ਤੀਰ ਨਿਸ਼ਾਨੇ 'ਤੇ ਜਾ ਵੱਜਾ ਸੀ। ਸ਼ੇਰੇ ਨੇ ਅੱਖਾਂ ਦੀਆਂ ਪਲਕਾਂ ਉੱਪਰ ਉਠਾ ਕੇ ਅਖ਼ਬਾਰ ਪੜ੍ਹ ਰਹੇ ਜਗਤ ਸਿੰਘ ਵੱਲ ਦੇਖਿਆ। ਚੰਡਾਉਣ ਲਈ ਲਿਆਂਦੀ ਗੰਡਾਸੀ ਦੇ ਬਾਹੇ ਦੀ ਪਕੜ ਹੋਰ ਮਜ਼ਬੂਤ ਹੁੰਦੀ ਦਿਖਾਈ ਦਿੱਤੀ। ਦੂਸਰੇ ਹੱਥ ਦੀ ਖੁੱਲ੍ਹੀ ਮੁੱਠੀ ਜ਼ੋਰ ਨਾਲ ਮੀਚੀ ਗਈ। ਭਾਵੇਂ ਸ਼ੇਰੇ ਨੂੰ ਆਪਣੇ ਪਿਓ ਦੇ ਕਤਲ ਦੀ ਪੂਰੀ ਜਾਣਕਾਰੀ ਸੀ, ਪਰ ਹੁਣ ਚੜ੍ਹਦੀ ਜਵਾਨੀ ਵੇਲੇ ਸ਼ਰੀਕਾਂ ਦੇ ਬੋਲਾਂ ਨੇ ਉਸ ਨੂੰ ਹਲੂਣ ਕੇ ਰੱਖ ਦਿੱਤਾ ਸੀ। ਉਸ ਦਾ ਚਿਹਰਾ ਅਚਾਨਕ ਲਾਵੇ ਵਾਂਗ ਭਖਦਾ ਦਿਖਾਈ ਦੇਣ ਲੱਗਾ, ਅੱਖਾਂ ਦੇ ਡੋਰਿਆਂ ਵਿੱਚ ਲਾਲੀ ਉਤਰ ਆਈ ਪਰ ਉਹ ਬਿਨਾਂ ਕੁਝ ਬੋਲੇ ਆਪਣੀ ਵਾਰੀ ਦੀ ਉਡੀਕ ਵਿੱਚ ਅਡੋਲ ਖਲੋਤਾ ਰਿਹਾ। ਬਾਬਾ ਬਚਨਾ ਵੀ ਜੰਗੀਰੂ ਦੇ ਬੋਲਾਂ ਨੂੰ ਭਾਂਪ ਗਿਆ ਸੀ। "ਜੰਗੀਰਿਆ, ਆਹ ਖੁਰਪੇ ਚੰਡਿਆਂ ਨੂੰ ਦੋ ਘੰਟੇ ਹੋ ਗਏ ਥੋਨੂੰ ਕੋਈ ਹੋਰ ਕੰਮ ਹੈ ਕਿ ਨਹੀਂ?" ਬਾਬੇ ਨੇ ਪੰਜ ਸੱਤ ਖੁਰਪੇ ਉਨ੍ਹਾਂ ਵੱਲ ਸੁੱਟਦਿਆਂ ਕਿਹਾ। "ਜਾਓ ਬਗਜੋ..!" ਬਾਬੇ ਨੇ ਹਥੌੜਾ ਰੋਕਦਿਆਂ ਗੁੱਸੇ ਵਿੱਚ ਕਿਹਾ ਤੇ ਮੁੜ ਹਥੌੜਾ ਚਲਾਉਣ ਲੱਗ ਪਿਆ। ਉੱਥੇ ਕੁਝ ਪਲਾਂ ਲਈ ਸੰਨਾਟਾ ਛਾ ਗਿਆ। "ਲਿਆ ਬਈ ਸ਼ੇਰਿਆ, ਤੂੰ ਦੇ ਆਪਣੀ ਗੰਡਾਸੀ ਤੇ ਆਪਣੇ ਕੰਮ ਲੱਗ, ਇਨ੍ਹਾਂ ਦਾ ਤਾਂ ਰੋਜ਼ ਦਾ ਇਹੀ ਕੰਮ ਐ। ਕੋਈ ਚੱਜ ਦਾ ਕੰਮ ਕਰਨਾ ਨ੍ਹੀਂ, ਫੇਰ ਜਦੋਂ ਭਰੀ ਭਰੋਟੀ ਲੈਣ ਜਾਈਏ ਤਾਂ ਇਨ੍ਹਾਂ ਦੇ ਭਾਅ ਦੀ ਬਣ ਜਾਂਦੀ ਐ।" ਬਾਬੇ ਨੇ ਨਾਲ ਹੀ ਆਪਣੀ ਰੜਕ ਕੱਢਦਿਆਂ ਸ਼ੇਰੇ ਤੋਂ ਗੰਡਾਸੀ ਫੜਦਿਆਂ ਕਿਹਾ ਤੇ ਫਿਰ ਗੰਡਾਸੀ 'ਤੇ ਆਪਣਾ ਹਥੌੜਾ ਚਲਾਉਣਾ ਸ਼ੁਰੂ ਕਰ ਦਿੱਤਾ।

"ਬਾਬੇ ਹੁਣ ਸਾਣ 'ਤੇ ਇਹਦੀ ਧਾਰ ਵੀ ਲਾ ਦੇ।" "ਉਹ ਕਾਕਾ ਇਹਨੂੰ ਧਾਰ ਦੀ ਕੀ ਲੋੜ ਐ, ਗੰਨੇ ਹੀ ਵੱਡਣੇ ਨੇ ਤੂੰ ਕਿਹੜਾ ਖੁੰਢ ਵੱਢਣਾ।" ਬਾਬੇ ਨੇ ਸਹਿਜ ਸੁਭਾਅ ਕਿਹਾ। "ਕੀ ਪਤਾ ਬਾਬਾ, ਖੁੰਢ ਈ ਵੱਢਣਾ ਪੈ ਜਾਵੇ।" ਸ਼ੇਰੇ ਨੇ ਹੌਲੀ ਆਵਾਜ਼ ਵਿੱਚ ਜਵਾਬ ਦਿੱਤਾ ਤੇ ਅਡੋਲ ਖੜ੍ਹਾ ਰਿਹਾ। "ਚੱਲ ਮੈਂ ਤਾਂ ਸਾਣ 'ਤੇ ਵੀ ਲਾ ਦਿਆਂਗਾ ਪਰ ਖੁੰਢ ਨੂੰ ਤਾਂ ਕੁਹਾੜੀ ਹੀ ਵੱਢ ਸਕਦੀ ਆ।" ਸ਼ੇਰੇ ਦੇ ਅੰਦਰ ਉੱਠ ਰਹੇ ਤੂਫ਼ਾਨ ਤੋਂ ਬੇਖ਼ਬਰ ਬਾਬਾ ਲਗਾਤਾਰ ਹਥੌੜਾ ਚਲਾ ਰਿਹਾ ਸੀ, ਪਰ ਜਗਤ ਸਿੰਘ ਮੁੰਡੇ ਦੀ ਗੱਲ ਭਾਂਪ ਗਿਆ। ਉਸ ਨੇ ਅਖ਼ਬਾਰ ਇਕੱਠਾ ਕਰ ਕੇ ਕੱਛ ਵਿੱਚ ਲੈ ਲਿਆ ਤੇ ਚਾਦਰੇ ਨੂੰ ਸਮੇਟਦਾ ਹੋਇਆ ਘਰ ਵੱਲ ਤੁਰ ਪਿਆ। ਜੰਗੀਰੂ ਅਤੇ ਭਜਨਾ ਪਹਿਲਾਂ ਹੀ ਉੱਥੋਂ ਖਿਸਕ ਚੁੱਕੇ ਸਨ। ਭਜਨੇ ਦੇ ਬੋਲ ਸ਼ੇਰੇ ਦੇ ਕੋਰੇ ਮਨ 'ਤੇ ਤੇਲ ਦੇ ਛਿੱਟੇ ਵਾਂਗ ਗਿਰੇ, ਜੋ ਜਵਾਨੀ ਦੀ ਤਪਸ਼ 'ਤੇ ਭਬੂਕਾ ਬਣ ਉੱਠੇ ਅਤੇ ਬਦਲੇ ਦੇ ਨਾਗ ਨੇ 12-15 ਸਾਲ ਬਾਅਦ ਫਿਰ ਫੁੰਕਾਰਾ ਮਾਰਿਆ, ਜਿਸ ਨੇ ਸ਼ੇਰੇ ਦੇ ਮਨ ਨੂੰ ਲਪੇਟਾ ਮਾਰ ਲਿਆ।ਉਹ ਇਸ ਕਾਰੇ ਦੇ ਨਿਕਲਣ ਵਾਲੇ ਚੰਗੇ-ਮਾੜੇ ਸਿੱਟਿਆਂ ਨੂੰ ਪਰਖਣ ਦੀ ਸਮਝ ਗੁਆ ਬੈਠਾ ਤੇ ਬਾਪ ਦੇ ਕਤਲ ਦਾ ਬਦਲਾ ਲੈਣ ਲਈ ਕਾਹਲਾ ਪੈਣ ਲੱਗਿਆ। ਗੰਡਾਸੀ ਦੀ ਧਾਰ ਸਾਣ 'ਤੇ ਬਾਬੇ ਨੇ ਲਾ ਦਿੱਤੀ ਸੀ। ਸ਼ੇਰੇ ਨੇ ਬਾਬੇ ਤੋਂ ਗੰਡਾਸੀ ਫੜਦਿਆਂ ਧਾਰ 'ਤੇ ਨਜ਼ਰ ਮਾਰੀ, ਜੋ ਲਿਸ਼ਕ ਰਹੀ ਸੀ। ਉਹ ਤੇਜ਼ ਲੰਮੇ ਕਦਮੀਂ ਘਰ ਪਹੁੰਚ ਗਿਆ। ਗੰਡਾਸੀ ਬੈਠਕ ਦੇ ਇੱਕ ਖੂੰਜੇ ਵਿੱਚ ਰੱਖ ਕੇ ਮੁੜ ਖੇਤਾਂ ਵੱਲ ਨਿਕਲ ਗਿਆ।ਸੁਰਜੀਤ ਕੌਰ ਆਪਣੇ ਪੁੱਤਰ ਦੇ ਵਤੀਰੇ ਵਿੱਚ ਆਈ ਤਬਦੀਲੀ ਨੂੰ ਝੱਟ ਭਾਂਪ ਗਈ, ਪਰ ਹਾਲੇ ਕੁਝ ਬੋਲ ਨਹੀਂ ਸੀ ਰਹੀ। ਜਗਤੇ ਦੇ ਬਾਪ ਹਜ਼ੂਰਾ ਸਿੰਘ ਦੇ ਕਤਲ ਤੋਂ ਪਹਿਲਾਂ ਉਸ ਨੇ ਆਪਣੇ ਪਤੀ ਰਾਮ ਸਿੰਘ ਦਾ ਵੀ ਇਹੋ ਵਤੀਰਾ ਦੇਖਿਆ ਸੀ। ਆਪਣੇ ਪਤੀ ਰਾਮ ਸਿੰਘ ਨੂੰ ਹੋਈ ਕੈਦ ਦੇ ਸਮੇਂ ਕਿਵੇਂ ਉਸ ਸੱਜ-ਵਿਆਹੀ ਨੇ ਦਿਨ-ਕਟੀ ਕੀਤੀ ਸੀ, ਇਹ ਸੋਚਦਿਆਂ ਉਸ ਦਾ ਅੰਦਰ ਹਿੱਲ ਜਾਂਦਾ ਸੀ। ਇੱਥੇ ਹੀ ਬੱਸ ਨਹੀਂ, ਰਾਮ ਸਿੰਘ ਦੇ ਜੇਲ੍ਹ 'ਚੋਂ ਘਰ ਪਰਤਣ ਮਗਰੋਂ ਦੁਸ਼ਮਣੀ ਦੇ ਦੈਂਤ ਨੇ ਜਗਤ ਸਿੰਘ ਰਾਹੀਂ ਉਸ ਦੇ ਪਤੀ ਰਾਮ ਸਿੰਘ ਨੂੰ ਵੀ ਨਿਗਲ ਲਿਆ ਸੀ। ਜਿਹੜੇ ਹਾਲਾਤ ਵਿੱਚ ਉਸ ਨੇ ਭੋਰਾ ਭਰ ਜਵਾਕ ਸ਼ੇਰੇ ਨੂੰ ਪਾਲਿਆ ਤੇ ਪੜ੍ਹਾਇਆ, ਇਹ ਬੜੇ ਹੌਂਸਲੇ ਤੇ ਦਲੇਰੀ ਦਾ ਹੀ ਕੰਮ ਸੀ। ਸੁਰਜੀਤ ਕੌਰ ਇਸ ਦੁਸ਼ਮਣੀ ਦੇ ਪੁੜਾਂ ਵਿੱਚ ਪਿਸ ਰਹੀ ਮਹਿਸੂਸ ਕਰ ਰਹੀ ਸੀ। ਉਹ ਥੱਕ ਚੁੱਕੀ ਸੀ। ਉਸ ਨੂੰ ਆਪਣੇ ਜਵਾਨ ਪੁੱਤਰ ਦੀ ਖ਼ੁਸ਼ੀ ਨਾਲੋਂ ਫ਼ਿਕਰ ਵੱਧ ਸਤਾ ਰਿਹਾ ਸੀ। ਚਿਰਾਂ ਤੋਂ ਉਹ ਆਪਣੇ ਪੁੱਤਰ ਦਾ ਵਿਆਹ ਕਰਨ ਦੀਆਂ ਸੱਧਰਾਂ ਮਨ ਵਿੱਚ ਸਮੋਈ ਬੈਠੀ ਸੀ, 'ਕੀ ਕਦੇ ਰੱਬ ਮੈਨੂੰ ਵੀ ਲੋਕਾਂ ਵਾਂਗ ਪੁੱਤਰ ਦੇ ਵਿਆਹ-ਮੰਗਣੇ ਦੇ ਸ਼ਗਨ ਮਨਾਉਣ ਦਾ ਸੁਭਾਗਾ ਮੌਕਾ ਦੇਵੇਗਾ? ਕੀ ਮੈਂ ਵੀ ਲੋਕਾਂ ਵਾਂਗ ਆਪਣੇ ਪੋਤੇ-ਪੋਤੀਆਂ ਨਾਲ ਖੇਡ ਸਕਾਂਗੀ?' ਅੱਜ ਪੁੱਤਰ ਦੇ ਅਚਾਨਕ ਬਦਲੇ ਵਤੀਰੇ ਨੂੰ ਦੇਖ ਕੇ ਉਹ ਬੇਚੈਨ ਹੋ ਰਹੀ ਸੀ। ਗੁਰੂ ਘਰ ਜਾ ਕੇ ਉਹ ਸਦਾ ਅਰਦਾਸਾਂ ਕਰਦੀ ਰਹੀ ਸੀ ਕਿ ਉਸ ਦਾ ਪੁੱਤਰ ਇਸ ਦੁਸ਼ਮਣੀ ਦੇ ਜਾਲ ਵਿੱਚ ਨਾ ਉਲਝੇ। ਰਾਤਾਂ ਹਨੇਰੀਆਂ ਸਨ। ਸ਼ੇਰਾ ਸੌਣ ਲਈ ਮੰਜੀ 'ਤੇ ਲੇਟ ਗਿਆ, ਪਰ ਨੀਂਦ ਉਸ ਤੋਂ ਕੋਹਾਂ ਦੂਰ ਸੀ। ਬੱਸ ਹੁਣ ਮਾਲ ਗੱਡੀ ਦੇ ਗੁਜ਼ਰਨ ਦਾ ਇੰਤਜ਼ਾਰ ਸੀ, ਜਿਸ ਦੇ ਆਉਣ ਦੀ ਆਵਾਜ਼ ਉਸ ਦੇ ਕੰਨਾਂ ਤੱਕ ਪਹੁੰਚ ਰਹੀ ਸੀ। ਸ਼ੇਰਾ ਵਿਹੜੇ 'ਚੋਂ ਉੱਠ ਕੇ ਚੁੱਪ-ਚਾਪ ਬੈਠਕ ਵਿੱਚ ਜਾ ਪਹੁੰਚਿਆ ਤੇ ਗੰਡਾਸੀ ਦੇ ਬਾਹੇ ਨੂੰ ਝਟਕੇ ਨਾਲ ਹੱਥ ਪਾ ਲਿਆ।ਅੱਜ ਇਸੇ ਵਕਤ ਪਹੁ-ਫੁਟਾਲੇ ਤੋਂ ਪਹਿਲਾਂ ਦੋ ਰੇਲਗੱਡੀਆਂ ਦੇ ਖੜਾਕੇ ਵਿੱਚ ਜਗਤੇ ਨੇ ਉਸ ਦੇ ਪਿਓ ਨੂੰ ਕਤਲ ਕਰ ਦਿੱਤਾ ਸੀ। ਅੱਜ ਸ਼ੇਰੇ ਨੇ ਵੀ ਅਜਿਹਾ ਹੀ ਵਕਤ ਜਗਤੇ ਨੂੰ ਮਾਰ ਕੇ ਆਪਣੇ ਪਿਓ ਦਾ ਬਦਲਾ ਲੈਣ ਲਈ ਚੁਣਿਆ ਸੀ। ਜਿਉਂ ਹੀ ਸ਼ੇਰੇ ਨੇ ਗੰਡਾਸੀ ਦੇ ਬਾਹੇ ਨੂੰ ਹੱਥ ਪਾਇਆ ਤਾਂ ਉਸ ਦੀ ਮਾਂ ਸੁਰਜੀਤ ਕੌਰ ਹਨੇਰੀ ਵਾਂਗ ਬੈਠਕ ਵਿੱਚ ਆ ਗਈ ਤੇ ਗੰਡਾਸੀ ਨੂੰ ਅੱਗੋਂ ਦੋਵੇਂ ਹੱਥ ਪਾ ਲਏ। ਬੈਠਕ ਦੇ ਰੌਸ਼ਨਦਾਨ 'ਚੋਂ ਪਹੁ-ਫੁਟਾਲੇ ਦੇ ਘੁਸਮੁਸੇ ਜਿਹੇ ਚਾਨਣ ਵਿੱਚ ਗੰਡਾਸੀ ਦੀ ਸਾਣ 'ਤੇ ਲੱਗੀ ਧਾਰ ਲਿਸ਼ਕ ਰਹੀ ਸੀ। "ਛੱਡ ਦੇ ਪੁੱਤ, ਰੱਬ ਦੇ ਵਾਸਤੇ। ਆਹ ਕੀ ਪਾਪ ਕਮਾਉਣ ਚੱਲਿਆ ਤੂੰ ਅੰਮ੍ਰਿਤ ਵੇਲੇ?" ਸ਼ੇਰੇ ਦੀ ਮਾਂ ਵਾਸਤੇ ਪਾਉਂਦੀ ਰਹੀ ਪਰ ਸ਼ੇਰੇ ਦੀ ਪਕੜ ਭੋਰਾ ਢਿੱਲੀ ਨਹੀਂ ਹੋ ਰਹੀ ਸੀ। "ਵੇ ਕਿਉਂ ਮੇਰਾ ਰੰਡੇਪਾ ਰੋਲਣ 'ਤੇ ਤੁਲਿਆ ਹੋਇਐਂ ਤੂੰ, ਛੱਡ ਦੇ ਪੁੱਤ, ਤੈਨੂੰ ਰੱਬ ਦਾ ਵਾਸਤਾ।" ਮਾਂ ਲਈ ਇਹ ਆਰ-ਪਾਰ ਦੇ ਪਲ ਸਨ। ਉਹ ਹਰ ਹੀਲੇ ਸ਼ੇਰੇ ਨੂੰ ਰੋਕਣਾ ਚਾਹੁੰਦੀ ਸੀ। ਪੂਰਾ ਤਾਣ ਲਾ ਕੇ ਉਹ ਗੰਡਾਸੀ ਨੂੰ ਸ਼ੇਰੇ ਦੇ ਹੱਥੋਂ ਖੋਹ ਲੈਣਾ ਚਾਹੁੰਦੀ ਸੀ। ਗੰਡਾਸੀ ਦੀ ਧਾਰ ਦੀ ਲਿਸ਼ਕੋਰ ਸ਼ੇਰੇ ਦੇ ਮੁੜ੍ਹਕੇ ਵਾਲੇ ਲਾਲ ਹੋ ਚੁੱਕੇ ਚਿਹਰੇ 'ਤੇ ਆਸਮਾਨੀ ਬਿਜਲੀ ਵਾਂਗ ਪੈ ਰਹੀ ਸੀ, ਜੋ ਉਸ ਨੂੰ ਹੋਰ ਵੀ ਭਿਆਨਕ ਬਣਾ ਰਹੀ ਸੀ। ਮਾਂ ਗੰਡਾਸੀ ਨੂੰ ਖਿੱਚਦੀ ਹੋਈ ਭੁੰਜੇ ਫਰਸ਼ 'ਤੇ ਬੈਠ ਗਈ, ਜਿਸ ਨੂੰ ਸ਼ੇਰਾ ਛੁਡਵਾਉਣ ਤੋਂ ਬੇਵੱਸ ਹੋ ਗਿਆ। ਸੰਨਾਟੇ ਨੂੰ ਤੋੜਦੀ ਹੋਈ ਮਾਲਗੱਡੀ ਪਿੰਡ ਦੀ ਜੂਹ ਨੂੰ ਪਾਰ ਕਰ ਚੁੱਕੀ ਸੀ ਤੇ ਆਵਾਜ਼ ਹੁਣ ਮੱਧਮ ਪੈ ਚੁੱਕੀ ਸੀ। ਸ਼ੇਰੇ ਦੀ ਪਕੜ ਢਿੱਲੀ ਪੈ ਗਈ ਤੇ ਮਾਂ ਨੇ ਗੰਡਾਸੀ ਮੁੜ ਮੰਜੇ ਥੱਲੇ ਵਗਾਹ ਮਾਰੀ। ਕੁਝ ਪਲਾਂ ਲਈ ਮਾਂ ਪੁੱਤਰ ਅਡੋਲ ਖੜ੍ਹੇ ਰਹੇ। ਗੁਰੂ ਘਰ 'ਚੋਂ ਬਾਬਾ ਫਰੀਦ ਦੀ ਬਾਣੀ ਦੇ ਸਲੋਕ ਉਨ੍ਹਾਂ ਨੂੰ ਸਾਫ਼ ਸੁਣਾਈ ਦੇਣ ਲੱਗੇ... "ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨਾ ਨ ਮਾਰੇ ਘੁੰਮਿ॥" ਸ਼ੇਰੇ ਨੇ ਆਪਣਾ ਸਿਰ ਮਾਂ ਦੇ ਮੋਢੇ 'ਤੇ ਟਿਕਾ ਦਿੱਤਾ। ਮਾਂ ਦੀ ਮਮਤਾ, ਹੌਸਲੇ ਅਤੇ ਦਲੇਰੀ ਅੱਗੇ ਉਸ ਨੇ ਸਦਾ ਲਈ ਗੋਡੇ ਟੇਕ ਦਿੱਤੇ ਸਨ।

ਦੁਸ਼ਮਣੀ ਦਾ ਲਾਵਾ ਅੱਥਰੂ ਬਣ ਸਦਾ ਲਈ ਵਹਿ ਗਿਆ। ਸੁਰਜੀਤ ਕੌਰ ਪੁੱਤਰ ਨੂੰ ਬਾਂਹ ਤੋਂ ਫੜ ਕੇ ਵਿਹੜੇ ਵਿੱਚ ਆ ਗਈ। ਪਹੁ-ਫੁਟਾਲਾ ਹੋ ਚੁੱਕਾ ਸੀ। ਪੂਰਬ ਵਿੱਚ ਲਾਲੀ ਦੀ ਭਾਹ ਸੂਰਜ ਦੀ ਪਹਿਲੀ ਕਿਰਨ ਦੇ ਆਉਣ ਦਾ ਸੁਨੇਹਾ ਦੇ ਰਹੀ ਸੀ। ਜਿਉਂ ਹੀ ਉਹ ਵਿਹੜੇ ਵਿੱਚ ਪਹੁੰਚੇ ਤਾਂ ਦਰਵਾਜ਼ੇ 'ਤੇ ਦਸਤਕ ਹੋਈ। ਸੁਰਜੀਤ ਕੌਰ ਨੇ ਅੱਗੇ ਹੋ ਕੇ ਬੂਹਾ ਖੋਲ੍ਹ ਦਿੱਤਾ। ਅੱਗੋਂ ਜਗਤ ਸਿਹੁੰ ਦੋਵੇਂ ਹੱਥਾਂ ਵਿੱਚ ਦੋ ਲੱਕੜੀ ਦੇ ਕਿੱਲੇ ਲਈ ਬੂਹੇ ਦੇ ਅੰਦਰ ਆ ਗਿਆ। ਪਲ ਭਰ ਲਈ ਤਿੰਨੋਂ ਇੱਕ-ਦੂਜੇ ਵੱਲ ਤੱਕਦੇ ਰਹੇ। ਉਸ ਨੇ ਦੋਵੇਂ ਕਿੱਲੇ ਵਿਹੜੇ ਵਿੱਚ ਦੂਰ ਵਗਾਹ ਕੇ ਮਾਰਦਿਆਂ ਕਿਹਾ, "ਪੁੱਤ ਸ਼ੇਰੇ, ਅੱਜ ਤੋਂ ਆਪਣੀ ਜ਼ਮੀਨ ਦੀ ਸੰਭਾਲ ਕਰ। ਇਹ ਕਿੱਲੇ ਨਹੀਂ, ਮੇਰੀ ਹਉਮੈਂ ਦੀ ਜੜ੍ਹ ਸੀ ਜੋ ਮੈਂ ਹਮੇਸ਼ਾ ਲਈ ਪੁੱਟ ਆਇਆ ਹਾਂ।" ਜਗਤ ਸਿੰਘ ਨੇ ਅੱਗੇ ਹੋ ਕੇ ਸ਼ੇਰੇ ਦੇ ਦੋਵੇਂ ਮੋਢਿਆਂ 'ਤੇ ਹੱਥ ਰੱਖਦਿਆਂ ਕਿਹਾ। ਸ਼ੇਰਾ ਉਸ ਦੀਆਂ ਅੱਖਾਂ ਵਿੱਚ ਦੇਖਦਾ ਹੋਇਆ ਅਡੋਲ ਖੜ੍ਹਾ ਰਿਹਾ। ਜਗਤ ਸਿੰਘ ਨੇ ਆਪਣੇ ਦੋਵੇਂ ਹੱਥ ਜੋੜ ਕੇ ਗੁਰੂ ਘਰ ਵੱਲ ਮੂੰਹ ਘੁਮਾਉਂਦਿਆਂ ਮੱਥੇ ਨੂੰ ਲਾਏ। "ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ" ਗੁਰਬਾਣੀ ਦੀ ਤੁਕ ਦਾ ਉਚਾਰਨ ਕਰਦਿਆਂ ਉਹ ਸੁਰਜੀਤ ਕੌਰ ਵੱਲ ਮੁੜਿਆ। "ਸੁਰਜੀਤ ਕੁਰੇ, ਭਾਈ ਹੋ ਸਕੇ ਤਾਂ ਮੈਨੂੰ ਮੁਆਫ਼ ਕਰ ਦੇਣਾ।" ਸੁਰਜੀਤ ਕੌਰ ਬਿਨਾਂ ਕੁਝ ਬੋਲਿਆਂ ਖੜ੍ਹੀ ਰਹੀ। ਜਗਤ ਸਿੰਘ ਆਪਣੀ ਪੱਗ ਦੇ ਲੜ ਨੂੰ ਅੱਖਾਂ 'ਤੇ ਘੁਮਾਉਂਦਾ ਹੋਇਆ ਗੇਟ ਤੋਂ ਬਾਹਰ ਨਿਕਲ ਗਿਆ।

## ਮਿੰਨੀ ਕਹਾਣੀ

# 'ਕੇਅਰਲੈੱਸ'

**ਕੁਲਵੰਤ ਘੋਲੀਆ**

ਦੱਸ ਸੁਰਜੀਤ ਕੁਰੇ ਕੀ ਚਾਹੀਦਾ? ਬੱਸ ਕੁਝ ਨਹੀਂ...। ਇਹ ਤਾਂ ਮੈਂ ਪਿਛਲੇ ਪੰਜਾਹ ਸਾਲਾਂ ਤੋਂ ਸੁਣਦਾ ਆ ਰਿਹਾਂ? ਆਹ ਵੇਖ ਪਰਸ, ਪਿਆ ਨਾ ਡਾਲਰਾਂ ਨਾਲ ਭਰਿਆ। ਇਹ ਇੰਨੇ ਡਾਲਰ? ਉਹ ਆਪਣਾ ਗਰੇਵਾਲ ਦਾ ਸਟੋਰ ਨਹੀਂ ਹੈਗਾ, ਉੱਥੇ ਦੋ ਘੰਟੇ ਕੰਮ ਕਰ ਆਉਂਦਾ,ਨਾਲੇ ਟਾਈਮ ਪਾਸ ਹੋ ਜਾਂਦਾ। ਚੱਲ ਦੱਸ? ਅੱਜ ਆਪਣੀ ਪੰਜਾਵੀਂ ਵਰ੍ਹੇਗੰਢ ਆ, ਤੂੰ ਕੀ ਲੈਣਾ? ਅੱਛਾ ਜੀ...? 'ਜਦੋਂ ਉਹ ਦਿਨ ਸੀ, ਉਦੋਂ ਤਾਂ ਝਾਂਜਰਾਂ ਵੀ ਅੱਠਾਂ ਸਾਲਾਂ ਬਾਅਦ ਪੈਰਾਂ ਨੂੰ ਨਸੀਬ ਹੋਈਆ ਸੀ', ਸੁਰਜੀਤ ਕੌਰ ਨੇ ਥੋੜ੍ਹਾ ਮਸ਼ਕਰੀ ਜਿਹੀ ਨਾਲ ਕਿਹਾ।

ਬਿੱਕਰ ਇਕਦਮ ਪਿੱਛੇ ਅਤੀਤ ਵਿਚ ਚਲਾ ਗਿਆ। ਸੁਰਜੀਤ ਕੌਰ ਵੱਲ ਤੱਕਿਆ ਤੇ ਸੋਚਿਆ, ਉਹ ਭਲੀਏ ਲੋਕੇ ਤੇਰੀ ਸੂਝ-ਸਿਆਣਪ ਤੇ ਆਪਣੀਆਂ ਸੱਧਰਾਂ ਮਾਰ ਮੁੱਠੀ ਘੁੱਟ ਚਲਾਏ ਘਰ ਨੇ ਹੀ ਤਾਂ ਆਹ ਕੈਨੇਡਾ ਬਿਠਾ ਦਿੱਤਾ। 'ਕੀ ਹੋਇਆ ਕਿਹੜੀਆਂ ਸੋਚਾਂ 'ਚ ਪੈ ਗਏ', ਸੁਰਜੀਤ ਕੌਰ ਨੇ ਬਿੱਕਰ ਦੇ ਮੋਢੇ 'ਤੇ ਹੱਥ ਧਰਦਿਆਂ ਕਿਹਾ? ਕੁਝ ਨਹੀਂ ਸੁਰਜੀਤ ਕੁਰੇ? ਅੱਛਾ ਏਦਾਂ ਕਰਿਓ ਠੰਢ ਬਹੁਤ ਏ, ਤੁਸੀਂ ਕੋਈ ਨਵਾਂ ਕੋਟ ਵੀ ਨਹੀਂ ਲਿਆ, ਇਸ ਵਾਰ ਆਪਣੀ ਵਰ੍ਹੇਗੰਢ 'ਤੇ ਨਵਾਂ ਕੋਟ ਲੈ ਲਓ। ਚੱਲ ਠੀਕ ਆ, ਤੂੰ ਬੈਠ ਮੈਂ ਹੁਣੇ ਆਇਆ, ਏਨਾ ਆਖ ਬਿੱਕਰ ਸਾਹਮਣੇ ਸ਼ਾਪਿੰਗ ਮਾਲ 'ਚ ਚਲਾ ਗਿਆ। ਕੁਝ ਸਮੇਂ ਬਾਅਦ ਵਾਪਸ ਆ ਬਿੱਕਰ ਨੇ ਸੁਰਜੀਤ ਦੇ ਪੈਰਾਂ ਵਿੱਚ ਨਵੀਆਂ ਝਾਂਜਰਾਂ ਪਾ ਦਿੱਤੀਆਂ। ਝਾਂਜਰਾਂ ਵੇਖ ਉਸ ਨੂੰ ਚਾਅ ਜਿਹਾ ਚੜ੍ਹ ਗਿਆ। ਇੱਕ-ਦੂਜੇ ਵੱਲ ਤੱਕਿਆ, ਜਿਵੇਂ ਦੋਵਾਂ 'ਤੇ ਫਿਰ ਤੋਂ ਜਵਾਨੀ ਵਾਪਸ ਆ ਗਈ ਹੋਵੇ। ਲੈ ਹੁਣ ਨਾ ਉਲਾਂਭਾ ਦੇਵੀ, ਬਿੱਕਰ ਨੇ ਸੁਰਜੀਤੋ ਦੇ ਪੈਰੀਂ ਝਾਂਜਰਾਂ ਪਾ ਖੜ੍ਹੇ ਹੁੰਦੇ ਕਮਰ ਦੇ ਦਰਦ ਨੂੰ ਬਰਦਾਸ਼ਤ ਜਿਹਾ ਕਰਦਿਆਂ ਕਿਹਾ।

ਆਹ ਵੇਖ ਸੁਰਜੀਤ ਕੁਰੇ, ਆਪਣੇ ਗੈਰੀ ਵਾਸਤੇ ਕੋਟ ਤੇ ਨੂੰਹ ਦੇ ਕੱਪੜੇ। ਤੁਸੀਂ ਨਹੀਂ ਸੁਧਰੇ ਹਨਾਂ। ਮੈਂ ਕੀ ਕਿਹਾ ਸੀ ਕਿ ਠੰਢ ਬਹੁਤ ਆ, ਆਪਣੇ ਲਈ ਕੋਈ ਕੋਟ ਲੈ ਆਇਓ? ਸੁਰਜੀਤ ਕੁਰੇ ਆਪਣੇ ਗੈਰੀ ਨੇ ਰੋਜ਼ ਆਫਿਸ ਜਾਣਾ ਹੁੰਦਾ ਹੈ, ਵੱਡੇ ਲੋਕਾਂ ਚ ਬਹਿਣੀ-ਉੱਠਣੀ, ਕੱਪੜੇ ਤਾਂ ਵਧੀਆ ਹੀ ਚਾਹੀਦੇ ਨੇ ਉਸ ਲਈ। ਹਾਂ ਇਹ ਤਾਂ ਮੈਂ ਬਹੁਤ ਸਮੇਂ ਤੋਂ ਸੁਣਦੀ ਆ ਰਹੀ ਆਂ। ਸੁਰਜੀਤੋ ਨੇ ਥੋੜ੍ਹਾ ਬਿੱਕਰ ਨਾਲ ਨਾਰਾਜ਼ਗੀ ਜਿਹੀ ਨਾਲ ਕਿਹਾ। ਚੱਲ ਛੱਡ, ਤੂੰ ਤਾਂ ਖ਼ੁਸ਼ ਹੈਂ। ਅੱਜ ਤਾਂ ਪਹਿਲੇ ਬੋਲ ਤੇਰੀ ਮੰਗ ਪੂਰੀ ਕਰ ਦਿੱਤੀ ਤੇ ਫਿਰ ਦੋਨੋਂ ਜਾਣੇ ਕਿੰਨਾ ਚਿਰ ਬੈਂਚ 'ਤੇ ਬੈਠੇ ਦੂਰ ਤੱਕ ਸਾਹਮਣੇ ਸ਼ਾਂਤ ਖੜ੍ਹੇ ਪਾਣੀ ਨੂੰ ਤੱਕਦੇ ਰਹੇ। ਚਲੋ ਜੀ ਚਲੀਏ, ਬਹੁਤ ਸਮਾਂ ਹੋ ਗਿਆ। ਅੱਜ ਤਾਂ ਨਾਲੇ ਨੂੰਹ ਤੇ ਪੁੱਤ ਉਡੀਕਦੇ ਹੋਣਗੇ। ਸੁਰਜੀਤ ਕੌਰ ਨੇ ਬੈਂਚ ਤੋਂ ਉੱਠਦਿਆਂ ਕਿਹਾ।

ਭਲਾ ਤੂੰ ਦੱਸਿਆ ਉਨ੍ਹਾਂ ਨੂੰ ਕਿ ਅੱਜ ਆਪਣੀ ਪੰਜਾਵੀ ਸਾਲਗਿਰ੍ਹਾ ਏ? ਇਹਦੇ 'ਚ ਦੱਸਣ ਵਾਲੀ ਕਿਹੜੀ ਗੱਲ ਆ, ਸਾਲ ਬਾਅਦ ਤਾਂ ਇਕ ਦਿਨ ਆਉਂਦਾ,ਏਨਾ ਤਾਂ ਉਨ੍ਹਾਂ ਨੂੰ ਪਤਾ ਹੀ ਹੋਵੇਗਾ। ਚੱਲ ਲੱਗ'ਜੂ ਪਤਾ, ਕੀ ਗਿਫਟ ਦਿੰਦੇ ਨੇ ਤੇਰੇ ਨੂੰਹ ਪੁੱਤ? ਬਿੱਕਰ ਨੇ ਸੁਰਜੀਤੋ ਦੇ ਹੱਥ ਦਾ ਸਹਾਰਾ ਲੈ ਖੜ੍ਹੇ ਹੁੰਦੇ ਕਿਹਾ ਤੇ ਘਰ ਵੱਲ ਹੋ ਤੁਰੇ। ਘਰ ਵੜਦਿਆਂ ਹੀ ਸਾਹਮਣੇ ਗੈਰੀ ਤੇ ਉਹਦੀ ਘਰ ਵਾਲੀ ਡਾਈਨਿੰਗ ਟੇਬਲ 'ਤੇ ਬੈਠੇ ਸੀ। ਪਾਪਾ ਜੀ, ਆਹ ਕੋਈ ਟਾਈਮ ਆ ਘਰ ਆਉਣ ਦਾ, ਅਸੀਂ ਮੋਰਨਿੰਗ ਜਲਦੀ ਜਾਣਾ ਹੁੰਦਾ, ਤੁਸੀਂ ਤਾਂ ਵਿਹਲੇ ਹੋ। ਘੱਟੋ-ਘੱਟ ਸ਼ਾਮ ਨੂੰ ਤਾਂ ਘਰ ਜਲਦੀ ਆ ਜਾਇਆ ਕਰੋ, ਅਸੀਂ ਤੁਹਾਡੀ ਵੇਟ ਕਰੀਏ ਕਿ ਰੈਸਟ ਕਰੀਏ। ਇਹ ਪਿੰਡ ਨਹੀਂ ਕੈਨੇਡਾ ਆ, ਇੱਥੇ ਸਮੇਂ ਤੇ ਹੈਲਥ ਦੀ ਕਦਰ ਕਰਨੀ ਪੈਂਦੀ ਏ। ਤੁਸੀਂ ਏਨੇ ਕੇਅਰਲੈੱਸ ਕਿਉਂ ਬਣ ਗਏ ਹੋ?

ਹੱਥ ਵਿੱਚ ਫੜਿਆ ਪੁੱਤ ਦਾ ਕੋਟ ਬਿੱਕਰ ਨੇ ਚੁੱਪਚਾਪ ਟੇਬਲ 'ਤੇ ਰੱਖ ਦਿੱਤਾ। ਕਮਰੇ ਵਿੱਚ ਸਿਰਫ਼ ਸੰਨਾਟਾ ਹੀ ਸੀ ਪਰ ਬਿੱਕਰ ਦੇ ਅੰਦਰ ਤਾਂ ਜਿਵੇਂ ਦਰਦਾਂ ਦਾ ਦਰਿਆ ਛੱਲਾਂ ਮਾਰ ਆਖ ਰਿਹਾ ਹੋਵੇ ਕਿ ਮੈਂ ਬਾਹਰ ਨਿਕਲਣਾ ਤੂੰ ਐਵੇਂ ਬਰਦਾਸ਼ਤ ਨਾ ਕਰ ਅੱਖਾਂ ਰਾਹੀਂ ਡੁੱਲ ਲੈਣ ਦੇ ਪਰ ਅੱਜ ਦਰਿਆ ਤਾਂ ਸੁਰਜੀਤੋ ਦੇ ਅੰਦਰ ਵੀ ਸੀ ਪਰ ਗੁੱਸੇ ਨਾਲ ਭਰਿਆ ਤੇ ਫੁੱਟ ਪਿਆ। ਅੱਛਾ ਇਹ ਨੇ ਕੇਅਰਲੈੱਸ? ਹਾਂ ਹੈਗੇ ਨੇ ਇਹ ਕੇਅਰਲੈੱਸ, ਜਦੋਂ ਸਾਡੇ ਵਿਆਹ ਤੋਂ ਬਾਅਦ ਤੂੰ ਪੈਦਾ ਹੋਇਆ ਤਾਂ ਬਾਰਾਂ ਘੰਟੇ ਦੀ ਡਿਊਟੀ ਤੋਂ ਬਾਅਦ ਛੇ ਘੰਟੇ ਫਿਰ ਵੀ ਲਾਉਣੇ ਤੇ ਕਹਿਣਾ ਗੈਰੀ ਦਾ ਚੰਗਾ ਭਵਿੱਖ ਬਣਾਉਣ ਲਈ ਮਿਹਨਤ ਤਾਂ ਕਰਨੀ ਹੀ ਪੈਣੀ ਏ। ਮੈਂ ਬਹੁਤ ਕਹਿਣਾ ਸਿਹਤ ਦਾ ਖ਼ਿਆਲ ਤਾਂ ਰੱਖੋ ਪਰ ਨਹੀਂ ਇਹ ਤਾਂ ਹੈ ਹੀ ਕੇਅਰਲੈੱਸ? ਤੂੰ ਵੱਡਾ ਹੋਇਆ ਕਾਲਜ ਗਿਆ ਤੈਨੂੰ ਵਧੀਆ ਕੱਪੜੇ, ਬੂਟ, ਖਾਣ-ਪੀਣ ਲਈ ਕਿਸੇ ਚੀਜ਼ ਦੀ ਕਮੀ ਨਹੀਂ ਆਉਣ ਦਿੱਤੀ। ਇਹ ਜਦ ਕਦੇ ਰਿਸ਼ਤੇਦਾਰੀ 'ਚ ਵਿਆਹ ਆ ਜਾਣਾ ਤਾਂ ਡਰ ਜਾਂਦਾ ਕਿ ਨਵੇਂ ਕੱਪੜਿਆਂ 'ਤੇ ਪੈਸੇ ਲਾਉਣੇ ਪੈਣੇ ਆਂ, ਸਾਰੇ ਵਿਆਹ ਹੁਣ ਤੱਕ ਆਪਣੇ ਵਿਆਹ ਵਾਲੇ ਹੀ ਕੋਟ ਪਾ ਵੇਖ ਲਏ। ਮੈਂ ਬਹੁਤ ਕਹਿਣਾ ਕਿ ਨਵਾਂ ਕੋਟ ਪੈਂਟ ਲੈ ਲਓ, ਰਿਸ਼ਤੇਦਾਰ ਕੀ ਕਹਿਣਗੇ ਉਹ ਹੀ ਵਿਆਹ ਵਾਲਾ ਕੋਟ ਪਾਈ ਫਿਰਦਾ ਪਰ ਨਹੀਂ ਇਹ ਤਾਂ ਹੈ ਹੀ ਕੇਅਰਲੈੱਸ?

ਹਾਂ ਪਰ ਅੱਜ ਕੇਅਰਲੈੱਸ ਦੇ ਮਾਅਨੇ ਹੀ ਬਦਲ ਗਏ। ਮੈਂ ਜਦ ਕਹਿਣਾ ਤਾਂ ਇਨ੍ਹਾਂ ਦੀਆਂ ਅੱਖਾਂ ਵਿੱਚ ਚਮਕ ਜਿਹੀ ਆ ਜਾਣੀ ਕਿਉਂਕਿ ਇਨ੍ਹਾਂ ਨੂੰ ਵੀ ਪਤਾ ਸੀ ਕਿ ਮੇਰੇ ਗੁੱਸੇ ਵਿੱਚ ਵੀ ਇਨ੍ਹਾਂ ਲਈ ਫ਼ਿਕਰ ਏ ਪਰ ਅੱਜ ਤੇਰੇ ਕੇਅਰਲੈੱਸ ਕਹਿਣ 'ਤੇ ਇਨ੍ਹਾਂ ਦੀਆਂ ਅੱਖਾਂ ਵਿੱਚ ਚਮਕ ਨਹੀਂ ਇਨ੍ਹਾਂ ਦੀਆਂ ਅੱਖਾਂ ਵਿੱਚ ਤਾਂ...। ਸੁਰਜੀਤ ਕੌਰ ਭਰੇ ਮਨ ਨਾਲ ਲਗਾਤਾਰ ਬੋਲੀ ਜਾ ਰਹੀ ਸੀ, ਉਸ ਦੇ ਬੋਲਾਂ ਵਿੱਚ ਮਮਤਾ, ਗਿਲਾ ਤੇ ਕਈ ਕੁਝ ਡੁੱਲ੍ਹ ਡੁੱਲ੍ਹ ਜਾਂਦਾ ਸੀ। ਬੱਸ ਕਰ ਸੁਰਜੀਤ ਕੁਰੇ ਬੱਸ ਕਰ? ਸਿਹਤ ਖ਼ਰਾਬ ਕਰ ਲਵੇਂਗੀ। ਏਨਾ ਆਖਦਿਆਂ ਬਿੱਕਰ ਸਿੰਘ ਨੇ ਸੁਰਜੀਤ ਕੌਰ ਦੇ ਅੰਦਰੋਂ ਵਹਿੰਦੇ ਦਰਿਆ ਨੂੰ ਵੀ ਆਪਣੇ ਹੀ ਅੰਦਰ ਮੋੜਾ ਦੇਣ ਦੀ ਕੋਸ਼ਿਸ਼ ਕੀਤੀ ਤੇ ਚੁੱਪਚਾਪ ਕਮਰੇ ਅੰਦਰ ਚਲਾ ਗਿਆ।

# ਕਾਵਿ ਸੰਸਾਰ

## ਮੂਲ ਨਾ ਬੋਲਣ ਰੁੱਖ
### ਹਰਪ੍ਰੀਤ ਪੱਤੋ

ਰੁੱਖ ਸ਼ਿੰਗਾਰ ਨੇ ਧਰਤੀ ਮਾਂ ਦਾ,
ਰੁੱਖ ਨੇ ਇਸ ਦੇ ਜਾਏ।
ਫ਼ਲ, ਫੁੱਲ ਦੇਣ ਹਵਾਵਾਂ ਠੰਢੀਆਂ,
ਉੱਤਰ ਸਵਰਗੋਂ ਆਏ।
ਮੂਲ ਨਾ ਬੋਲਣ ? ਰੁੱਖ ਦੇਵਤੇ,
ਦੁੱਖ ਆਪਣੇ 'ਤੇ ਝੱਲਣ।
ਬੰਜਰਾਂ ਦੇ ਵਿੱਚ ਰੌਣਕਾਂ ਲਾਉਂਦੇ,
ਖੁੱਲ੍ਹੀਆਂ ਥਾਵਾਂ ਮੱਲਣ।
ਰਾਹੀ ਪਾਂਧੀ ਲੈਣ ਆਸਰਾ,
ਮੀਂਹ ਝੱਖੜ ਤੋਂ ਬਚਦੇ।
ਨਿਆਸਰਿਆਂ ਨੂੰ ਦੇਣ ਆਸਰਾ,
ਲੱਖਾਂ ਪਰਦੇ ਕੱਜਦੇ।
ਪ੍ਰਦੂਸ਼ਣ ਨੂੰ ਸੋਖ ਲੈਣ ਇਹ,
ਸ਼ੁੱਧ ਹਵਾਵਾਂ ਛੱਡਣ।
ਮਸਤੀ ਦੇ ਵਿੱਚ ਜਦੋਂ ਝੂਮਦੇ,
ਇੱਕ ਦੂਜੇ ਵਿੱਚ ਵੱਜਣ।
ਕੁਦਰਤ ਦੇ ਰੰਗਾਂ ਵਿੱਚ ਰੰਗੇ,
ਹਰੇ ਕਚੂਰ ਲਹਿਰਾਉਂਦੇ।
ਸਬਰ ਸ਼ੁਕਰ ਵਿੱਚ ਰਹਿੰਦੇ ਇਹ,
ਦਰਵੇਸ਼ ਤਾਂ ਹੀ ਅਖਵਾਉਂਦੇ।
ਰੁੱਖਾਂ ਨੂੰ ਨਾ ਕੱਟੋ ਲੋਕੋ,
ਇਹ ਭਲਾ ਸਰਬੱਤ ਦਾ ਮੰਗਦੇ।
'ਪੱਤੋ' ਆਖੇ ਰਹਿਮ ਕਰੋ ਕੁਝ,
ਨਾ ਗਵਾਓ ਭਾਣੇ ਭੰਗ ਦੇ।

## ਇਨਸਾਨ ਰਹਿਣ ਦਿਓ . . . !
### ਸੰਤਵੀਰ



ਐਨਾ ਸਤਿਕਾਰ ਨਾ ਦਿਓ,
ਮੈਂ ਮੂਰਤੀ ਬਣ ਜਾਵਾਂ।
ਇਨਸਾਨ ਹਾਂ,
ਮੈਨੂੰ ਇਨਸਾਨ ਹੀ ਰਹਿਣ ਦਿਓ।
ਨੇਤਾ ਨਾ ਬਣਾਓ,
ਚੋਣ ਨਾ ਲੜਾਓ ਮੈਨੂੰ
ਰੱਬ ਹਾਂ ਮੈਂ,
ਮੈਨੂੰ ਰੱਬ ਹੀ ਰਹਿਣ ਦਿਓ।
ਮੇਰੇ ਬੰਦਿਓ!
ਤਰਸ ਕਰੋ
ਇਨ੍ਹਾਂ 'ਤੇ
ਇਹ ਵੀ ਮੇਰੇ ਨੇ
ਇਨ੍ਹਾਂ ਨੂੰ ਸੱਚ ਕਹਿਣ ਦਿਓ।
ਐ ਦਾਨਿਸ਼ਮੰਦੋ!
ਅਰਥ ਸਮਝਾਓ
ਚਾਨਣ ਦਿਖਾਓ
ਹਨੇਰਾ ਭਜਾਓ
ਇਸ ਖ਼ੂਬਸੂਰਤ ਦੁਨੀਆ ਨੂੰ
ਖ਼ੂਬਸੂਰਤ ਰਹਿਣ ਦਿਓ।

## ਆਤਮ-ਵਿਸ਼ਵਾਸ
### ਬਚਿੱਤਰ ਜਟਾਣਾ

ਆਤਮਵਿਸ਼ਵਾਸ ਹੈ ਸਫ਼ਲਤਾ
ਇਹ ਹੌਸਲਾ ਦੇ ਮੰਜ਼ਿਲ ਵੱਲ ਵਧਾਵੇ।
ਇਸ ਤੋਂ ਬਿਨਾਂ ਬੰਦਾ ਕਦਮ ਨਾ ਪੁੱਟਦਾ
ਆਤਮ ਵਿਸ਼ਵਾਸ ਅੰਬਰੀਂ ਪੀਂਘ ਚੜ੍ਹਾਵੇ।
ਇਸ ਤੋਂ ਬਿਨਾਂ ਬੰਦਾ ਜੰਗ ਹਰ ਜਾਂਦਾ
ਆਸ ਦੇ ਰੁੱਖ ਦੇ ਪੱਤੇ ਸੁੱਕ ਜਾਂਦੇ ਸਾਰੇ।
ਇਹ ਹਾਰ ਨੂੰ ਜਿੱਤ ਵਿੱਚ ਬਦਲ ਦਿੰਦਾ
ਆਤਮ ਵਿਸ਼ਵਾਸੀ ਕਦੇ ਮਾਤ ਨਾ ਖਾਵੇ।
ਇਹ ਬੰਦੇ ਨੂੰ ਨਿਰਾਸ਼ ਨ੍ਹੀਂ ਹੋਣ ਦਿੰਦਾ
ਹੌਸਲਾ ਦੇਵੇ, ਕਦੇ ਬੰਦਾ ਡੋਲ ਨਾ ਜਾਵੇ।
ਬੁਰੇ ਵਕਤ 'ਚ ਵੀ ਬੰਦੇ ਨੂੰ ਦੇਵੇ ਦਲੇਰੀ
ਚੜ੍ਹਦੀ ਕਲਾ 'ਚ ਰਹੇ ਬੰਦਾ ਢੇਰੀ ਨਾ ਢਾਵੇ।
ਆਤਮ ਵਿਸ਼ਵਾਸ ਦੇ ਬਲ 'ਤੇ ਲੱਤਾਂ ਤੋਂ ਆਰੀ
ਉੱਚੀਆਂ-ਉੱਚੀਆਂ ਚੋਟੀਆਂ ਸਰ ਕਰ ਜਾਵੇ।
ਮੈਂ ਅੰਨ੍ਹੇ ਬੰਦੇ ਤੀਰ ਅੰਦਾਜ਼ੀ ਕਰਦੇ ਵੇਖੇ ਨੇ
ਅਰਜਨ ਵਾਂਗ ਮੱਛੀ ਦੀ ਅੱਖ 'ਚ ਨਿਸ਼ਾਨੇ ਲਾਵੇ।

## ਉਹ ਕਿੱਸੇ
### ਯਾਦਵਿੰਦਰ ਸਿੰਘ ਕਲੌਲੀ

ਤੇਰੇ ਜਾਣ ਮਗਰੋਂ, ਚੇਤੇ ਆਏ ਉਹ ਕਿੱਸੇ,
ਭੁੱਲੇ ਨਾ ਸਾਨੂੰ, ਕਈ ਵਾਰ ਭੁਲਾਏ ਉਹ ਕਿੱਸੇ।
ਉਮਰ ਦੇ ਤਜਰਬੇ, ਸਿਦਕਾਂ ਦੇ ਹਾਣੀ,
ਜੋ ਹਮੇਸ਼ਾ ਸਾਥ ਨਿਭਾਏ, ਤੇਰੇ ਉਹ ਕਿੱਸੇ।
ਝਿੜਕਾਂ ਚ ਪਿਆਰ,
ਖਾਲੀ ਖੀਸੇ 'ਚ ਲਭਦਾ ਸੀ ਸੰਸਾਰ,
ਹਰ ਪਗਡੰਡੀ 'ਤੇ ਚੇਤੇ ਆਏ, ਤੇਰੇ ਉਹ ਕਿੱਸੇ।
ਜਦ ਕਦੇ ਵੀ ਘੇਰਿਆ ਹਨੇਰਿਆਂ ਨੇ,
ਔਕੜ ਵੇਲੇ ਦੋਸਤ ਬਣ,
ਸਾਥ ਨਿਭਾਵਣ ਆਏ, ਤੇਰੇ ਉਹ ਕਿੱਸੇ
ਤੇਰੇ ਜਾਣ ਮਗਰੋਂ, ਚੇਤੇ ਆਏ ਉਹ ਕਿੱਸੇ।

## ਮਾਂ
### ਸਰਿਤਾ ਤੇਜੀ



ਉਹ ਮਾਂ ਹੈ
ਬੁੱਕਲ
ਨਿੱਘ
ਤੇ ਅੱਪਣਤ ਮਾਂ ਹੈ।
ਨਿਰਸਵਾਰਥ
ਕੁਰਬਾਨੀ
ਤੇ ਮਮਤਾ ਮਾਂ ਹੈ।
ਜ਼ਿਕਰ
ਫ਼ਿਕਰ
ਤੇ ਕਰਤੱਵ ਮਾਂ ਹੈ
ਪਿਆਰ
ਮਨੁਹਾਰ
ਤੇ ਵਿਹਾਰ ਮਾਂ ਹੈ।
ਔਲਾਦ ਦੇ ਤਾਨੇ
ਆਪਣੇ ਬੇਗਾਨੇ
ਤੇ ਵਿਸ਼ਵਾਸ ਮਾਂ ਹੈ ।

## ਡੌਂਕੀ
### ਪਰਮਜੀਤ ਸਿੰਘ ਰਾਜਗੜ੍ਹ

ਜ਼ਿੰਦਗੀ ਜੀਣ ਦਾ ਸਿੱਖ ਤਰੀਕਾ,
ਕੀ ਕਰਨਾ ਏ ਵਿੱਚ ਅਮਰੀਕਾ।
ਸਰ ਕਰਨਾ ਪਊ ਜੰਗਲ ਪਨਾਮਾ,
ਜਿਥੇ ਪਹਿਲਾਂ ਹੀ ਵਿਲਕਣ ਜਾਨਾਂ।
ਕਈ ਤਾਂ ਪਿੰਜਰ ਹੋ ਕੇ ਰਹਿ ਗਏ,
ਉਥੇ ਪੀ ਲਿਆ ਖ਼ੂਨ ਸ਼ੈਤਾਨਾਂ।
ਲੋਥਾਂ ਵਿੱਚੋਂ ਲੰਘਣਾ ਪੈਂਦਾ,
ਤਲੀ 'ਤੇ ਰੱਖ ਕੇ ਆਪਣੀਆਂ ਜਾਨਾਂ।
ਕਈ ਮੁੱਕਦੇ ਨੇ ਭੁੱਖੇ ਪਿਆਸੇ,
ਉਥੇ ਹਰ ਰਾਹ ਹੈ ਅਨਜਾਨਾ।
ਜਦੋਂ ਦਿਲ 'ਤੇ ਪੱਥਰ ਧਰ ਕੇ,
ਛੱਡ ਜਾਂਦੀਆਂ ਸਾਥ ਕਮਾਨਾਂ।
ਕਈ ਤੜਫ਼ ਤੜਫ਼ ਮਰ ਜਾਂਦੇ,
ਰੁਲ਼ ਖੁਲ ਕੇ ਫਿਰ ਨਿਕਲਣ ਜਾਨਾਂ।
ਆਪ ਡੁੱਬੇ ਜੱਗ ਪਰਲੋਂ ਆਵੇ,
ਸੱਚੀਆਂ ਹੋਣ ਅਖਾਣਾਂ।
ਡੌਂਕਰ ਨਹੀਂ ਦੈਤਾਂ ਦਾ ਤਾਂਡਵ,
ਜਿਵੇਂ ਕਰਦੀ ਮੌਤ ਮਸਾਣਾਂ।
'ਪਰਮਜੀਤ' ਡਾਲਰ ਦੇ ਸੁਫ਼ਨੇ,
ਆਪਣਾ ਆਪ ਹਰਾਨਾਂ।
ਥੋੜ੍ਹੀ ਖਾ ਇੱਜ਼ਤ ਦੀ ਖਾ ਲੈ,
ਕਿਉਂ ਜਿੰਦੜੀ ਨੂੰ ਕੁਰਲਾਉਂਦਾ।

## ਸੁਲ਼ਗਦੇ ਅਹਿਸਾਸ
### ਪ੍ਰਸ਼ੋਤਮ ਪੱਤੋ

ਫ਼ਿਰਕੂ 'ਨ੍ਹੇਰੀਆਂ ਵਿੱਚ ਆਪਣਾ ਖ਼ਿਆਲ ਰੱਖੀਂ।
ਯੋਧਿਆਂ ਦੀ ਯਾਦਾਂ ਦੇ ਜੁਗਨੂੰ ਨਾਲ-ਨਾਲ ਰੱਖੀਂ।
ਕੀ ਪਤਾ ਕਦ ਚੰਦ ਬੱਦਲੀ ਦੇ ਓਹਲੇ ਹੋ ਜਾਵੇ,
ਆਪਣੀ ਦਹਿਲੀਜ਼ ਉੱਤੇ ਦੀਵਾ ਤੂੰ ਬਾਲ ਰੱਖੀਂ।
ਤੰਗੀਆਂ ਨੇ ਬਹੁਤ ਅੱਜ ਤੇਰੇ ਚਾਰ ਚੁਫ਼ੇਰੇ,
ਸੁਲ਼ਗਦੇ ਅਹਿਸਾਸੀ ਹਿਰਦਾ ਵਿਸ਼ਾਲ ਰੱਖੀਂ।
ਗਰਮ ਹਵਾਵਾਂ ਨਾਲ ਐਵੇਂ ਨਾ ਗਰਮ ਹੋ ਜਾਵੀਂ,
ਦਿਲ ਵਿੱਚ ਦਬਾ ਕੇ ਪਿਆਰ ਦਾ ਭੂਚਾਲ ਰੱਖੀਂ।
ਕਿਸ ਕਿਸ ਨੂੰ ਤੇਰੇ ਰੋਸ ਦਾ ਦੇਵਾਂਗਾ ਜਵਾਬ,
ਮਨੁੱਖੀ ਪਿਆਰ ਦੀ ਲੋਕਾਂ 'ਚ ਬੋਲਚਾਲ ਰੱਖੀਂ।
ਜੇ ਸੁਆਰਥਾਂ ਦੇ ਸੱਪ ਤੇਰੇ ਕੋਲ ਵੀ ਆ ਗਏ,
ਸ਼ੀਸ਼ੇ ਜਿਹਾ ਤੂੰ ਚਿਹਰਾ ਸਭ ਨੂੰ ਦਿਖਾਲ ਰੱਖੀਂ।
ਇਸ ਮਨੁੱਖੀ ਬਾਗ਼ 'ਚ ਜੋ ਵੀ ਫੁੱਲ ਆਪਣਾ ਹੈ,
ਮਹਿਕ ਉਸ ਦੀ ਉਮਰਾਂ ਤੀਕ ਸੰਭਾਲ ਰੱਖੀਂ।

## ਗ਼ਜ਼ਲ
### ਗੁਰਪ੍ਰੀਤ ਸਿੰਘ ਬਿਲਿੰਗ

ਮਾਂ ਦੀ ਦੁਆ ਤੋਂ ਵੱਡੀ ਨਾ ਕੋਈ ਦਵਾ ਹੁੰਦੀ ਹੈ,
ਹਰ ਰੋਗ, ਹਰ ਜ਼ਖ਼ਮ ਦੀ ਉਹ ਹੀ ਸ਼ਿਫ਼ਾ ਹੁੰਦੀ ਹੈ।
ਜਦ ਧੁੱਪ ਸਿਰ ਤੋਂ ਲੰਘ ਕੇ ਰੂਹਾਂ ਤੱਕ ਪਹੁੰਚ ਜਾਵੇ,
ਮਾਂ ਦੀ ਹੀ ਯਾਦ ਤਪਦੇ ਰਾਹਾਂ 'ਚ ਛਾਂ ਹੁੰਦੀ ਹੈ।
ਮਨੁੱਖ ਭਾਵੇਂ ਹੋ ਜਾਵੇ ਵੱਡਾ, ਚਾਹੇ ਕਿੰਨੀ ਵੀ ਉਮਰ ਦਾ,
ਮਾਂ ਲਈ ਤਾਂ ਉਸ ਦੀ ਤਕਲੀਫ਼ ਸਜ਼ਾ ਹੁੰਦੀ ਹੈ।
ਸੱਜਣ, ਵਫ਼ਾਵਾਂ, ਰਿਸ਼ਤੇ, ਦੁਨੀਆ ਦੇ ਸਭ ਕਾਇਦੇ,
ਮਾਂ ਦੀ ਮੁਹੱਬਤ ਸਭ ਤੋਂ ਹੀ ਜੁਦਾ ਹੁੰਦੀ ਹੈ।
ਮਸਜਿਦਾਂ ਦੀ ਅਜ਼ਾਨ, ਮੰਦਿਰਾਂ ਵਿੱਚ ਹੁੰਦੀ ਆਰਤੀ,
ਮਾਂ ਦੀ ਸਦਾ ਵਿੱਚ ਸ਼ਾਮਿਲ ਹਰ ਇੱਕ ਦੁਆ ਹੁੰਦੀ ਹੈ।
ਪੈਰਾਂ ਦੇ ਹੇਠ ਜੰਨਤਾਂ ਦਾ ਜ਼ਿਕਰ ਇਉਂ ਹੀ ਨਹੀਂ,
ਧਰਤੀ 'ਤੇ ਮਾਂ ਹੀ ਰੱਬ ਦੀ ਮਰਜ਼ੀ ਤੇ ਰਜ਼ਾ ਹੁੰਦੀ ਹੈ।
ਦੁਨੀਆ ਦੀਆਂ ਸਭ ਜੰਗਾਂ, ਸਭ ਜਿੱਤਾਂ ਅਧੂਰੀਆਂ,
ਜਦ ਘਰ 'ਚ ਬੈਠੀ ਮਾਂ ਦੀ ਅੱਖ ਖ਼ਫ਼ਾ ਹੁੰਦੀ ਹੈ।
ਮਾਂ ਮਰ ਕੇ ਵੀ ਨਹੀਂ ਮਰਦੀ, ਹੈ ਗੱਲ ਇਹ ਸੱਚ,
ਔਲਾਦ ਦੇ ਸਾਹਾਂ ਵਿੱਚ ਉਹ ਬਣ ਕੇ ਸਾਹ ਜਿਉਂਦੀ ਹੈ।

## ਵਿਪਰੀਤੀ ਜਜ਼ਬੇ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308

ਕੀ ਕਹਾਂ ਕਿ ਦਿਲ ਤੈਨੂੰ, ਕਿਸ ਹੈ ਦਿੱਤਾ ਧੋਖਾ,
ਕਿਉਂ ਉਹ ਤੈਨੂੰ ਛੱਡ ਗਿਆ, ਹੋ ਕੇ ਬੜਾ ਔਖਾ।
ਕੌਣ ਸੀ ਜੋ ਭੁੱਖ ਦਾ, ਪਰਸ਼ਾਦ ਵੰਡ ਗਿਆ,
ਕਿ ਹਰ ਮੰਗਤਾ ਖਾ ਖਾ ਕੇ, ਹੋ ਗਿਆ ਮੋਟਾ।
ਜਿਹੜਾ ਸਿੱਕਾ ਉੱਛਲ ਕੇ, ਕਿਸਮਤ ਬਦਲ ਗਿਆ,
ਪਾਰਖੂ ਦੀ ਪਰਖ ਵਿੱਚ, ਨਿਕਲਿਆ ਉਹੀ ਖੋਟਾ।
ਫੈਸਲਾਕੁਨ ਕਿਵੇਂ ਹੋਵੇਗਾ, ਹੁਕਮਰਾਨ ਦਾ ਕੇਸ,
ਜੋ ਸੱਚ ਨੂੰ ਸੂਲ਼ੀ ਟੰਗ ਗਿਆ, ਦੇ ਕੇ ਕਾਨੂੰਨੀ ਹੋਕਾ।
ਜਦ ਕੱਚਾ ਘੜਾ ਹੀ ਵਫਾ ਦੀ, ਬਾਜ਼ੀ ਜਿੱਤ ਗਿਆ,
ਸਦੀਆਂ ਤੋਂ ਸ਼ੂਕਦੇ ਦਰਿਆ ਨੂੰ, ਮਾਰ ਗਿਆ ਸੋਕਾ।
ਸ਼ਮਸ਼ਾਨ ਨੇ ਉਸ ਨੂੰ ਵੀ, ਜੀ ਆਇਆਂ ਕਿਹਾ ਹੱਸ ਕੇ,
ਜੋ ਦਿੰਦਾ ਰਿਹਾ ਦੁਨੀਆ ਨੂੰ, ਦਿਨ ਰਾਤ ਬੜਾ ਧੋਖਾ।
ਲੜਨਾ ਰਹੇਗਾ ਜਾਰੀ, ਕਿਆਮਤ ਦੇ ਰੋਜ਼ ਤੱਕ,
ਇਨਸਾਨੀਅਤ ਦਾ ਜਜ਼ਬਾ, ਕਮਜ਼ੋਰ ਨਹੀਂ ਲੋਕਾ!

## ਗ਼ਜ਼ਲ
### ਪ੍ਰਤਾਪ 'ਪਾਰਸ' ਗੁਰਦਾਸਪੁਰੀ

ਅੱਜ ਗਵਾ ਕੇ ਕੱਲ੍ਹ ਵਾਸਤੇ ਭਟਕ ਰਿਹਾ ਹੈ ਬੰਦਾ,
ਸੂਲੀ ਉੱਤੇ ਜ਼ਿੰਦਾ ਵੇਖੋ ਲਟਕ ਰਿਹਾ ਹੈ ਬੰਦਾ।
ਖਾਹਸ਼ਾਂ ਅਤੇ ਤ੍ਰਿਸ਼ਨਾਵਾਂ ਨੇ ਪਾ ਕੇ ਰੱਖਿਆ ਘੇਰਾ,
ਗਰਜ਼ਾਂ ਦੇ ਇਹ ਪਿੰਜਰੇ ਪੈ ਕੇ ਖਟਕ ਰਿਹਾ ਹੈ ਬੰਦਾ।
ਖੁਸ਼ੀਆਂ ਵੰਡੇ ਜੀਵਨ ਦੇਵੇ ਰੋਂਦਿਆਂ ਤਾਈਂ ਹਸਾਵੇ,
ਕੈਸੀ ਗੱਲ ਹੈ ਪਰ ਇਸ ਰਾਹ ਤੋਂ ਭਟਕ ਰਿਹਾ ਹੈ ਬੰਦਾ।
ਪਰਬਤ ਤੋੜੇ, ਦਰਿਆਵਾਂ 'ਤੇ ਇਸ ਨੇ ਬੰਨ੍ਹ ਲਗਾਏ,
ਇਸੇ ਕਰਕੇ ਕੁਦਰਤ ਨੂੰ ਵੀ ਖਟਕ ਰਿਹਾ ਹੈ ਬੰਦਾ।
ਜ਼ਹਿਰਾਂ ਬੀਜੇ ਜ਼ਹਿਰਾਂ ਵੱਡੇ ਜ਼ਹਿਰਾਂ ਦੇ ਵਿੱਚ ਰਮਿਆ,
ਫਿਰ ਆਪੇ ਹੀ ਜ਼ਹਿਰ ਰੋਜ਼ਾਨਾ ਗਟਕ ਰਿਹਾ ਹੈ ਬੰਦਾ।
ਇਹ ਵੀ ਸੱਚ ਹੈ ਇਥੋਂ ਤੇਰੇ ਨਾਲ ਨਾ ਕੁਝ ਵੀ ਜਾਣਾ,
ਪਰ 'ਪਾਰਸ' ਇਹ ਸੱਚ ਨੂੰ ਵੇਖੋ ਝਟਕ ਰਿਹਾ ਹੈ ਬੰਦਾ।
ਚੋਰੀ, ਯਾਰੀ, ਠੱਗੀ-ਠੋਰੀ ਕਰਦਾ ਮੂਲ ਨਾ ਡਰਦਾ,
ਸੱਚ ਲੁਕਾ ਕੇ ਕਿੰਨਾ ਬਣ ਇਹ ਚਟਕ ਰਿਹਾ ਹੈ ਬੰਦਾ।

## ਗ਼ਜ਼ਲ
### ਜਸਵਿੰਦਰ ਸਿੰਘ ਰੁਪਾਲ

ਬੇਚੈਨੀ ਤੇ ਘੋਰ ਉਦਾਸੀ,
ਨਿੱਤ ਫੈਲਦੀ ਜਾਏ ਕਿੱਦਾਂ ?
ਕਬਰੀਂ ਬੈਠਾ ਜੀਵਨ ਦਾ ਕੋਈ,
ਗੀਤ ਸੁਹਾਵਾਂ ਗਾਏ ਕਿੱਦਾਂ ?
ਢਿੱਡ ਦੀ ਅੱਗ ਜਵਾਨੀ ਤਾਈ,
ਦੇਸ਼ਾਂ ਤੋਂ ਪਰਦੇਸ ਲਿਆਈ,
ਚੋਗੇ ਖਾਤਰ ਸੈ ਕੋਹਾਂ ਤੋਂ,
ਸੋਚ ਪਰਿੰਦੇ ਆਏ ਕਿੱਦਾਂ ?
ਪੱਥਰ ਕੁੱਟ ਰਹੀ ਦਾ ਚਿਹਰਾ,
ਸਬਰ ਸ਼ੁਕਰ ਦੀ ਝਲਕ ਦਿਖਾਵੇ,
ਨੈਣਾਂ ਅੰਦਰ ਲੱਖਾਂ ਸੁਫ਼ਨੇ,
ਉਸ ਨੇ ਦੇਖ ਛੁਪਾਏ ਕਿੱਦਾਂ ?
ਬੁੱਢਾ ਬਾਪੂ ਸਮਝ ਸਕੇ ਨਾ,
ਲੁਕਵੀਂ ਸ਼ਕਤੀ ਮੰਡੀ ਵਾਲੀ
ਕਿੱਦਾਂ ਪਨੀਰੀ ਫੈਸ਼ਨ ਵਿੱਚ ਡੋਬੀ,
ਪੁੱਤ ਨਸ਼ੇ 'ਤੇ ਲਾਏ ਕਿੱਦਾਂ ?
ਭੁੱਖਾ ਤਨ ਤਾਂ ਪਿੰਜਰ ਹੋਇਆ,
ਦੇਖ ਹਾਲੇ ਤਕ ਰੂਹ ਜ਼ਿੰਦਾ ਹੈ।
ਮਾਸ ਖੋਰੀਆਂ ਗਿਰਝਾਂ ਨੂੰ ਪਰ,
ਦੇਖਾਂ ਕੋਈ ਬੁਲਾਏ ਕਿੱਦਾਂ ?
ਅੰਬਰ ਤੱਕ ਪਰਵਾਜ਼ ਭਰਾਂ ਮੈਂ,
ਬੱਦਲ ਡਾਢੇ ਨੀਵੇਂ ਰਹਿ ਗਏ
ਤੇਜ਼ ਗੜੇ 'ਤੇ ਝੱਖੜ ਮੈਨੂੰ,
ਦੱਸੋ ਰੋਕਾਂ ਪਾਏ ਕਿੱਦਾਂ ?
ਹਰ ਪਾਸੇ ਤੋਂ ਨਫ਼ਰਤ ਦਾ
ਨਿਤ ਧੂੰਆਂ ਉੱਪਰ ਉੱਠ ਰਿਹਾ ਹੈ
ਦੇਖ 'ਰੁਪਾਲ' ਇਹ ਸਾਂਝਾ ਵਿਰਸਾ,
ਦਿਲ ਚੋਂ ਦੱਸ ਭੁਲਾਏ ਕਿੱਦਾਂ ?

## ਗ਼ਜ਼ਲ
### ਪ੍ਰਤਾਪ 'ਪਾਰਸ' ਗੁਰਦਾਸਪੁਰੀ



ਸੱਜਣ ਸ਼ਹਿਰ ਗਰਾਂ ਨਹੀਂ ਭੁੱਲੇ।
ਆਪਣੇ ਸੀ ਉਹ ਤਾਂ ਨਹੀਂ ਭੁੱਲੇ।
ਮੋੜ, ਚੁਰਾਹੇ, ਗਲੀਆਂ, ਸੜਕਾਂ,
ਕੌਡੂ ਮੱਲ੍ਹ ਸਰਾਂ ਨਹੀਂ ਭੁੱਲੇ।
ਲੁਕਣਮੀਚੀ ਛੂਹਣ-ਛਪਾਈਆਂ,
'ਵੇਲੀ ਖੰਡਰ-ਨੁਮਾ ਨਹੀਂ ਭੁੱਲੇ।
ਜੀਂਦੜ, ਖੁੰਡਾ, ਫੇਰੋਚੇਚੀ,
ਨਾਨੋਵਾਲ ਕਲਾਂ ਨਹੀਂ ਭੁੱਲੇ।
ਲੰਬੂ, ਬੌਣਾ, ਗੱਪੀ, ਸੜੀਅਲ,
ਨਾਂ ਦੇ ਪਾਏ ਕੁਨਾਂ ਨਹੀਂ ਭੁੱਲੇ।
ਦਾਣੇ ਝੋਲੀ ਵਿੱਚ ਭੁੰਨਾਏ,
ਭੱਠੀ ਵਾਲੀ ਥਾਂ ਨਹੀਂ ਭੁੱਲੇ।
ਦੁੱਧ, ਦਹੀਂ ਉਹ ਘਰੜ ਦੇ ਛੰਨੇ,
ਚੂਰੀ ਦਿੰਦੀ ਮਾਂ ਨਹੀਂ ਭੁੱਲੇ।
ਫੇਰ ਮਿਲਣ ਦਾ ਵਾਅਦਾ ਕੀਤਾ,
ਨਾਂਹ-ਨਾਂਹ ਕਹਿਕੇ ਹਾਂ ਨਹੀਂ ਭੁੱਲੇ।
ਛੱਡੇ ਪਿੰਡ ਦੀ ਪੀੜ ਨਾ ਭੁੱਲੇ,
ਮੋਹ ਦੀ ਠੰਢੀ ਛਾਂ ਨਹੀਂ ਭੁੱਲੇ।
ਬੋਲ ਬੋਲ 'ਤੋਂ ਜਾਨ ਵਾਰਦੇ,
ਯਾਰ ਜੋ ਸੱਜੀ ਬਾਂਹ ਨਹੀਂ ਭੁੱਲੇ।
ਅੱਲੜ੍ਹ ਉਮਰੇ ਹੋਈਆਂ ਭੁੱਲਾਂ,
ਦਿਲ 'ਚੋਂ 'ਪਾਰਸ' ਨਾਂ ਨਹੀਂ ਭੁੱਲੇ।

# ਜੂਨੀਅਰ ਏਸ਼ੀਆ ਹਾਕੀ ਕੱਪ 'ਚ ਭਾਰਤ ਬਣਿਆ ਛੇਵੀਂ ਵਾਰ ਚੈਂਪੀਅਨ



ਮੋਕੀ/ਏ.ਟੀ.ਨਿਊਜ਼: ਚੀਨ ਵਿੱਚ ਖੇਡੇ ਗਏ ਪੁਰਸ਼ ਹਾਕੀ ਦੇ ਜੂਨੀਅਰ ਏਸ਼ੀਆ ਕੱਪ ਫ਼ਾਈਨਲ ਵਿੱਚ ਭਾਰਤ ਨੇ ਕੋਰੀਆ ਨੂੰ 4-1 ਨਾਲ ਹਰਾ ਕੇ ਰਿਕਾਰਡ ਛੇਵੀਂ ਵਾਰ ਇਹ ਖ਼ਿਤਾਬ ਆਪਣੇ ਨਾਂਅ ਕੀਤਾ ਹੈ ਅਤੇ ਵਿਸ਼ਵ ਕੱਪ ਲਈ ਆਪਣੀ ਜਗ੍ਹਾ ਪੱਕੀ ਕਰ ਲਈ ਹੈ। ਮੈਚ ਦੀ ਸ਼ੁਰੂਆਤ ਤੋਂ ਹੀ ਭਾਰਤੀ ਖਿਡਾਰੀਆਂ ਨੇ ਆਪਣਾ ਦਬਦਬਾ ਬਣਾਇਆ। ਭਾਰਤ ਨੇ ਅਜੀਤ ਯਾਦਵ ਸਦਕਾ 9ਵੇਂ ਮਿੰਟ ਵਿੱਚ ਸ਼ਾਨਦਾਰ ਗੋਲ ਕੀਤਾ। ਇਸ ਤੋਂ ਬਾਅਦ ਕਪਤਾਨ ਅਨਮੋਲ ਨੇ 13ਵੇਂ ਮਿੰਟ ਵਿੱਚ ਗੋਲ ਕਰ ਕੇ ਭਾਰਤ ਦੀ ਲੀਡ ਨੂੰ 2-0 ਕਰ ਦਿੱਤਾ। ਮੈਚ ਦੇ 21ਵੇਂ ਮਿੰਟ ਵਿੱਚ ਪ੍ਰਭਦੀਪ ਸਿੰਘ ਨੇ ਸ਼ਾਨਦਾਰ ਸ਼ਾਟ ਮਾਰ ਕੇ ਟੀਮ ਦਾ ਤੀਜਾ ਗੋਲ ਕੀਤਾ ਅਤੇ ਭਾਰਤ ਨੇ ਹਾਫ਼-ਟਾਈਮ ਤੱਕ 3-0 ਦੀ ਲੀਡ ਲਈ।

**ਹਰੇਕ ਖਿਡਾਰੀ ਨੂੰ ਮਿਲੇਗੀ ਤਿੰਨ ਲੱਖ ਰੁਪਏ ਦੀ ਇਨਾਮੀ ਰਾਸ਼ੀ**

ਮੈਚ ਦੇ ਆਖ਼ਰੀ ਕੁਆਰਟਰ ਵਿੱਚ ਵੀ ਭਾਰਤੀ ਟੀਮ ਦਾ ਹਮਲਾਵਰ ਰੁਖ਼ ਜਾਰੀ ਰਿਹਾ। 50ਵੇਂ ਮਿੰਟ ਵਿੱਚ ਆਸ਼ੂ ਮੌਰਿਆ ਨੇ ਪੈਨਲਟੀ ਕਾਰਨਰ ਨੂੰ ਗੋਲ ਵਿੱਚ ਬਦਲ ਕੇ ਸਕੋਰ 4-0 ਕਰ ਦਿੱਤਾ। ਹਾਲਾਂਕਿ, ਕੋਰੀਆ ਨੇ 54ਵੇਂ ਮਿੰਟ ਵਿੱਚ ਪੈਨਲਟੀ ਸਟਰੋਕ ਜ਼ਰੀਏ ਆਪਣਾ ਪਹਿਲਾ ਗੋਲ ਕੀਤਾ, ਜਿਸ ਨੂੰ ਕੋਰੀਆਈ ਕਪਤਾਨ ਲੀ ਮਿਨਹਯੋਕ ਨੇ ਗੋਲ ਵਿੱਚ ਤਬਦੀਲ ਕੀਤਾ, ਪਰ ਉਦੋਂ ਤੱਕ ਮੈਚ ਭਾਰਤ ਦੀ ਪਕੜ ਵਿੱਚ ਆ ਚੁੱਕਾ ਸੀ। ਭਾਰਤ ਨੇ ਇਸ ਤੋਂ ਪਹਿਲਾਂ 2004, 2008, 2015, 2023 ਅਤੇ 2024 ਵਿੱਚ ਵੀ ਇਹ ਟਰਾਫ਼ੀ ਜਿੱਤੀ ਹੈ। ਟੀਮ ਦੀ ਇਸ ਇਤਿਹਾਸਕ ਪ੍ਰਾਪਤੀ ਤੋਂ ਖ਼ੁਸ਼ ਹੋ ਕੇ ਹਾਕੀ ਇੰਡੀਆ ਨੇ ਹਰੇਕ ਖਿਡਾਰੀ ਲਈ 3 ਲੱਖ ਰੁਪਏ ਅਤੇ ਸਪੋਰਟਸ ਸਟਾਫ਼ ਦੇ ਹਰੇਕ ਮੈਂਬਰ ਲਈ 1.5 ਲੱਖ ਰੁਪਏ ਦੀ ਇਨਾਮੀ ਰਾਸ਼ੀ ਦਾ ਐਲਾਨ ਕੀਤਾ ਹੈ।

## ਜੂਨੀਅਰ ਵੂਮੈਨਜ਼ ਏਸ਼ੀਆ ਕੱਪ 'ਚ ਵੀ ਭਾਰਤ ਨੇ ਜਿੱਤਿਆ ਖ਼ਿਤਾਬ



ਮੋਕੀ(ਚੀਨ)/ਏ.ਟੀ.ਨਿਊਜ਼ : ਭਾਰਤ ਨੇ ਪਿਛਲੇ ਦਿਨੀਂ ਚੀਨ ਨੂੰ 1-0 ਨਾਲ ਹਰਾ ਕੇ ਜੂਨੀਅਰ ਵੂਮੈਨਜ਼ ਏਸ਼ੀਆ ਕੱਪ 2026 ਦਾ ਖ਼ਿਤਾਬ ਜਿੱਤ ਲਿਆ। ਚੀਨ ਦੇ ਮੋਕੀ ਵਿੱਚ ਖੇਡੇ ਗਏ ਫਾਈਨਲ ਵਿੱਚ ਭਾਰਤ ਲਈ ਸਾਨਿਕਾ ਚੰਦਰਕਾਂਤ ਮਾਨੇ ਨੇ 17ਵੇਂ ਮਿੰਟ ਵਿੱਚ ਗੋਲ ਕੀਤਾ, ਜੋ ਫ਼ੈਸਲਾਕੁੰਨ ਸਾਬਤ ਹੋਇਆ।

ਇਸ ਜਿੱਤ ਦੇ ਨਾਲ ਭਾਰਤੀ ਜੂਨੀਅਰ ਵੂਮੈਨਜ਼ ਟੀਮ ਨੇ ਲਗਾਤਾਰ ਤੀਜੀ ਵਾਰ ਖ਼ਿਤਾਬ ਆਪਣੇ ਨਾਮ ਕੀਤਾ। ਨਾਲ ਹੀ ਟੀਮ ਨੇ ਐਫ਼.ਆਈ.ਐਚ. ਜੂਨੀਅਰ ਵਰਲਡ ਕੱਪ ਲਈ ਵੀ ਕੁਆਲੀਫਾਈ ਕਰ ਲਿਆ। ਫਾਈਨਲ ਜਿੱਤਣ ਦੇ ਤੁਰੰਤ ਬਾਅਦ ਹਾਕੀ ਇੰਡੀਆ ਨੇ ਭਾਰਤੀ ਟੀਮ ਦੀ ਹਰ ਖਿਡਾਰੀ ਲਈ 3 ਲੱਖ ਰੁਪਏ ਦੇ ਕੈਸ਼ ਪ੍ਰਾਈਜ਼ ਦਾ ਐਲਾਨ ਕੀਤਾ। ਸਪੋਰਟ ਸਟਾਫ਼ ਲਈ ਵੀ ਨਕਦ ਇਨਾਮ ਦਾ ਐਲਾਨ ਕੀਤਾ ਗਿਆ।

# ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਜਿੱਤਿਆ ਵਿਮੈਨ ਏਸ਼ੀਆ ਕੱਪ

ਚੰਡੀਗੜ੍ਹ/ਏ.ਟੀ.ਨਿਊਜ਼: ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਵਿਮੈਨ ਏਸ਼ੀਆ ਕੱਪ ਜਿੱਤ ਲਿਆ ਹੈ। ਭਾਰਤ ਨੇ ਸ੍ਰੀਲੰਕਾ ਦੀ ਟੀਮ ਨੂੰ ਟੀ 20 ਮੈਚ ਵਿੱਚ 72 ਦੌੜਾਂ ਨਾਲ ਹਰਾਇਆ। ਇਸ ਤੋਂ ਪਹਿਲਾਂ ਭਾਰਤੀ ਮਹਿਲਾ ਟੀਮ ਨੇ ਵੀਹ ਓਵਰਾਂ ਵਿੱਚ ਪੰਜ ਵਿਕਟਾਂ ਦੇ ਨੁਕਸਾਨ 'ਤੇ 183 ਦੌੜਾਂ ਬਣਾਈਆਂ ਸਨ ਪਰ ਸ੍ਰੀਲੰਕਾ ਦੀ ਟੀਮ 111 ਦੌੜਾਂ 'ਤੇ ਹੀ ਆਲ ਆਊਟ ਹੋ ਗਈ।

ਸ੍ਰੀਲੰਕਾ ਲਈ ਇਮੇਸ਼ਾ ਦੁਲਾਨੀ ਨੇ ਸਭ ਤੋਂ ਵੱਧ 44 ਦੌੜਾਂ ਬਣਾਈਆਂ। ਕਪਤਾਨ ਅਟਾਪੱਟੂ ਨੇ 36 ਦੌੜਾਂ ਅਤੇ ਵਿਸ਼ਮੀ ਗੁਣਾਰਤਨੇ ਨੇ 20 ਦੌੜਾਂ ਦਾ ਯੋਗਦਾਨ ਪਾਇਆ। ਇਸ ਤੋਂ ਇਲਾਵਾ ਨਿਲਕਸ਼ਿਕਾ ਸਿਲਵਾ (2), ਹਰਸ਼ਿਤਾ ਸਮਰਵਿਕਰਮਾ (9), ਕਾਵਿਸ਼ਾ ਦਿਲਹਾਰੀ (7), ਹਸੀਨੀ ਪਰੇਰਾ (1), ਸੁਗੰਧਿਕਾ ਕੁਮਾਰੀ (1) ਅਤੇ ਕੌਸ਼ਾਨੀ ਨੁਥਯਾਂਗਨਾ ਨੇ ਨਾਬਾਦ 9 ਦੌੜਾਂ ਬਣਾਈਆਂ, ਜਦਕਿ ਮਿਥਾਲੀ ਅਯੋਧਿਆ ਬਿਨਾਂ ਖਾਤਾ ਖੋਲ੍ਹੇ ਆਊਟ ਹੋ ਗਈ। ਸ੍ਰੀਲੰਕਾ ਦੀ ਪਾਰੀ 111 ਦੌੜਾਂ 'ਤੇ ਸਿਮਟ ਗਈ।

ਭਾਰਤ ਦੀਆਂ ਗੇਂਦਬਾਜ਼ਾਂ ਨੇ ਪੂਰੇ ਮੈਚ ਦੌਰਾਨ ਸ਼ਾਨਦਾਰ ਅਨੁਸ਼ਾਸਨ ਦਿਖਾਉਂਦੇ ਹੋਏ ਸ੍ਰੀਲੰਕਾਈ ਬੱਲੇਬਾਜ਼ਾਂ ਨੂੰ ਦਬਾਅ ਵਿੱਚ ਰੱਖਿਆ। ਸ੍ਰੀ ਚਰਨੀ ਨੇ ਵਧੀਆ ਗੇਂਦਬਾਜ਼ੀ ਕਰਦਿਆਂ ਸ੍ਰੀਲੰਕਾ ਦੇ ਬੱਲੇਬਾਜ਼ਾਂ ਨੂੰ ਟਿਕਣ ਨਾ ਦਿਤਾ ਅਤੇ 4 ਅਹਿਮ ਵਿਕਟਾਂ ਆਪਣੇ ਨਾਂ ਕੀਤੀਆਂ। ਇਸ ਤੋਂ ਇਲਾਵਾ ਦੀਪਤੀ ਸ਼ਰਮਾ ਨੇ ਵੀ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ 2 ਵਿਕਟਾਂ ਹਾਸਲ ਕੀਤੀਆਂ। ਕ੍ਰਾਂਤੀ ਗੌੜ, ਪ੍ਰੇਮਾ ਰਾਵਤ ਅਤੇ ਸ਼ੈਫਾਲੀ ਵਰਮਾ ਨੇ 1-1 ਵਿਕਟ ਹਾਸਲ ਕਰਕੇ ਭਾਰਤ ਦੀ ਇਸ ਇਤਿਹਾਸਕ ਅਤੇ ਸ਼ਾਨਦਾਰ ਜਿੱਤ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

ਸ਼ੈਫਾਲੀ ਅਤੇ ਮੰਧਾਨਾ ਦੀਆਂ ਸ਼ਾਨਦਾਰ ਪਾਰੀਆਂ

ਦੁਬਈ ਵਿਚ ਖੇਡੇ ਗਏ ਮਹਿਲਾ ਏਸ਼ੀਆ ਕੱਪ ਟੀ-20 ਦੇ ਫ਼ਾਈਨਲ ਮੈਚ ਵਿੱਚ ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਤ 20 ਓਵਰਾਂ ਵਿੱਚ 5 ਵਿਕਟਾਂ ਦੇ ਨੁਕਸਾਨ 'ਤੇ 183 ਦੌੜਾਂ ਦਾ ਮਜ਼ਬੂਤ ਸਕੋਰ ਖੜ੍ਹਾ ਕੀਤਾ। ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਭਾਰਤੀ ਟੀਮ ਨੂੰ ਸਲਾਮੀ ਬੱਲੇਬਾਜ਼ ਸ਼ੈਫਾਲੀ ਵਰਮਾ (68 ਦੌੜਾਂ) ਅਤੇ ਉਪ ਕਪਤਾਨ ਸਮ੍ਰਿਤੀ ਮੰਧਾਨਾ (59 ਦੌੜਾਂ) ਨੇ ਵਧੀਆ ਸ਼ੁਰੂਆਤ ਦਿੱਤੀ। ਦੋਵਾਂ ਨੇ ਪਹਿਲੇ ਵਿਕਟ ਲਈ ਸਿਰਫ਼ 77 ਗੇਂਦਾਂ ਵਿੱਚ 129 ਦੌੜਾਂ ਦੀ ਸ਼ਾਨਦਾਰ ਸਾਂਝੇਦਾਰੀ ਕੀਤੀ। ਸ਼ੈਫਾਲੀ ਨੇ ਮਹਿਲਾ ਏਸ਼ੀਆ ਕੱਪ ਵਿੱਚ ਸਭ ਤੋਂ ਤੇਜ਼ ਅਰਧ ਸੈਂਕੜਾ ਜੜਨ ਦਾ ਰਿਕਾਰਡ ਬਣਾਉਂਦਿਆਂ ਮਹਿਜ਼ 24 ਗੇਂਦਾਂ ਵਿੱਚ ਆਪਣੀ ਫ਼ਿਫਟੀ ਪੂਰੀ ਕੀਤੀ।

ਸ਼ੁਰੂਆਤੀ ਓਵਰਾਂ ਵਿੱਚ ਭਾਰਤੀ ਟੀਮ ਨੇ ਪਾਵਰਪਲੇਅ ਵਿੱਚ ਬਿਨਾਂ ਕਿਸੇ ਨੁਕਸਾਨ ਦੇ 57 ਦੌੜਾਂ ਬਣਾਈਆਂ ਅਤੇ 10 ਓਵਰਾਂ ਤੱਕ ਸਕੋਰ 98 ਦੌੜਾਂ ਤੱਕ ਪਹੁੰਚ ਗਿਆ ਸੀ। ਸਮ੍ਰਿਤੀ ਮੰਧਾਨਾ ਨੇ ਵੀ 35 ਗੇਂਦਾਂ ਵਿੱਚ ਆਪਣਾ 36ਵਾਂ ਟੀ-20 ਅੰਤਰਰਾਸ਼ਟਰੀ ਅਰਧ ਸੈਂਕੜਾ ਪੂਰਾ ਕੀਤਾ।

ਸ਼ੈਫਾਲੀ ਅਤੇ ਮੰਧਾਨਾ ਦੇ ਆਊਟ ਹੋਣ ਤੋਂ ਬਾਅਦ ਸ੍ਰੀਲੰਕਾਈ ਗੇਂਦਬਾਜ਼ਾਂ ਨੇ ਮੈਚ ਵਿੱਚ ਸ਼ਾਨਦਾਰ ਵਾਪਸੀ ਕੀਤੀ ਅਤੇ ਭਾਰਤੀ ਟੀਮ ਨੂੰ 200 ਦੌੜਾਂ ਤੱਕ ਪਹੁੰਚਣ ਤੋਂ ਰੋਕ ਦਿੱਤਾ। 15 ਓਵਰਾਂ ਤੱਕ ਭਾਰਤ ਦਾ ਸਕੋਰ 2 ਵਿਕਟਾਂ 'ਤੇ 140 ਦੌੜਾਂ ਸੀ ਪਰ ਆਖ਼ਰੀ 5 ਓਵਰਾਂ ਵਿੱਚ ਸਿਰਫ਼ 43 ਦੌੜਾਂ ਹੀ ਬਣ ਸਕੀਆਂ। ਰਿਚਾ ਘੋਸ਼ (17) ਅਤੇ ਕਪਤਾਨ ਹਰਮਨਪ੍ਰੀਤ ਕੌਰ (14) ਵੱਡੇ ਸ਼ਾਟ ਖੇਡਣ ਦੇ ਚੱਕਰ ਵਿੱਚ ਆਊਟ ਹੋ ਗਈਆਂ। ਹਾਲਾਂਕਿ, ਅੰਤ ਵਿੱਚ ਜੀ. ਕਮਾਲਿਨੀ ਨੇ ਨਾਬਾਦ 15 ਦੌੜਾਂ (5 ਗੇਂਦਾਂ) ਦੀ ਤੇਜ਼ ਪਾਰੀ ਖੇਡਦਿਆਂ ਆਖ਼ਰੀ ਦੋ ਗੇਂਦਾਂ 'ਤੇ ਚੌਕਾ ਅਤੇ ਛੱਕਾ ਜੜ ਕੇ ਟੀਮ ਦਾ ਸਕੋਰ 183 ਦੌੜਾਂ ਤੱਕ ਪਹੁੰਚਾਇਆ।

# ਮੁੱਕੇਬਾਜ਼ੀ 'ਚ ਭਾਰਤ ਦਾ ਸੁਨਹਿਰੀ ਇਤਿਹਾਸ

ਮਨਦੀਪ ਸਿੰਘ ਸੁਨਾਮ



ਇਸ ਵਾਰ ਦੀਆਂ ਰਾਸ਼ਟਰਮੰਡਲ ਖੇਡਾਂ, ਜੋ ਕਿ ਹੁਣ ਤੱਕ ਦੀਆਂ ਸਭ ਤੋਂ ਛੋਟੀਆਂ ਅਤੇ ਘੱਟ ਖੇਡ ਈਵੈਂਟਾਂ ਵਾਲੀਆਂ ਕਾਮਨਵੈਲਥ ਖੇਡਾਂ ਸਨ, 23 ਜੁਲਾਈ ਤੋਂ 2 ਅਗਸਤ ਤੱਕ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਵਿੱਚ ਹੋਈਆਂ। ਇੱਕ ਵਾਰ ਤਾਂ ਇਨ੍ਹਾਂ ਖੇਡਾਂ ਨੂੰ ਰੱਦ ਕਰਨ ਤੱਕ ਦੀ ਨੌਬਤ ਆ ਗਈ ਸੀ, ਜਦੋਂ ਆਸਟ੍ਰੇਲੀਆ ਦੇ ਸ਼ਹਿਰ ਵਿਕਟੋਰੀਆ ਨੇ 2026 ਦੀਆਂ ਖੇਡਾਂ ਨੂੰ ਕਰਵਾਉਣ ਦਾ ਆਪਣਾ ਦਾਅਵਾ ਵਾਪਸ ਲੈ ਲਿਆ ਸੀ। ਫਿਰ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਨੇ ਆਪਣੀਆਂ ਮੌਜੂਦਾ ਖੇਡ ਸਹੂਲਤਾਂ ਦੇ ਆਧਾਰ 'ਤੇ ਸੀਮਤ ਖੇਡਾਂ ਨਾਲ ਇਨ੍ਹਾਂ ਨੂੰ ਕਰਵਾਉਣ ਲਈ ਹਾਮੀ ਭਰੀ।

ਗੱਲ ਕਰਦੇ ਹਾਂ ਸਾਡੇ ਭਾਰਤ ਦੀ, ਜਿਸ ਦੇ 122 ਖਿਡਾਰੀਆਂ ਨੇ 10 ਖੇਡਾਂ ਅੰਦਰ ਇਨ੍ਹਾਂ ਮੁਕਾਬਲਿਆਂ ਵਿੱਚ ਭਾਰਤੀ ਝੰਡੇ ਦੀ ਅਗਵਾਈ ਕੀਤੀ। ਇਨ੍ਹਾਂ ਵਿੱਚ ਭਾਵੇਂ ਉਹ ਖੇਡਾਂ ਨਦਾਰਦ ਸਨ, ਜਿਨ੍ਹਾਂ ਵਿੱਚ ਭਾਰਤੀ ਖਿਡਾਰੀ ਵਧੀਆ ਪ੍ਰਦਰਸ਼ਨ ਕਰਦੇ ਹਨ, ਜਿਵੇਂ ਕਿ ਕੁਸ਼ਤੀ, ਨਿਸ਼ਾਨੇਬਾਜ਼ੀ, ਬੈਡਮਿੰਟਨ ਅਤੇ ਟੇਬਲ ਟੈਨਿਸ ਪਰ ਫਿਰ ਵੀ ਇਸ ਵਾਰ ਭਾਰਤੀ ਮੁੱਕੇਬਾਜ਼ਾਂ ਦੇ ਮੁੱਕਿਆਂ ਨੇ ਇਨ੍ਹਾਂ ਖੇਡਾਂ ਵਿੱਚ ਭਾਰਤ ਦੀ ਲਾਜ ਰੱਖੀ ਅਤੇ ਇਤਿਹਾਸਕ ਪ੍ਰਦਰਸ਼ਨ ਕਰਦਿਆਂ ਸੋਨ ਤਗ਼ਮਿਆਂ ਦੀ ਝੜੀ ਲਗਾ ਦਿੱਤੀ। ਇਨ੍ਹਾਂ ਖੇਡਾਂ ਵਿੱਚ ਭਾਰਤ ਨੇ ਕੁੱਲ 13 ਸੋਨ ਤਗ਼ਮੇ ਜਿੱਤੇ, ਜਿਨ੍ਹਾਂ ਵਿੱਚੋਂ 7 ਸੋਨ ਤਗ਼ਮੇ ਸਿਰਫ਼ ਮੁੱਕੇਬਾਜ਼ਾਂ ਦੇ ਸਨ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਵਾਰ ਰਾਸ਼ਟਰਮੰਡਲ ਖੇਡਾਂ ਅੰਦਰ ਭਾਰਤੀ ਮੁੱਕੇਬਾਜ਼ ਕਿਸ ਰੌਂਅ ਵਿੱਚ ਸਨ। 7 ਸੋਨ ਤਗ਼ਮਿਆਂ ਤੋਂ ਇਲਾਵਾ ਭਾਰਤੀ ਮੁੱਕੇਬਾਜ਼ਾਂ ਨੇ 3 ਚਾਂਦੀ ਦੇ ਤਗ਼ਮੇ ਜਿੱਤ ਕੇ ਕੁੱਲ 10 ਤਗ਼ਮੇ ਭਾਰਤ ਦੀ ਝੋਲੀ ਪਾਏ ਅਤੇ ਇਤਿਹਾਸ ਰਚਿਆ। ਇਨ੍ਹਾਂ ਖੇਡਾਂ ਵਿੱਚ ਮੁੱਕੇਬਾਜ਼ੀ ਦੇ ਇਨ੍ਹਾਂ ਤਗ਼ਮਿਆਂ ਕਰਕੇ ਹੀ ਭਾਰਤ ਨੇ ਤਗ਼ਮਾ ਸੂਚੀ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ ਹੈ। ਆਓ, ਹੁਣ ਗੱਲ ਕਰਦੇ ਹਾਂ ਉਨ੍ਹਾਂ ਸੁਨਹਿਰੀ ਮੁੱਕਿਆਂ ਦੀ ਜਿਨ੍ਹਾਂ ਨੇ ਭਾਰਤ ਦਾ ਮਾਣ ਵਧਾਇਆ ਹੈ।

ਭਾਰਤ ਨੇ ਰਾਸ਼ਟਰਮੰਡਲ ਖੇਡਾਂ ਅੰਦਰ ਹੁੰਦੀ ਮੁੱਕੇਬਾਜ਼ੀ ਵਿੱਚ ਪਹਿਲੀ ਵਾਰ 1958 ਦੀਆਂ ਕਾਰਡੀਫ਼ ਖੇਡਾਂ ਅੰਦਰ ਭਾਗ ਲਿਆ ਸੀ। ਭਾਰਤ ਵੱਲੋਂ ਮੁੱਕੇਬਾਜ਼ੀ ਵਿੱਚ ਪਹਿਲਾ ਤਗ਼ਮਾ ਸ਼ਿਵਾਜੀ ਭੌਂਸਲੇ ਨੇ 1970 ਦੀਆਂ ਐਡਨਬਰਗ ਖੇਡਾਂ ਵਿੱਚ ਜਿੱਤਿਆ ਸੀ ਅਤੇ ਪਹਿਲਾ ਸੋਨ ਤਗ਼ਮਾ ਮੁਹੰਮਦ ਅਲੀ ਕਮਰ ਨੇ 2002 ਦੀਆਂ ਮੈਨਚੈਸਟਰ ਖੇਡਾਂ ਅੰਦਰ ਭਾਰਤ ਦੇ ਨਾਮ ਕੀਤਾ ਸੀ। ਇਸ ਵਾਰ ਦੀਆਂ ਗਲਾਸਗੋ ਖੇਡਾਂ ਵਿੱਚ ਭਾਰਤ ਨੇ ਮੁੱਕੇਬਾਜ਼ੀ ਅੰਦਰ ਬਾਕਮਾਲ ਪ੍ਰਦਰਸ਼ਨ ਕੀਤਾ ਹੈ। ਇਸ ਵਾਰ ਪੰਜ ਭਾਰਤੀ ਮਹਿਲਾਵਾਂ ਸਾਕਸ਼ੀ ਚੌਧਰੀ (51 ਕਿਲੋਗ੍ਰਾਮ ਭਾਰ ਵਰਗ), ਪ੍ਰੀਤੀ ਪਵਾਰ (54 ਕਿਲੋਗ੍ਰਾਮ ਭਾਰ ਵਰਗ), ਜੈਸਮੀਨ ਲੰਬੋਰੀਆ (57 ਕਿਲੋਗ੍ਰਾਮ ਭਾਰ ਵਰਗ), ਅਰੁੰਧਤੀ ਚੌਧਰੀ (70 ਕਿਲੋਗ੍ਰਾਮ ਭਾਰ ਵਰਗ) ਅਤੇ ਪ੍ਰਿਆ ਘਾਂਘਾਸ (60 ਕਿਲੋਗ੍ਰਾਮ ਭਾਰ ਵਰਗ) ਨੇ ਸੋਨ ਤਗ਼ਮੇ ਦੇਸ਼ ਦੀ ਝੋਲੀ ਪਾਏ ਹਨ ਅਤੇ ਦੁਨੀਆ ਨੂੰ ਭਾਰਤੀ ਮਹਿਲਾਵਾਂ ਦੀ ਸਮਰੱਥਾ ਦੀ ਪਛਾਣ ਕਰਵਾਈ ਹੈ। ਇਸ ਤੋਂ ਇਲਾਵਾ ਉਲੰਪਿਕ ਤਗ਼ਮਾ ਜੇਤੂ ਲਵਲੀਨਾ ਬੋਰਗੋਹੇਨ ਨੇ 75 ਕਿਲੋਗ੍ਰਾਮ ਭਾਰ ਵਰਗ ਵਿੱਚ ਭਾਰਤ ਲਈ ਚਾਂਦੀ ਦਾ ਤਗ਼ਮਾ ਜਿੱਤਿਆ ਹੈ। ਮਰਦ ਮੁੱਕੇਬਾਜ਼ਾਂ ਵਿੱਚੋਂ ਸਚਿਨ ਸਿਵਾਚ (60 ਕਿਲੋਗ੍ਰਾਮ ਭਾਰ ਵਰਗ) ਅਤੇ ਅੰਕੁਸ਼ ਪਾਂਘਾਲ (80 ਕਿਲੋਗ੍ਰਾਮ ਭਾਰ ਵਰਗ) ਨੇ ਸੋਨਾ ਜਿੱਤ ਕੇ ਤਗ਼ਮਾ ਸੂਚੀ ਵਿੱਚ ਵਾਧਾ ਕੀਤਾ ਹੈ। ਇਸ ਦੇ ਨਾਲ ਹੀ ਜਾਦੂਮਨੀ ਸਿੰਘ (55 ਕਿਲੋਗ੍ਰਾਮ ਭਾਰ ਵਰਗ) ਅਤੇ ਨਰੇਂਦਰ ਬੇਰਵਾਲ (+90 ਕਿਲੋਗ੍ਰਾਮ ਭਾਰ ਵਰਗ) ਨੇ ਚਾਂਦੀ ਦੇ ਤਗ਼ਮੇ ਹਾਸਲ ਕੀਤੇ ਹਨ।

ਭਾਰਤੀ ਮੁੱਕੇਬਾਜ਼ਾਂ ਦੇ ਇਸ ਇਤਿਹਾਸਕ ਪ੍ਰਦਰਸ਼ਨ ਨਾਲ ਜਿੱਥੇ ਦੇਸ਼ ਦੀ ਤਗ਼ਮਾ ਸੂਚੀ ਵਿੱਚ ਉਛਾਲ ਆਇਆ ਹੈ, ਉੱਥੇ ਹੀ ਦੇਸ਼ ਦੇ ਹੋਰ ਨੌਜਵਾਨ ਮੁੱਕੇਬਾਜ਼ਾਂ ਨੂੰ ਵੀ ਵੱਡਾ ਉਤਸ਼ਾਹ ਮਿਲਿਆ ਹੈ। ਇਸ ਇਤਿਹਾਸਕ ਪ੍ਰਾਪਤੀ ਉੱਤੇ ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਹਰ ਖੇਡ ਪ੍ਰੇਮੀ ਇਨ੍ਹਾਂ ਯੋਧਿਆਂ ਨੂੰ ਸ਼ੁਭਕਾਮਨਾਵਾਂ ਦਿੰਦਾ ਨਜ਼ਰ ਆਇਆ ਸੀ। ਅਸੀਂ ਉਮੀਦ ਕਰਦੇ ਹਾਂ ਕਿ ਭਾਰਤੀ ਮੁੱਕੇਬਾਜ਼ੀ ਇਸੇ ਤਰ੍ਹਾਂ ਬੁਲੰਦੀਆਂ ਨੂੰ ਛੋਹੇ ਅਤੇ ਆਉਣ ਵਾਲੀਆਂ ਉਲੰਪਿਕ ਖੇਡਾਂ ਵਿੱਚ ਵੀ ਸ਼ਾਨਦਾਰ ਮਾਅਰਕੇ ਮਾਰੇ।

# ਸਮਾਜ ਅਤੇ ਸਿੱਖਿਆ ਪ੍ਰਣਾਲੀ ਨੂੰ ਇੱਕ ਨਵਾਂ ਆਈਨਾ ਦਿਖਾਉਂਦੀਆਂ ਹਨ ਕਈ ਪੰਜਾਬੀ ਫ਼ਿਲਮਾਂ






ਪੰਜਾਬੀ ਸਿਨੇਮਾ ਨੇ ਹਮੇਸ਼ਾ ਸਮਾਜਿਕ ਮੁੱਦਿਆਂ, ਸੱਭਿਆਚਾਰ ਅਤੇ ਰਿਸ਼ਤਿਆਂ ਨੂੰ ਵੱਡੇ ਪਰਦੇ ’ਤੇ ਬਾਖ਼ੂਬੀ ਪੇਸ਼ ਕੀਤਾ ਹੈ। ਜਦੋਂ ਵੀ ਗੱਲ ਅਧਿਆਪਕਾਂ, ਸਿੱਖਿਆ ਪ੍ਰਣਾਲੀ ਅਤੇ ਗੁਰੂ-ਚੇਲੇ ਦੇ ਅਨਮੋਲ ਰਿਸ਼ਤੇ ਦੀ ਆਉਂਦੀ ਹੈ, ਤਾਂ ਪੰਜਾਬੀ ਇੰਡਸਟਰੀ ਵਿੱਚ ਕਈ ਅਜਿਹੇ ਮਾਅਰਕੇ ਵਾਲੇ ਪ੍ਰੋਜੈਕਟ ਬਣੇ ਹਨ ਜਿਨ੍ਹਾਂ ਨੇ ਦਰਸ਼ਕਾਂ ਦੇ ਦਿਲਾਂ ਨੂੰ ਡੂੰਘਾਈ ਨਾਲ ਟੁੰਭਿਆ ਹੈ। ਇਹ ਫ਼ਿਲਮਾਂ ਸਿਰਫ਼ ਮਨੋਰੰਜਨ ਦਾ ਸਾਧਨ ਹੀ ਨਹੀਂ ਹਨ, ਸਗੋਂ ਸਿੱਖਿਆ ਜਗਤ ਦੀ ਅਸਲੀਅਤ ਨੂੰ ਵੀ ਬਾਖ਼ੂਬੀ ਬਿਆਨ ਕਰਦੀਆਂ ਹਨ।

ਆਓ ਨਜ਼ਰ ਮਾਰਦੇ ਹਾਂ ਉਨ੍ਹਾਂ ਪ੍ਰਮੁੱਖ ਪੰਜਾਬੀ ਫ਼ਿਲਮਾਂ ’ਤੇ ਜਿਨ੍ਹਾਂ ਨੇ ਸਿੱਖਿਆ ਪ੍ਰਣਾਲੀ ਅਤੇ ਅਧਿਆਪਕਾਂ ਦੇ ਸੰਘਰਸ਼ ਨੂੰ ਬਾਖ਼ੂਬੀ ਪਰਦੇ ’ਤੇ ਉਤਾਰਿਆ ਹੈ:

**ਹੁਸ਼ਿਆਰ ਸਿੰਘ**

ਸਤਿੰਦਰ ਸਰਤਾਜ ਅਤੇ ਸਿੰਮੀ ਚਾਹਲ ਦੀ ਮੁੱਖ ਭੂਮਿਕਾ ਵਾਲੀ ਇਹ ਫ਼ਿਲਮ ਸਿੱਖਿਆ ਸੁਧਾਰਾਂ ’ਤੇ ਇੱਕ ਪ੍ਰਭਾਵਸ਼ਾਲੀ ਵਿਅੰਗ ਅਤੇ ਪ੍ਰੇਰਣਾਦਾਇਕ ਡਰਾਮਾ ਹੈ। ਇਸ ਵਿੱਚ ਦਿਖਾਇਆ ਗਿਆ ਹੈ ਕਿ ਕਿਵੇਂ ਮੁੱਖ ਕਿਰਦਾਰ (ਸਤਿੰਦਰ ਸਰਤਾਜ), ਜਿਸ ਨੂੰ ਮੁੱਢਲੇ ਜੀਵਨ ਵਿੱਚ ਰਸਮੀ ਸਿੱਖਿਆ ਨਹੀਂ ਮਿਲ ਸਕੀ, ਉਹ ਸਿਸਟਮ ਵਿੱਚ ਇੱਕ ਅਧਿਆਪਕ ਵਜੋਂ ਵਾਪਸੀ ਕਰਦਾ ਹੈ। ਇਹ ਫ਼ਿਲਮ ਕਿਤਾਬੀ ਰੱਟੇਬਾਜ਼ੀ ਦੇ ਮੁਕਾਬਲੇ ਵਿਵਹਾਰਕ ਗਿਆਨ ਅਤੇ ਅਸਲ ਜ਼ਿੰਦਗੀ ਦੀ ਸਿੱਖਿਆ ਦੇ ਮਹੱਤਵ ਨੂੰ ਬਹੁਤ ਖ਼ੂਬਸੂਰਤ ਤਰੀਕੇ ਨਾਲ ਉਜਾਗਰ ਕਰਦੀ ਹੈ।

**ਪਿੰਡ ਆਲਾ ਸਕੂਲ**




ਪ੍ਰੀਤ ਹਰਪਾਲ ਦੀ ਇਹ ਫ਼ਿਲਮ ਪਿੰਡਾਂ ਦੇ ਸਰਕਾਰੀ ਸਕੂਲਾਂ ਦੀ ਮੌਜੂਦਾ ਹਾਲਤ, ਬੁਨਿਆਦੀ ਸਹੂਲਤਾਂ ਦੀ ਘਾਟ, ਬੱਚਿਆਂ ਦੀ ਪੜ੍ਹਾਈ ਅਤੇ ਅਧਿਆਪਕਾਂ ਵੱਲੋਂ ਸਿਸਟਮ ਨਾਲ ਕੀਤੇ ਜਾ ਰਹੇ ਸੰਘਰਸ਼ ਵਰਗੇ ਗੰਭੀਰ ਸਮਾਜਿਕ ਮੁੱਦਿਆਂ ਨੂੰ ਬਾਖ਼ੂਬੀ ਸਾਹਮਣੇ ਲਿਆਉਂਦੀ ਹੈ।

**ਊੜਾ ਐੜਾ**

ਤਰਸੇਮ ਜੱਸੜ ਅਤੇ ਨੀਰੂ ਬਾਜਵਾ ਸਟਾਰਰ ਇਹ ਫ਼ਿਲਮ ਅੱਜ-ਕੱਲ੍ਹ ਦੇ ਮਾਪਿਆਂ ਦੀ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਪ੍ਰਤੀ ਲੱਗੀ ਦੌੜ ਅਤੇ ਸਿੱਖਿਆ ਦੇ ਵਪਾਰੀਕਰਨ ’ਤੇ ਇੱਕ ਹਲਕਾ-ਫੁਲਕਾ ਪਰ ਡੂੰਘਾ ਵਿਅੰਗ ਹੈ। ਫ਼ਿਲਮ ਮਾਪਿਆਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ ਕਿ ਬੱਚੇ ਦੀ ਮੁੱਢਲੀ ਸੋਚ ਅਤੇ ਸਤਿਕਾਰ ਮਾਂ-ਬੋਲੀ ਤੇ ਅਸਲ ਕਦਰਾਂ-ਕੀਮਤਾਂ ਵਿੱਚ ਹੀ ਵੱਸਦਾ ਹੈ।

**ਮਿੱਠੜੇ**

ਰੂਪੀ ਗਿੱਲ ਅਤੇ ਤਾਨੀਆ ਵਰਗੇ ਸਿਤਾਰਿਆਂ ਨਾਲ ਸੱਜੀ ਇਹ ਫ਼ਿਲਮ ਪੀੜ੍ਹੀਆਂ ਦੇ ਵਖਰੇਵਿਆਂ, ਰਿਸ਼ਤਿਆਂ ਦੀ ਬੁਣਤੀ ਅਤੇ ਸਕੂਲੀ ਜੀਵਨ ਦੇ ਖ਼ੂਬਸੂਰਤ ਅਹਿਸਾਸਾਂ ਨੂੰ ਪਰਦੇ ’ਤੇ ਲੈ ਕੇ ਆਉਂਦੀ ਹੈ। ਇਹ ਫ਼ਿਲਮ ਬੱਚਿਆਂ ਅਤੇ ਅਧਿਆਪਕਾਂ ਦੇ ਵਿਚਕਾਰਲੇ ਅਥਾਹ ਪਿਆਰ ਅਤੇ ਅਕਹਿ ਰਿਸ਼ਤੇ ਦੀ ਅਨੋਖੀ ਦਾਸਤਾਨ ਬਿਆਨ ਕਰਦੀ ਹੈ।

**ਦ ਟੀਚਰ**


ਵਾਈਟ ਹਿੱਲ ਐਂਟਰਟੇਨਮੈਂਟ ਵੱਲੋਂ ਅਧਿਆਪਕ ਦਿਵਸ ਦੇ ਮੌਕੇ ’ਤੇ ਰਿਲੀਜ਼ ਕੀਤੀ ਗਈ ਇਹ ਲਘੂ ਫ਼ਿਲਮ ਬੇਹੱਦ ਭਾਵੁਕ ਹੈ। ਇਹ ਇੱਕ ਅਜਿਹੇ ਸਮਰਪਿਤ ਅਧਿਆਪਕ ਅਤੇ ਪੜ੍ਹਾਈ ਵਿੱਚ ਕਮਜ਼ੋਰ ਬੱਚੇ ਦੇ ਰਿਸ਼ਤੇ ਦੀ ਕਹਾਣੀ ਹੈ, ਜੋ ਇਹ ਸਾਬਤ ਕਰਦਾ ਹੈ ਕਿ ਸਹੀ ਅਗਵਾਈ ਕਿਸੇ ਵੀ ਬੱਚੇ ਦੀ ਜ਼ਿੰਦਗੀ ਬਦਲ ਸਕਦੀ ਹੈ।

**ਸਿੱਟਾ:** ਇਹ ਸਾਰੀਆਂ ਫ਼ਿਲਮਾਂ ਸਿਰਫ਼ ਸਿਨੇਮਾਘਰਾਂ ਤੱਕ ਸੀਮਤ ਨਹੀਂ ਹਨ, ਸਗੋਂ ਇਹ ਸਾਡੇ ਸਮਾਜ ਅਤੇ ਸਿੱਖਿਆ ਪ੍ਰਣਾਲੀ ਨੂੰ ਇੱਕ ਨਵਾਂ ਆਈਨਾ ਦਿਖਾਉਂਦੀਆਂ ਹਨ। ਜੇਕਰ ਤੁਸੀਂ ਵੀ ਪਰਿਵਾਰ ਨਾਲ ਕੁਝ ਅਰਥਪੂਰਨ ਅਤੇ ਸਿੱਖਿਆਦਾਇਕ ਦੇਖਣਾ ਚਾਹੁੰਦੇ ਹੋ, ਤਾਂ ਇਹ ਫ਼ਿਲਮਾਂ ਤੁਹਾਡੇ ਲਈ ਵਧੀਆ ਵਿਕਲਪ ਸਾਬਤ ਹੋ ਸਕਦੀਆਂ ਹਨ।

## *ਐ ਮੇਰੀ ਜ਼ਿੰਦਗੀ, ਤੂ ਛਿਪੀ ਹੈ ਕਹਾਂ...*

## ਆਸ਼ਾ ਭੌਂਸਲੇ ਦਾ ਆਖ਼ਰੀ ਫ਼ਿਲਮੀ ਗੀਤ ਰਿਲੀਜ਼

ਮੁੰਬਈ/ਏ.ਟੀ.ਨਿਊਜ਼: ਮਰਹੂਮ ਗਾਇਕਾ ਆਸ਼ਾ ਭੋਸਲੇ ਦਾ ਆਖਰੀ ਫਿਲਮੀ ਗੀਤ ‘ਐ ਮੇਰੀ ਜ਼ਿੰਦਗੀ, ਤੂ ਛਿਪੀ ਹੈ ਕਹਾਂ’ ਉਨ੍ਹਾਂ ਦੇ 93ਵੇਂ ਜਨਮ ਦਿਨ ਮੌਕੇ ਰਿਲੀਜ਼ ਕੀਤਾ ਗਿਆ। ਇਹ ਗੀਤ ਆਉਣ ਵਾਲੀ ਹਿੰਦੀ ਕਾਮੇਡੀ ਫਿਲਮ ‘ਓਮ ਕਾ ਹਰੀ’ ਦਾ ਹਿੱਸਾ ਹੈ। ਦਸੰਬਰ 2025 ਵਿੱਚ ਅਕਾਲ ਚਲਾਣਾ ਕਰ ਗਈ ਆਸ਼ਾ ਨੇ ਇਹ ਗੀਤ ਸਾਲ 2023 ਦੇ ਅਖੀਰ ਵਿੱਚ ਰਿਕਾਰਡ ਕੀਤਾ ਸੀ। ਇਸ ਗੀਤ ਦੇ ਵੀਡੀਓ ਵਿੱਚ ਰਿਕਾਰਡਿੰਗ ਵੇਲੇ ਦੀਆਂ ਝਲਕਾਂ ਸ਼ਾਮਲ ਕੀਤੀਆਂ ਗਈਆਂ ਹਨ। ਇਸ ਦੌਰਾਨ ਵੀਡੀਓ ਵਿੱਚ ਆਸ਼ਾ ਦੱਸਦੇ ਹਨ ਕਿ ਗੀਤ ਸੁਣਦਿਆਂ ਹੀ ਉਨ੍ਹਾਂ ਇਹ ਗੀਤ ਗਾਉਣ ਲਈ ਤੁਰੰਤ ਹਾਂ ਕਰ ਦਿੱਤੀ ਸੀ।ਫਿਲਮ ਦੇ ਸੰਗੀਤ ਲਾਂਚ ਮੌਕੇ ਅਦਾਕਾਰ ਰਘੁਬੀਰ ਯਾਦਵ, ਸੋਨੀ ਰਾਜ਼ਦਾਨ, ਅੰਸ਼ੁਮਨ ਝਾਅ ਅਤੇ ਆਇਸ਼ਾ ਕਪੂਰ ਹਾਜ਼ਰ ਸਨ। ਅੰਸ਼ੁਮਨ ਝਾਅ ਅਤੇ ਨਿਰਦੇਸ਼ਕ ਹਰੀਸ਼ ਵਿਆਸ ਨੇ ਕਿਹਾ ਕਿ ਆਸ਼ਾ ਦੇ ਜਨਮ ਦਿਨ ਮੌਕੇ ਗੀਤ ਰਿਲੀਜ਼ ਕਰਨਾ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੈ। ਫਿਲਮ ਵਿੱਚ ਮਰਹੂਮ ਕਿਸ਼ੋਰ ਕੁਮਾਰ ਦੇ ਪੁੱਤਰ ਅਮਿਤ ਕੁਮਾਰ ਅਤੇ ਪਰੇਸ਼ ਪਾਹੂਜਾ ਨੇ ਵੀ ਗੀਤ ਗਾਏ ਹਨ।ਹਰੀਸ਼ ਵਿਆਸ ਦੇ ਨਿਰਦੇਸ਼ਨ ਹੇਠ ਬਣੀ ਇਹ ਫਿਲਮ ਪਿਤਾ ਅਤੇ ਪੁੱਤਰ ਦੇ ਰਿਸ਼ਤੇ ’ਤੇ ਆਧਾਰਿਤ ਕਹਾਣੀ ਬਿਆਨ ਕਰਦੀ ਹੈ। ਇਹ ਫਿਲਮ 18 ਸਤੰਬਰ ਨੂੰ ਦੇਸ਼ ਭਰ ਦੇ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ।



# ਸੁਰਾਂ ਦਾ ਜਾਦੂਗਰ ਗਾਇਕ ਬੀਰ ਸਿੰਘ



ਪੰਜਾਬੀ ਸੰਗੀਤ ਜਗਤ ਦੇ ਮਸ਼ਹੂਰ ਗਾਇਕ ਬੀਰ ਸਿੰਘ ਨੇ ਹਾਲ ਹੀ ਵਿੱਚ ਇੱਕ ਇੰਟਰਵਿਊ ਦੌਰਾਨ ਆਪਣੀ ‘ਗੰਭੀਰ ਛਵੀ’ ਦੇ ਪਿੱਛੇ ਲੁਕੇ ਉਸ ਅਣਦੇਖੇ ‘ਤੇਜਬੀਰ ਸਿੰਘ’ ਨੂੰ ਜਨਤਕ ਕੀਤਾ ਹੈ, ਜੋ ਹੁਣ ਤੱਕ ਸਿਰਫ ਉਸਦੇ ਨਜ਼ਦੀਕੀ ਸਰਕਲ ਤੱਕ ਸੀਮਤ ਸੀ।

ਬੀਰ ਸਿੰਘ ਨੇ ਖੁਲਾਸਾ ਕੀਤਾ ਕਿ ਸਕਰੀਨ ਉੱਤੇ ਦਿੱਸਣ ਵਾਲਾ ਉਨ੍ਹਾਂ ਦਾ ਗੰਭੀਰ ਸਰੂਪ ਉਨ੍ਹਾਂ ਦੀ ਅਸਲ ਸ਼ਖਸੀਅਤ ਦਾ ਸਿਰਫ਼ ਇੱਕ ਹਿੱਸਾ ਹੈ। ਨਿੱਜੀ ਜ਼ਿੰਦਗੀ ਵਿੱਚ ਤੇਜਬੀਰ ਸਿੰਘ ਬੇਹੱਦ ਆਜ਼ਾਦ-ਖ਼ਿਆਲ ਅਤੇ ਹੱਸਮੁੱਖ ਹੈ, ਜਿਸ ਨੂੰ ਬੱਚਿਆਂ ਵਾਂਗ ਖੇਡਣਾ, ਦੋਸਤਾਂ ਨਾਲ ਹਾਸਾ-ਠੱਠਾ ਕਰਨਾ ਅਤੇ ਪਿੰਡ ਵਿੱਚ ਆਪਣੇ ਪਾਲਤੂ ਜਾਨਵਰਾਂ (ਲੈਬਰਾਡੋਰ ‘ਰੈਂਬੋ’ ਅਤੇ ਇੱਕ ‘ਬਾਜ਼’) ਨਾਲ ਸਮਾਂ ਬਿਤਾਉਣਾ ਬੇਹੱਦ ਪਸੰਦ ਹੈ। ਉਨ੍ਹਾਂ ਕਿਹਾ ਕਿ ਅਧਿਆਤਮਕ ਹੋਣ ਦਾ ਮਤਲਬ ਇਹ ਨਹੀਂ ਕਿ ਬੰਦਾ ਹੱਸਣਾ-ਖੇਡਣਾ ਹੀ ਛੱਡ ਦੇਵੇ।

ਇੰਟਰਵਿਊ ਦੌਰਾਨ ਬੀਰ ਸਿੰਘ ਨੇ ਸਾਂਝਾ ਕੀਤਾ ਕਿ ਜਦੋਂ ਉਹ ਬੀ.ਟੈਕ ਕਰ ਰਹੇ ਸਨ, ਤਾਂ ਉਹਨਾਂ ਦਾ ਸੁਪਨਾ ਸੀ ਕਿ ਜੇਕਰ ਉਹ ਗਾਇਕੀ ਵਿੱਚ ਨਾ ਆਉਂਦੇ, ਤਾਂ ਉਹ ਫਾਰਮੂਲਾ ਵਨ ਦੇ ਇੰਜਣਾਂ ਨੂੰ ਹੱਥੀਂ ਅਸੈਂਬਰ ਕਰਨਾ ਚਾਹੁੰਦੇ ਸਨ। ਉਹਨਾਂ ਨੂੰ ਗੱਡੀਆਂ ਦੀ ਸਿਰਫ ਲਗਜ਼ਰੀ ਨਾਲੋਂ ਜ਼ਿਆਦਾ ਇੰਜਣ ਦੀ ਤਾਕਤ ਵਿੱਚ ਦਿਲਚਸਪੀ ਹੈ। ਉਹ ਇੰਜਣ ਨੂੰ ਲੈ ਕੇ ਖੁਦ ਨੂੰ ‘ਪਾਵਰ ਹੰਗਰੀ’ ਕਹਿੰਦੇ ਹਨ। ਅੱਜ ਕੱਲ੍ਹ ਉਹਨਾਂ ਕੋਲ ਟੋਇਟਾ ਹਾਈਲਕਸ ਗੱਡੀ ਹੈ।

ਗਾਇਕ ਨੇ ਅੱਗੇ ਸਾਂਝਾ ਕੀਤਾ ਕਿ ਉਹ ਐਡਵੈਂਚਰ ਦੇ ਬਹੁਤ ਸ਼ੌਕੀਨ ਹਨ। ਉਹ ਅਕਸਰ ਅਜਿਹੇ ਅਣੋਖੇ ਅਤੇ ਮੁਸ਼ਕਿਲ ਰਸਤਿਆਂ ’ਤੇ ਗੱਡੀ ਲੈ ਕੇ ਨਿਕਲ ਜਾਂਦੇ ਹਨ, ਜਿੱਥੋਂ ਆਮ ਤੌਰ ’ਤੇ ਲੱਗਦਾ ਹੈ ਕਿ ਗੱਡੀ ਨਹੀਂ ਲੰਘ ਸਕਦੀ। ਆਪਣੀ ਡਰੀਮ ਕਾਰ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਕੋਈ ਬਣੀ-ਬਣਾਈ ਡਰੀਮ ਕਾਰ ਨਹੀਂ ਹੈ, ਸਗੋਂ ਉਹ ਆਪਣੀ ਗੱਡੀ ਖੁਦ ਅਸੈਂਬਲ ਕਰਨਾ ਚਾਹੁੰਦੇ ਹਨ।

ਇੰਡਸਟਰੀ ਬਾਰੇ ਗੱਲ ਕਰਦਿਆਂ ਉਨ੍ਹਾਂ ਚਿੰਤਾ ਪ੍ਰਗਟਾਈ ਕਿ ਡਿਜੀਟਲ ਪਲੇਟਫਾਰਮਾਂ (ਜਿਵੇਂ ਯੂਟਿਊਬ, ਸਪੋਟੀਫਾਈ, ਆਈ-ਟਿਊਨਜ਼) ’ਤੇ ਮੋਨੇਟਾਈਜੇਸ਼ਨ ਅਤੇ ਰਾਇਲਟੀ ਸਿਸਟਮ ਕਦੇ ਵੀ 100% ਪਾਰਦਰਸ਼ੀ ਨਹੀਂ ਹੁੰਦਾ। ਕਈ ਵਾਰ ਕਲਾਕਾਰਾਂ ਦਾ ਰੈਵੇਨਿਊ ਹੋਲਡ ਕਰ ਲਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਰਾਇਲਟੀ ਰੱਖ ਲਈ ਜਾਂਦੀ ਹੈ, ਜਿਸ ਦਾ ਸ਼ਿਕਾਰ ਉਹ ਖੁਦ ਵੀ ਹੋ ਚੁੱਕੇ ਹਨ। ਉਨ੍ਹਾਂ ਜ਼ੋਰ ਦਿੱਤਾ ਕਿ ਕਲਾਕਾਰਾਂ ਨੂੰ ਇੰਟਲੈਕਚੁਅਲ ਪ੍ਰੋਪਰਟੀ ਰਾਈਟਸ ਦੀ ਸਮਝ ਹੋਣੀ ਬਹੁਤ ਜ਼ਰੂਰੀ ਹੈ।

ਗਾਇਕ ਨੇ ਅੱਗੇ ਆਪਣੇ ਪ੍ਰਸਿੱਧ ਗੀਤ ‘ਧੀ’ ਬਾਰੇ ਦੱਸਦਿਆਂ ਕਿਹਾ ਕਿ ਇਹ ਗੀਤ ਉਨ੍ਹਾਂ ਦੀ ਨਾਨੀ ਅਤੇ ਦਾਦਾ ਜੀ ਦੀ ਵੱਡੀ ਭੈਣ ਦੇ ਜਜ਼ਬਾਤਾਂ ਦੀ ਉਪਜ ਹੈ। ਬੀਰ ਸਿੰਘ ਨੇ ਦੱਸਿਆ ਕਿ ਉਹਨਾਂ ਦੇ ਮਾਤਾ ਜੀ ਦੇ ਅਕਾਲ ਚਲਾਣਾ ਕਰ ਜਾਣ ਤੋਂ ਬਾਅਦ, ਉਹ ਆਪਣੀ ਨਾਨੀ ਕੋਲ ਬਹੁਤ ਬੈਠਦੇ ਹੁੰਦੇ ਸਨ। ਉਹਨਾਂ ਦੀ ਨਾਨੀ ਜਿਸ ਤਰੀਕੇ ਨਾਲ ਆਪਣੀ ਧੀ (ਬੀਰ ਸਿੰਘ ਦੀ ਮਾਂ) ਨੂੰ ਯਾਦ ਕਰਦੀ ਸੀ, ਖ਼ਾਸ ਤਿਉਹਾਰਾਂ ’ਤੇ ਮਿਸ ਕਰਦੀ ਸੀ ਅਤੇ ਵਿਆਹ ਤੋਂ ਪਹਿਲਾਂ ਦੀਆਂ ਗੱਲਾਂ ਸੁਣਾਉਂਦੀ ਸੀ, ਉਹਨਾਂ ਗੱਲਾਂ ਨੇ ਬੀਰ ਸਿੰਘ ਦੇ ਮਨ ਵਿੱਚ ਇੱਕ ਖ਼ਾਸ ਜਗ੍ਹਾ ਬਣਾ ਲਈ। ਦੂਜੀ ਵੱਡੀ ਪ੍ਰੇਰਨਾ ਉਹਨਾਂ ਦੇ ਦਾਦਾ ਜੀ ਦੀ ਵੱਡੀ ਭੈਣ ਸਨ (ਜਿਨ੍ਹਾਂ ਉਹ ਭੂਆ ਕਹਿੰਦੇ ਸਨ), ਜੋ ਦਾਦਾ ਜੀ ਤੋਂ ਲਗਭਗ 17-18 ਸਾਲ ਵੱਡੇ ਸਨ। ਬੀਰ ਸਿੰਘ ਦੇ ਪੜਦਾਦੀ ਜੀ ਦੀ ਬਹੁਤ ਛੋਟੀ ਉਮਰ ਵਿੱਚ ਮੌਤ ਹੋ ਜਾਣ ਕਾਰਨ, ਭੂਆ ਜੀ ਨੇ ਵੱਡੀ ਭੈਣ ਹੁੰਦਿਆਂ ਵੀ ਮਾਂ ਵਾਲਾ ਰੋਲ ਅਦਾ ਕਰਕੇ ਦਾਦਾ ਜੀ ਨੂੰ ਪਾਲਿਆ ਸੀ। ਇਹਨਾਂ ਪਰਿਵਾਰਕ ਅਨੁਭਵਾਂ ਵਿੱਚੋਂ ਉਹਨਾਂ ਨੇ ਮਹਿਸੂਸ ਕੀਤਾ ਕਿ ਇਸ ਦੁਨੀਆ ਵਿੱਚ ਇੱਕ ਭੈਣ ਜਾਂ ਮਾਂ ਵੱਲੋਂ ਆਪਣੇ ਵੀਰ ਜਾਂ ਪੁੱਤ ਲਈ ਮੰਗੀ ਗਈ ਅਸੀਸ ਤੋਂ ਪਾਕ ਅਤੇ ਪਵਿੱਤਰ ਹੋਰ ਦੁਆ ਨਹੀਂ ਹੋ ਸਕਦੀ।

ਬੀਰ ਸਿੰਘ ਨੇ ਕਿਹਾ ਕਿ ਇੰਡਸਟਰੀ ਵਿੱਚ ਉਨ੍ਹਾਂ ਦੇ ਪੈਰ ਜਮਾਉਣ ਵਿੱਚ ਕਾਰਜ ਗਿੱਲ ਅਤੇ ਅਮਰਿੰਦਰ ਗਿੱਲ (ਰਿਦਮ ਬੋਇਜ਼) ਦਾ ਬਹੁਤ ਵੱਡਾ ਹੱਥ ਹੈ। ਬੀਰ ਸਿੰਘ ਨੇ ਸਾਂਝਾ ਕੀਤਾ ਕਿ ਉਨ੍ਹਾਂ ਦੀ ਦੋਸਤੀ ਸਾਲ 2014-2015 ਦੇ ਦੌਰਾਨ ਸ਼ੁਰੂ ਹੋਈ ਸੀ। ਦੋਵਾਂ ਵਿਚਕਾਰ ਗੀਤਾਂ ਨੂੰ ਲੈ ਕੇ ਅਥਾਹ ਸਾਂਝ ਹੈ। ਜਦੋਂ ਅਮਰਿੰਦਰ ਗਿੱਲ ਨੂੰ ਬੀਰ ਸਿੰਘ ਦਾ ਕੋਈ ਗੀਤ ਪਸੰਦ ਆ ਜਾਂਦਾ ਹੈ, ਤਾਂ ਬੀਰ ਸਿੰਘ ਕਦੇ ਵੀ ਉਹਨਾਂ ਨੂੰ ਨਾਂਹ ਨਹੀਂ ਕਰਦੇ। ਉਦਾਹਰਣ ਵਜੋਂ, ਚਰਚਿਤ ਗੀਤ ‘ਚੱਲ ਜਿੰਦੀਏ’ ਬੀਰ ਸਿੰਘ ਨੇ ਆਪਣੀ ਨਿੱਜੀ ਐਲਬਮ ਲਈ ਰੱਖਿਆ ਹੋਇਆ ਸੀ, ਪਰ ਅਮਰਿੰਦਰ ਗਿੱਲ ਨੂੰ ਪਸੰਦ ਆਉਣ ’ਤੇ ਉਹਨਾਂ ਨੇ ਇਹ ਗੀਤ ਹੱਸ ਕੇ ਉਹਨਾਂ ਨੂੰ ਦੇ ਦਿੱਤਾ।

# ਪੰਜਾਬੀ ਵਿਰਸੇ ਨੇ ਬ੍ਰਿਸਬੇਨ ’ਚ ਖਿਲੇਰੀ ਮਹਿਕ



ਬ੍ਰਿਸਬੇਨ/ਏ.ਟੀ.ਨਿਊਜ਼: ਪੰਜਾਬ ਸਿਰਫ਼ ਇੱਕ ਧਰਤੀ ਦਾ ਨਾਮ ਨਹੀਂ, ਸਗੋਂ ਦੁਨੀਆ ਭਰ ਵਿੱਚ ਵੱਸਦੇ ਪੰਜਾਬੀਆਂ ਦੀ ਰੂਹ ਵਿੱਚ ਵੱਸਦੀ ਪਛਾਣ ਹੈ। ਜਨਮਭੂਮੀ ਤੋਂ ਹਜ਼ਾਰਾਂ ਮੀਲ ਦੂਰ ਵੱਸਦੇ ਪੰਜਾਬੀਆਂ ਦੇ ਦਿਲਾਂ ਵਿੱਚ ਮਾਂ-ਬੋਲੀ, ਸੱਭਿਆਚਾਰ, ਪਰਿਵਾਰਕ ਰਿਸ਼ਤਿਆਂ ਦੀ ਗਰਮਾਹਟ ਅਤੇ ਵਿਰਸੇ ਦੀ ਮਹਿਕ ਅੱਜ ਵੀ ਜਿਉਂਦੀ ਹੈ। ਵਿਦੇਸ਼ੀ ਧਰਤੀ ’ਤੇ ਪੰਜਾਬੀ ਵਿਰਸੇ ਦੀ ਇਸੇ ਮਹਿਕ ਨੂੰ ਬਿਖੇਰਨ ਲਈ ਕਰਵਾਇਆ ਗਿਆ ‘ਪੰਜਾਬੀ ਵਿਰਸਾ 2026’ ਸ਼ੋਅ ਬ੍ਰਿਸਬੇਨ ਦੇ ਸਲੀਮਨ ਸਪੋਰਟਸ ਕੰਪਲੈਕਸ ਵਿਖੇ ਯਾਦਗਾਰੀ ਸੱਭਿਆਚਾਰਕ ਸਮਾਗਮ ਹੋ ਨਿੱਬੜਿਆ।ਵਿਰਾਸਤ ਇੰਟਰਟੇਨਮੈਂਟ ਵੱਲੋਂ ਲੀਡਰ ਇੰਸਟੀਚਿਊਟ ਅਤੇ ਗ੍ਰਿਫਿਥ ਲੀਗਲ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਦੇ ਮੁੱਖ ਪ੍ਰਬੰਧਕ ਹਰਜੀਤ ਭੁੱਲਰ, ਮਨਜੀਤ ਭੁੱਲਰ, ਨਵਜੋਤ ਸਿੰਘ ਜਗਤਪੁਰ ਅਤੇ ਫ਼ਤਿਹ ਪ੍ਰਤਾਪ ਸਿੰਘ ਸਨ। ਲੀਡਰ ਇੰਸਟੀਚਿਊਟ ਵੱਲੋਂ ਡਾ. ਬਰਨਾਰਡ ਮਲਿਕ ਨੇ ਮੁੱਖ ਸਪਾਂਸਰ ਵਜੋਂ ਸਹਿਯੋਗ ਦਿੱਤਾ। ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਪਰਿਵਾਰਕ, ਸੱਭਿਆਚਾਰਕ ਅਤੇ ਉਸਾਰੂ ਗੀਤਾਂ ਰਾਹੀਂ ਪੰਜਾਬੀ ਸੰਗੀਤ ਜਗਤ ਵਿੱਚ ਵਿਲੱਖਣ ਪਛਾਣ ਬਣਾਉਣ ਵਾਲੇ ਵਿਰਸੇ ਦੇ ਵਾਰਿਸ ਪ੍ਰਸਿੱਧ ਗਾਇਕ ਮਨਮੋਹਨ ਵਾਰਿਸ, ਸੰਗਤਾਰ ਅਤੇ ਕਮਲ ਹੀਰ ਨੇ ਆਪਣੀਆਂ ਸ਼ਾਨਦਾਰ ਪੇਸ਼ਕਾਰੀਆਂ ਨਾਲ ਸਰੋਤਿਆਂ ਨੂੰ ਪੰਜਾਬ ਦੀ ਮਿੱਟੀ, ਪਿੰਡਾਂ ਦੀਆਂ ਗਲੀਆਂ, ਘਰਾਂ ਦੇ ਵਿਹੜਿਆਂ, ਬਨੇਰਿਆਂ ਅਤੇ ਪੁਰਾਣੀਆਂ ਯਾਦਾਂ ਨਾਲ ਜੋੜ ਦਿੱਤਾ।

## ਸਰਕਾਰੀ ਅਣਗਹਿਲੀ ਦੀ ਭੇਟ ਚੜ੍ਹੀ ਸਿੱਖ ਵਿਰਾਸਤ

ਇਸ ਨਾਜ਼ੁਕ ਮੋੜ 'ਤੇ ਸਰਕਾਰ ਅਤੇ ਕੌਮ ਨੂੰ ਤੁਰੰਤ ਇਹ ਕਦਮ ਚੁੱਕਣੇ ਚਾਹੀਦੇ ਹਨ।

ਪੰਜਾਬ ਸਰਕਾਰ ਬਿਨਾਂ ਇੱਕ ਪਲ ਗੁਆਏ ਇੱਕ ਸੁਤੰਤਰ 'ਸਿੱਖ ਪੁਰਾਤੱਤਵ ਵਿਭਾਗ' ਕਾਇਮ ਕਰੇ। ਇਸ ਵਿੱਚ ਸਿਆਸੀ ਆਗੂਆਂ ਦੀ ਥਾਂ ਪੁਰਾਤੱਤਵ ਵਿਗਿਆਨੀ, ਇਤਿਹਾਸਕਾਰ ਅਤੇ ਹੈਰੀਟੇਜ ਆਰਕੀਟੈਕਟ ਸ਼ਾਮਲ ਹੋਣ, ਜੋ ਪਿੰਡ-ਪਿੰਡ ਖਿੱਲਰੇ ਖ਼ਾਲਸਾਈ ਸਮਾਰਕਾਂ ਦੀ ਨਿਸ਼ਾਨਦੇਹੀ ਕਰਕੇ ਉਹਨਾਂ ਨੂੰ 'ਸੁਰੱਖਿਅਤ ਸੂਚੀ' ਵਿੱਚ ਪਾਉਣ ਅਤੇ ਉਹਨਾਂ ਦੇ ਕਾਨੂੰਨੀ ਬਚਾਅ ਦਾ ਪ੍ਰਬੰਧ ਕਰਨ।

ਲਾਹੌਰ ਵਿੱਚ ਜਿਸ ਤਰ੍ਹਾਂ 'ਲਾਹੌਰ ਵਾਲਡ ਸਿਟੀ ਅਥਾਰਿਟੀ' ਨੇ ਪੁਰਾਣੇ ਸ਼ਹਿਰ ਦੀ ਨੁਹਾਰ ਬਦਲੀ ਹੈ, ਉਸੇ ਤਰਜ਼ 'ਤੇ ਗੁਰੂ ਨਗਰੀ ਅੰਮ੍ਰਿਤਸਰ ਦੀ ਇਤਿਹਾਸਕ ਚਾਰਦੀਵਾਰੀ ਅੰਦਰਲੇ ਹਿੱਸੇ ਲਈ ਵਿਸ਼ੇਸ਼ ਅਥਾਰਿਟੀ ਬਣਾਈ ਜਾਵੇ, ਤਾਂ ਜੋ ਇਤਿਹਾਸਕ ਦਰਵਾਜ਼ਿਆਂ, ਗਲੀਆਂ ਅਤੇ ਹਵੇਲੀਆਂ ਨੂੰ ਬਚਾਇਆ ਜਾ ਸਕੇ ਅਤੇ ਬੇਤਰਤੀਬ ਕੰਕਰੀਟ ਉਸਾਰੀ 'ਤੇ ਸਖ਼ਤ ਰੋਕ ਲੱਗੇ।

ਰਾਮ ਬਾਗ਼ ਅਤੇ ਕਿਲ੍ਹਾ ਗੋਬਿੰਦਗੜ੍ਹ ਵਰਗੀਆਂ ਥਾਵਾਂ 'ਤੇ ਨਿੱਜੀ ਠੇਕੇਦਾਰਾਂ ਵੱਲੋਂ ਮਨਮਰਜ਼ੀ ਨਾਲ ਇਤਿਹਾਸਕ ਸਰੂਪ ਬਦਲਣ 'ਤੇ ਤੁਰੰਤ ਰੋਕ ਲੱਗੇ। ਰੱਖ-ਰਖਾਅ ਦੇ ਕੰਮਾਂ ਵਿੱਚ ਮੂਲ ਪੁਰਾਤਨ ਸ਼ੈਲੀ, ਨਾਨਕਸ਼ਾਹੀ ਇੱਟਾਂ ਅਤੇ ਪਰੰਪਰਾਗਤ ਚੂਨੇ ਦੇ ਮਸਾਲੇ ਦੀ ਵਰਤੋਂ ਹੀ ਲਾਜ਼ਮੀ ਕੀਤੀ ਜਾਵੇ।

ਸ਼੍ਰੋਮਣੀ ਕਮੇਟੀ ਸਮੇਤ ਸਮੂਹ ਸਿੱਖ ਸੰਸਥਾਵਾਂ ਸਿਆਸੀ ਖਹਿਬਾਜ਼ੀ ਵਿੱਚੋਂ ਬਾਹਰ ਨਿਕਲ ਕੇ ਆਪਣੇ ਸਾਲਾਨਾ ਬਜਟ ਦਾ ਇੱਕ ਮੋਟਾ ਹਿੱਸਾ ਸਿੱਖ ਰਾਜ ਦੀਆਂ ਗ਼ੈਰ-ਗੁਰਦੁਆਰਾ ਇਮਾਰਤਾਂ (ਕਿਲ੍ਹੇ, ਹਵੇਲੀਆਂ, ਸਮਾਧਾਂ) ਦੀ ਖ਼ਰੀਦ ਅਤੇ ਸਾਂਭ-ਸੰਭਾਲ ਲਈ ਰਾਖਵਾਂ ਕਰਨ।

ਨੌਜਵਾਨ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਲਈ ਵਿਰਾਸਤੀ ਸੈਰ-ਸਪਾਟਾ ਅਤੇ ਜਾਗਰੂਕਤਾ ਪ੍ਰੋਗਰਾਮ ਚਲਾਏ ਜਾਣ, ਤਾਂ ਜੋ ਲੋਕ ਖ਼ੁਦ ਅੱਗੇ ਆ ਕੇ ਇਨ੍ਹਾਂ ਯਾਦਗਾਰਾਂ ਦੇ ਰਖਵਾਲੇ ਬਣਨ।

ਇਤਿਹਾਸਕਾਰ ਸੁਖਦਿਆਲ ਸਿੰਘ ਦਾ ਕਹਿਣਾ ਹੈ ਕਿ ਜਿਹੜੀਆਂ ਕੌਮਾਂ ਆਪਣੀ ਵਿਰਾਸਤ ਨੂੰ ਵਿਸਾਰ ਦਿੰਦੀਆਂ ਹਨ, ਇਤਿਹਾਸ ਦੇ ਸਫ਼ਿਆਂ ਤੋਂ ਉਹਨਾਂ ਦਾ ਨਾਮੋ-ਨਿਸ਼ਾਨ ਵੀ ਮਿਟ ਜਾਂਦਾ ਹੈ। ਜੇਕਰ ਹੁਣ ਵੀ ਹਾਕਮਾਂ ਨੇ ਅੱਖਾਂ ਨਾ ਖੋਲ੍ਹੀਆਂ ਅਤੇ ਪੰਥ ਨੇ ਬੇਫ਼ਿਕਰੀ ਦੀ ਚਾਦਰ ਨਾ ਲਾਹੀ, ਤਾਂ ਇਹ ਸ਼ਾਹੀ ਬੁਰਜ, ਕਿਲ੍ਹੇ ਤੇ ਬਾਰਾਂਦਰੀਆਂ ਇਤਿਹਾਸ ਦੀਆਂ ਕਿਤਾਬਾਂ ਦੇ ਬੰਦ ਪੰਨਿਆਂ ਵਿੱਚ ਹੀ ਦਫ਼ਨ ਹੋ ਕੇ ਰਹਿ ਜਾਣਗੇ। ਵਕਤ ਆਵਾਜ਼ਾਂ ਮਾਰ ਰਿਹਾ ਹੈ—ਇਸ ਤੋਂ ਪਹਿਲਾਂ ਕਿ ਆਖ਼ਰੀ ਪੁਰਾਤਨ ਇੱਟ ਵੀ ਢਹਿ ਕੇ ਮਿੱਟੀ ਹੋ ਜਾਵੇ, ਵਿਰਾਸਤ ਦੀ ਰਾਖੀ ਲਈ ਮੁਹਿੰਮ ਚਲਾਉਣੀ ਪਵੇਗੀ।

## 9/11 ਹਮਲੇ ਦੇ 25 ਸਾਲ ਬਾਅਦ ਸੀ.ਆਈ.ਏ.

11 ਸਤੰਬਰ 2001 ਨੂੰ ਅਲ-ਕਾਇਦਾ ਦੇ 19 ਅੱਤਵਾਦੀਆਂ ਨੇ ਚਾਰ ਯਾਤਰੀ ਜਹਾਜ਼ ਅਗਵਾ ਕਰਕੇ ਨਿਊਯਾਰਕ ਦੇ ਵਰਲਡ ਟਰੇਡ ਸੈਂਟਰ ਅਤੇ ਪੈਂਟਾਗਨ 'ਤੇ ਹਮਲਾ ਕੀਤਾ, ਜਿਸ ਵਿੱਚ ਲਗਭਗ 3,000 ਬੇਕਸੂਰ ਲੋਕ ਮਾਰੇ ਗਏ ਸਨ।

ਇਸ ਘਟਨਾ ਤੋਂ ਬਾਅਦ ਅਮਰੀਕਾ ਨੇ ਅਫ਼ਗਾਨਿਸਤਾਨ ਵਿੱਚ ਜੰਗ ਸ਼ੁਰੂ ਕੀਤੀ। ਲਗਭਗ ਇੱਕ ਦਹਾਕੇ ਦੀ ਭਾਲ ਤੋਂ ਬਾਅਦ, 2 ਮਈ 2011 ਨੂੰ ਅਮਰੀਕੀ ਨੇਵੀ ਸੀਲ ਕਮਾਂਡੋਜ਼ ਨੇ ਪਾਕਿਸਤਾਨ ਦੇ ਐਬਟਾਬਾਦ ਵਿੱਚ ਇੱਕ ਵਿਸ਼ੇਸ਼ ਮੁਹਿੰਮ ਤਹਿਤ ਓਸਾਮਾ ਬਿਨ ਲਾਦੇਨ ਨੂੰ ਮਾਰ ਮੁਕਾਇਆ ਸੀ।

ਨਵੇਂ ਜਨਤਕ ਹੋਏ ਇਹ ਦਸਤਾਵੇਜ਼ ਸਾਬਤ ਕਰਦੇ ਹਨ ਕਿ ਅਲ-ਕਾਇਦਾ ਦੀਆਂ ਨਜ਼ਰਾਂ 9/11 ਤੋਂ ਪਹਿਲਾਂ ਹੀ ਭਾਰਤ 'ਤੇ ਟਿਕੀਆਂ ਹੋਈਆਂ ਸਨ, ਪਰ ਰਿਪੋਰਟ ਵਿੱਚ ਭਾਰਤ ਅੰਦਰ ਕਿਸੇ ਪੱਕੀ ਸਾਜ਼ਿਸ਼ ਜਾਂ ਢਾਂਚਾਗਤ ਯੋਜਨਾ ਦਾ ਕੋਈ ਸਬੂਤ ਦਰਜ ਨਹੀਂ ਹੈ।

ਸੀ.ਆਈ.ਏ. ਨੇ ਇਹ ਜਾਣਕਾਰੀ ਜਨਤਕ ਕਰਦੇ ਹੋਏ ਉਹ ਹਿੱਸੇ ਹਟਾ ਦਿੱਤੇ ਹਨ ਜਿਨ੍ਹਾਂ ਤੋਂ ਇਹ ਪਤਾ ਲੱਗ ਸਕੇ ਕਿ ਇਹ ਖ਼ੁਫ਼ੀਆ ਜਾਣਕਾਰੀ ਕਿਸ ਜ਼ਰੀਏ ਜਾਂ ਏਜੰਟ ਰਾਹੀਂ ਹਾਸਲ ਹੋਈ ਸੀ।

***

## 'ਸਾਡੀਆਂ ਸੜਕਾਂ ਛੱਡੋ ਮਿਸਟਰ ਸਿੰਘ':

ਸਿੱਖ ਭਾਈਚਾਰੇ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਦੇ ਤਿੱਖੇ ਪ੍ਰਤੀਕਰਮ

ਇਸ ਸਰਕਾਰੀ ਕਾਰਵਾਈ ਵਿਰੁੱਧ ਅਮਰੀਕਾ ਤੋਂ ਲੈ ਕੇ ਭਾਰਤ ਤੱਕ ਤਿੱਖਾ ਰੋਸ ਦੇਖਣ ਨੂੰ ਮਿਲਿਆ। 'ਦ ਸਿੱਖ ਕੋਇਲੇਸ਼ਨ' ਸੰਗਠਨ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ 9/11 ਦੇ 25 ਸਾਲਾਂ ਬਾਅਦ ਵੀ ਸਿੱਖਾਂ ਨੂੰ ਉਨ੍ਹਾਂ ਦੀ ਦਿੱਖ ਦੇ ਆਧਾਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਮਰੀਕਾ ਵਿੱਚ ਲੱਖਾਂ ਸਿੱਖਾਂ ਦਾ ਸਰਨੇਮ 'ਸਿੰਘ' ਹੈ, ਜਿਸ ਦਾ ਅਰਥ 'ਸ਼ੇਰ' ਹੁੰਦਾ ਹੈ। ਸਿੱਖ ਹਮੇਸ਼ਾ ਨਿਡਰ ਰਹਿਣਗੇ, ਭਾਵੇਂ ਸਾਡੀ ਆਪਣੀ ਸਰਕਾਰ ਹੀ ਸਾਨੂੰ ਦੁਸ਼ਮਣ ਵਜੋਂ ਕਿਉਂ ਨਾ ਪੇਸ਼ ਕਰੇ।

ਯੂਨਾਈਟਿਡ ਸਿੱਖਸ ਸੰਗਠਨ ਨੇ ਕਿਹਾ ਕਿ ਸਾਰੇ ਸਿੰਘਾਂ ਨੂੰ ਖ਼ਤਰਨਾਕ ਟਰੱਕ ਡਰਾਈਵਰ ਵਜੋਂ ਪੇਸ਼ ਕਰਨਾ ਇੱਕ ਘਟੀਆ ਸੋਚ ਹੈ, ਜੋ ਅਮਰੀਕਾ ਵਿੱਚ ਵਸਦੇ ਸ਼ਾਂਤਮਈ ਸਿੱਖ ਨਾਗਰਿਕਾਂ ਵਿਰੁੱਧ ਹਿੰਸਾ ਅਤੇ ਨਫ਼ਰਤ ਨੂੰ ਹਵਾ ਦੇ ਸਕਦੀ ਹੈ।

ਹਿੰਦੂ ਅਮਰੀਕਨ ਫ਼ਾਊਂਡੇਸ਼ਨ ਸੰਸਥਾ ਨੇ ਕਿਹਾ ਕਿ 'ਸਿੰਘ' ਹਿੰਦੂ ਵੀ ਹਨ, ਸਿੱਖ ਵੀ ਹਨ ਅਤੇ ਮਾਣਮੱਤੇ ਅਮਰੀਕੀ ਵੀ ਹਨ ਜੋ ਗੱਡੀਆਂ ਚਲਾਉਂਦੇ ਹਨ। ਹੋਮਲੈਂਡ ਸਿਕਿਓਰਿਟੀ ਵਿਭਾਗ ਵੱਲੋਂ ਕੀਤੀ ਗਈ ਇਹ ਨਸਲਵਾਦੀ ਅਤੇ ਗ਼ੈਰ-ਅਮਰੀਕੀ ਟ੍ਰੋਲਿੰਗ ਦੇਸ਼ ਦੀ ਸਮੂਹਿਕ ਜ਼ਮੀਰ ਨੂੰ ਝੰਜੋੜਨ ਵਾਲੀ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਪੱਖਪਾਤੀ ਮੁਹਿੰਮ ਪਿੱਛੇ ਸ਼ਾਮਲ ਅਧਿਕਾਰੀਆਂ ਦੀ ਜਾਂਚ ਹੋਣੀ ਚਾਹੀਦੀ ਹੈ।

ਕੋਇਲੇਸ਼ਨ ਆਫ਼ ਹਿੰਦੂਜ਼ ਆਫ਼ ਨਾਰਥ ਅਮਰੀਕਾ ਨੇ ਕਿਹਾ ਕਿ ਕਾਨੂੰਨ ਲਾਗੂ ਹੋਣਾ ਚਾਹੀਦਾ ਹੈ, ਪਰ ਕਿਸੇ ਸਮੁੱਚੇ ਭਾਈਚਾਰੇ ਦਾ ਮਜ਼ਾਕ ਨਹੀਂ ਉਡਾਇਆ ਜਾਣਾ ਚਾਹੀਦਾ। ਖ਼ਤਰਨਾਕ ਡਰਾਈਵਰ ਕਿਸੇ ਵੀ ਨਸਲ ਜਾਂ ਧਰਮ ਦੇ ਹੋ ਸਕਦੇ ਹਨ; ਸਿੰਘ ਜਾਂ ਕੁਮਾਰ ਸਰਨੇਮ ਨੂੰ ਨਿਸ਼ਾਨਾ ਬਣਾਉਣ ਨਾਲ ਸੜਕਾਂ ਸੁਰੱਖਿਅਤ ਨਹੀਂ ਬਣਦੀਆਂ।

***

## ਰੈਗਿੰਗ ਦਾ ਕਹਿਰ

ਹਰ ਕਾਲਜ ਅਤੇ ਯੂਨੀਵਰਸਿਟੀ ਵਿੱਚ ਇੱਕ ਸਰਗਰਮ ਐਂਟੀ-ਰੈਗਿੰਗ ਕਮੇਟੀ ਹੋਣੀ ਚਾਹੀਦੀ ਹੈ, ਜੋ ਹੋਸਟਲਾਂ ਅਤੇ ਕੈਂਪਸ ਵਿੱਚ ਲਗਾਤਾਰ ਨਿਗਰਾਨੀ ਰੱਖੇ। ਨਵੇਂ ਵਿਦਿਆਰਥੀਆਂ ਲਈ ਵਿਸ਼ੇਸ਼ ਕਾਊਂਸਲਿੰਗ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਜੋ ਉਹ ਬਿਨਾਂ ਕਿਸੇ ਡਰ ਦੇ ਆਪਣੀ ਗੱਲ ਸਾਂਝੀ ਕਰ ਸਕਣ। ਸੰਸਥਾਵਾਂ ਨੂੰ ਸ਼ੁਰੂਆਤੀ ਦਿਨਾਂ ਵਿੱਚ ਸੀਨੀਅਰ ਅਤੇ ਜੂਨੀਅਰ ਵਿਦਿਆਰਥੀਆਂ ਦਰਮਿਆਨ ਸਕਾਰਾਤਮਕ ਤਾਲਮੇਲ ਵਧਾਉਣ ਲਈ ਸਭਿਆਚਾਰਕ ਜਾਂ ਖੇਡ ਗਤੀਵਿਧੀਆਂ ਕਰਵਾਉਣੀਆਂ ਚਾਹੀਦੀਆਂ ਹਨ। ਵਿਦਿਅਕ ਸੰਸਥਾਵਾਂ ਗਿਆਨ ਦੇ ਮੰਦਿਰ ਹੁੰਦੀਆਂ ਹਨ, ਜਿੱਥੇ ਹਰ ਵਿਦਿਆਰਥੀ ਨੂੰ ਸੁਰੱਖਿਅਤ ਮਾਹੌਲ ਮਿਲਣਾ ਚਾਹੀਦਾ ਹੈ।

ਰੈਗਿੰਗ ਵਰਗੀ ਅਲਾਮਤ ਨੂੰ ਖ਼ਤਮ ਕਰਨ ਲਈ ਸਿਰਫ਼ ਕਾਨੂੰਨ ਹੀ ਕਾਫ਼ੀ ਨਹੀਂ, ਬਲਕਿ ਵਿਦਿਆਰਥੀਆਂ, ਮਾਪਿਆਂ ਅਤੇ ਪ੍ਰਸ਼ਾਸਨ ਨੂੰ ਰਲ ਕੇ ਆਪਣੀ ਨੈਤਿਕ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਸਰਕਾਰ, ਸਿੱਖਿਆ ਵਿਭਾਗ ਅਤੇ ਵਿਦਿਅਕ ਸੰਸਥਾਵਾਂ ਦੇ ਪ੍ਰਬੰਧਕਾਂ ਨੂੰ ਰਲ ਮਿਲ ਕੇ ਵਿਦਿਅਕ ਸੰਸਥਾਵਾਂ ਅਤੇ ਹੋਸਟਲਾਂ ਵਿੱਚ ਅਜਿਹਾ ਸ਼ਾਂਤਮਈ ਮਾਹੌਲ ਸਿਰਜਣਾ ਚਾਹੀਦਾ ਹੈ ਤਾਂ ਕਿ ਕੋਈ ਵੀ ਵਿਦਿਆਰਥੀ ਰੈਗਿੰਗ ਦਾ ਸ਼ਿਕਾਰ ਨਾ ਹੋ ਸਕੇ।

***

## ਕੈਨੇਡਾ ਵਿੱਚ ਪੰਜਾਬੀ ਪੱਤਰਕਾਰੀ ਦਾ ਮਾਣ

ਵੈਨਕੂਵਰ ਸਿਟੀ ਕੌਂਸਲ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਅਤੇ ਪ੍ਰਸ਼ਾਸਨ ਨੇ ਬਿਨਾਂ ਦੇਰੀ ਆਪਣੀ ਕਾਲਿੰਗ ਨੀਤੀ ਵਿੱਚ ਇਤਿਹਾਸਕ ਬਦਲਾਅ ਕਰ ਦਿੱਤਾ। ਸਿਟੀ ਪ੍ਰਸ਼ਾਸਨ ਨੇ ਸਖ਼ਤ ਹੁਕਮ ਜਾਰੀ ਕਰਦਿਆਂ ਆਪਣੇ ਸਾਰੇ ਅਧਿਕਾਰੀਆਂ ਨੂੰ ਬਲੌਕ ਜਾਂ ਪ੍ਰਾਈਵੇਟ ਨੰਬਰਾਂ ਤੋਂ ਫ਼ੋਨ ਕਰਨ 'ਤੇ ਪੂਰਨ ਪਾਬੰਦੀ ਲਗਾ ਦਿੱਤੀ। ਹੁਣ ਅਧਿਕਾਰੀਆਂ ਲਈ ਕਾਲਰ ਆਈਡੀ 'ਤੇ ਅਧਿਕਾਰਤ ਨੰਬਰ ਅਤੇ ਪਛਾਣ ਦਰਸਾਉਣਾ ਲਾਜ਼ਮੀ ਕਰ ਦਿੱਤਾ ਗਿਆ, ਤਾਂ ਜੋ ਕਾਰੋਬਾਰੀਆਂ ਵਿੱਚੋਂ ਦਹਿਸ਼ਤ ਖ਼ਤਮ ਹੋ ਸਕੇ। ਇਸ ਫ਼ੈਸਲੇ ਨੇ ਆਸ-ਪਾਸ ਦੇ ਹੋਰਨਾਂ ਸ਼ਹਿਰਾਂ ਦੇ ਪ੍ਰਸ਼ਾਸਨ ਨੂੰ ਵੀ ਆਪਣੀ ਪ੍ਰਣਾਲੀ ਸੁਧਾਰਨ ਲਈ ਰਾਹ ਦਿਖਾਇਆ।

ਪੂਰੀ ਟੀਮ ਦਾ ਯੋਗਦਾਨ

ਇਸ ਸਫ਼ਲ ਰਿਪੋਰਟਿੰਗ ਪਿੱਛੇ ਸਰਬਰਾਜ ਸਿੰਘ ਕਾਹਲੋਂ ਦੇ ਨਾਲ ਓਮਨੀ ਨਿਊਜ਼ ਦੀ ਟੀਮ ਦੇ ਹੋਰ ਪ੍ਰਮੁੱਖ ਸਾਥੀਆਂ ਦਾ ਵੀ ਵੱਡਾ ਯੋਗਦਾਨ ਰਿਹਾ। ਖ਼ਬਰ ਦੇ ਨਿਰਮਾਣ, ਸੰਪਾਦਨ ਅਤੇ ਤਕਨੀਕੀ ਪੱਖਾਂ ਵਿੱਚ ਐਲਨ ਚੈਕ , ਕ੍ਰਿਸਟਨ ਜੌਹਨਸਨ ਅਤੇ ਸੋਨੀਆ ਕਾਲੜਾ ਨੇ ਅਹਿਮ ਭੂਮਿਕਾ ਨਿਭਾਈ। ਪਰਦੇ ਦੇ ਪਿੱਛੇ ਰਹਿ ਕੇ ਕੰਮ ਕਰਨ ਵਾਲੀ ਇਸ ਟੀਮ ਦੇ ਸਹਿਯੋਗ ਸਦਕਾ ਇਹ ਰਿਪੋਰਟ ਸਰਕਾਰੀ ਪੱਧਰ 'ਤੇ ਅਸਰਦਾਰ ਸਾਬਤ ਹੋਈ।

ਜੈਕ ਵੈਬਸਟਰ ਫਾਊਂਡੇਸ਼ਨ ਵੱਲੋਂ ਸਾਲ 2024 ਦੇ ਐਵਾਰਡਾਂ ਦੇ ਜੇਤੂਆਂ ਦਾ ਅੰਤਿਮ ਐਲਾਨ 2 ਨਵੰਬਰ ਨੂੰ ਇੱਕ ਵਿਸ਼ੇਸ਼ ਸਮਾਗਮ ਦੌਰਾਨ ਕੀਤਾ ਜਾਵੇਗਾ। ਪੰਜਾਬੀ ਪ੍ਰੈੱਸ ਕਲੱਬ ਆਫ਼ ਬੀ.ਸੀ. ਅਤੇ ਸਮੁੱਚੇ ਭਾਰਤੀ-ਕੈਨੇਡੀਅਨ ਭਾਈਚਾਰੇ ਨੇ ਸਰਬਰਾਜ ਸਿੰਘ ਕਾਹਲੋਂ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਇਸ ਵੱਡੀ ਕਾਮਯਾਬੀ ਲਈ ਵਧਾਈ ਦਿੱਤੀ ਹੈ ਅਤੇ ਉਮੀਦ ਜਤਾਈ ਹੈ ਕਿ ਇਹ ਪ੍ਰਾਪਤੀ ਨਵੇਂ ਉੱਭਰ ਰਹੇ ਪੱਤਰਕਾਰਾਂ ਲਈ ਰਾਹ-ਦਸੇਰਾ ਬਣੇਗੀ।

***

## ਕੀ ਅਮਰੀਕਾ 'ਚ ਪਰਤ ਰਿਹੈ 9/11 ਵਾਲਾ ਕਾਲਾ ਦੌਰ ?

ਏਸ਼ੀਅਨ ਲਾਅ ਕਾਕਸ ਵਰਗੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਦਾ ਅੱਗੇ ਆਉਣਾ ਸ਼ਲਾਘਾਯੋਗ ਹੈ, ਪਰ ਹੁਣ ਵੇਲਾ ਸਿਰਫ਼ ਬਿਆਨਬਾਜ਼ੀ ਤੱਕ ਸੀਮਤ ਰਹਿਣ ਦਾ ਨਹੀਂ। ਸਮੂਹ ਭਾਈਚਾਰਿਆਂ, ਸਿਵਲ ਸੁਸਾਇਟੀ ਅਤੇ ਅਦਾਲਤਾਂ ਨੂੰ ਇਸ ਸਰਕਾਰੀ ਨਸਲਵਾਦ ਖ਼ਿਲਾਫ਼ ਇੱਕਮੁੱਠ ਹੋ ਕੇ ਡਟਣਾ ਪਵੇਗਾ, ਤਾਂ ਜੋ ਕਾਨੂੰਨ ਦੀ ਪਾਲਣਾ ਕਰਨ ਵਾਲੇ ਮਿਹਨਤਕਸ਼ ਲੋਕਾਂ ਦੀ ਰੋਜ਼ੀ-ਰੋਟੀ ਅਤੇ ਸਵੈ-ਮਾਣ ਦੀ ਰਾਖੀ ਕੀਤੀ ਜਾ ਸਕੇ।

***

## ਟੈਕਸਦਾਤਿਆਂ ਦੇ ਪਤੇ ਇਮੀਗ੍ਰੇਸ਼ਨ ਵਿਭਾਗ

ਵਾਲੀਆਂ ਏਜੰਸੀਆਂ ਦੇ ਕੰਮ ਵਿੱਚ ਰੁਕਾਵਟ ਪੈ ਰਹੀ ਹੈ। ਇਸ 'ਤੇ ਸਖ਼ਤ ਟਿੱਪਣੀ ਕਰਦਿਆਂ ਸਰਕਟ ਜੱਜ ਕਾਰਨੇਲੀਆ ਪਿਲਾਰਡ ਨੇ ਫ਼ੈਸਲੇ ਵਿੱਚ ਲਿਖਿਆ, 'ਜੇਕਰ ਸਰਕਾਰ ਨੂੰ ਕਾਨੂੰਨ ਤੋਂ ਕੋਈ ਦਿੱਕਤ ਹੈ ਤਾਂ ਉਹ ਸੰਸਦ (ਕਾਂਗਰਸ) ਕੋਲ ਜਾਵੇ, ਅਦਾਲਤ ਕੋਲ ਨਹੀਂ।' ਜੱਜ ਨੇ ਯਾਦ ਦਿਵਾਇਆ ਕਿ ਵਾਟਰਗੇਟ ਕਾਂਡ ਤੋਂ ਬਾਅਦ ਅਮਰੀਕੀ ਸੰਸਦ ਨੇ ਸਖ਼ਤ ਕਾਨੂੰਨ ਬਣਾਏ ਸਨ ਤਾਂ ਜੋ ਸਰਕਾਰਾਂ ਆਪਣੇ ਸਿਆਸੀ ਜਾਂ ਨਿੱਜੀ ਮਕਸਦਾਂ ਲਈ ਟੈਕਸ ਰਿਕਾਰਡ ਦੀ ਦੁਰਵਰਤੋਂ ਨਾ ਕਰ ਸਕਣ। ਉਨ੍ਹਾਂ ਕਿਹਾ ਕਿ ਲੱਖਾਂ ਲੋਕਾਂ ਦਾ ਡਾਟਾ ਬਿਨਾਂ ਕਿਸੇ ਕਾਨੂੰਨੀ ਜਾਂਚ ਦੇ ਆਟੋਮੈਟਿਕ ਤਰੀਕੇ ਨਾਲ ਸਾਂਝਾ ਕਰਨਾ ਕਾਨੂੰਨ ਦੀਆਂ ਧੱਜੀਆਂ ਉਡਾਉਣ ਬਰਾਬਰ ਹੈ।

ਦੂਜੇ ਪਾਸੇ, ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ ਨੇ ਅਦਾਲਤ ਦੇ ਇਸ ਫ਼ੈਸਲੇ ਨਾਲ ਅਸਹਿਮਤੀ ਜਤਾਉਂਦਿਆਂ ਕਿਹਾ ਕਿ ਉਹ ਦੇਸ਼ ਨਿਕਾਲੇ ਦੇ ਹੁਕਮਾਂ ਵਾਲੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਲੱਭਣ ਅਤੇ ਦੇਸ਼ ਵਿੱਚੋਂ ਬਾਹਰ ਕੱਢਣ ਲਈ ਹਰ ਕਾਨੂੰਨੀ ਹੱਥਕੰਡੇ ਦੀ ਵਰਤੋਂ ਜਾਰੀ ਰੱਖਣਗੇ। ਇਸ ਦੌਰਾਨ ਆਈਆਰਐਸ ਨੇ ਇਸ ਮਾਮਲੇ 'ਤੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

***

## ਨਿਰਧਾਰਿਤ ਸਮੇਂ ਦੌਰਾਨ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸੋਧ ਐਕਟ'

ਜੇਕਰ ਘੱਟ ਹੈ ਜਦੋਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਂਭ ਸੰਭਾਲ ਅਤੇ ਰੱਖ- ਰਖਾਵ ਕਰਨ ਵਾਲਿਆਂ ਬਾਰੇ ਜਿਆਦਾ ਹੈ। ਜਿਸ ਨਾਲ ਪੰਥ ਗੁਰਬਾਣੀ ਅਤੇ ਗੁਰੂ ਪੰਥ ਤੋਂ ਦੂਰ ਹੋਵੇਗਾ।

ਉਨ੍ਹਾਂ ਆਖਿਆ ਕਿ ਸਰਕਾਰ ਦੀ ਇਹ ਕਾਰਵਾਈ ਸਿੱਖ ਮਾਮਲਿਆਂ ਵਿੱਚ ਸਿੱਧੀ ਦਖਲ ਅੰਦਾਜ਼ੀ ਹੈ ਜਿਸ ਨੂੰ ਕਦੇ ਵੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਸਪੱਸ਼ਟ ਕੀਤਾ ਕਿ ਸਰਕਾਰ ਬੇਅਦਬੀ ਕਰਨ ਵਾਲੇ ਵਿਅਕਤੀ ਦੇ ਖ਼ਿਲਾਫ਼ ਸਖ਼ਤ ਤੋਂ ਸਖਤ ਸਜ਼ਾ ਦਾ ਪ੍ਰਬੰਧ ਕਰਨ ਲਈ ਕਾਨੂੰਨ ਬਣਾ ਸਕਦੀ ਹੈ ਪਰ ਮਰਿਆਦਾ ਦੇ ਮਾਮਲੇ ਵਿੱਚ ਸਰਕਾਰ ਨੇ ਦਖਲ ਦੇਣ ਦਾ ਕੋਈ ਹੱਕ ਨਹੀਂ ਹੈ।

ਉਨ੍ਹਾਂ ਇਹ ਵੀ ਦਾਅਵਾ ਕੀਤਾ ਹੈ ਕਿ ਸਰਕਾਰ ਵੱਲੋਂ ਬਣਾਇਆ ਗਿਆ ਇਹ ਸੋਧ ਐਕਟ ਕੁਝ ਹੀ ਘੰਟਿਆਂ ਵਿੱਚ ਬਣਾਇਆ ਗਿਆ ਹੈ ਅਤੇ ਇਸ ਨੂੰ ਮਾਨਤਾ ਦੇਣ ਤੋਂ ਪਹਿਲਾਂ ਦੇਰ ਰਾਤ ਨੂੰ ਵੈਬਸਾਈਟ 'ਤੇ ਪਾਇਆ ਗਿਆ ਹੈ। ਜਿਸ ਨਾਲ ਪੰਥ ਨੂੰ ਇਸ ਬਾਰੇ ਜਾਣਣ ਦਾ ਕੋਈ ਮੌਕਾ ਹੀ ਨਹੀਂ ਮਿਲਿਆ।

ਉਨ੍ਹਾਂ ਕਿਹਾ ਕਿ ਕਾਨੂੰਨੀ ਖਰੜਾ ਤਿਆਰ ਕਰਨ ਵਾਲਿਆਂ ਨੂੰ ਪੰਥਕ ਰਵਾਇਤਾਂ ਦੀ ਸਮਝ ਨਹੀਂ ਸੀ, ਜਿਸ ਕਾਰਨ ਇਹ ਸਾਰਾ ਆਪਸੀ ਤਣਾਅ ਪੈਦਾ ਹੋਇਆ ਹੈ।

***

## ਮੱਧਕਾਲੀ ਚੋਣਾਂ ਲਈ ਟਰੰਪ ਦਾ ਮਾਸਟਰਸਟ੍ਰੋਕ

ਜੇਕਰ ਹਰ ਕਿਸੇ ਨੂੰ 5,000 ਡਾਲਰ ਦਿੱਤੇ ਜਾਂਦੇ ਹਨ, ਤਾਂ ਕੁੱਲ ਲਾਗਤ ਲਗਭਗ 1,200 ਅਰਬ (1.2 ਟ੍ਰਿਲੀਅਨ) ਡਾਲਰ ਬਣੇਗੀ। ਇਹ ਰਕਮ ਕੋਵਿਡ ਮਹਾਂਮਾਰੀ ਦੌਰਾਨ ਦਿੱਤੇ ਗਏ ਰਾਹਤ ਪੈਕੇਜਾਂ ਨਾਲੋਂ ਵੀ ਕਿਤੇ ਵੱਧ ਹੈ।

ਅਮਰੀਕਾ ਦਾ ਕੁੱਲ ਰਾਸ਼ਟਰੀ ਕਰਜ਼ਾ ਹਾਲ ਹੀ ਵਿੱਚ ਇਤਿਹਾਸ ਵਿੱਚ ਪਹਿਲੀ ਵਾਰ 40 ਟ੍ਰਿਲੀਅਨ ਡਾਲਰ ਦੇ ਖ਼ਤਰਨਾਕ ਅੰਕੜੇ ਨੂੰ ਪਾਰ ਕਰ ਚੁੱਕਾ ਹੈ। ਇਸ ਤੋਂ ਇਲਾਵਾ, ਦੇਸ਼ ਦਾ ਸਾਲਾਨਾ ਬਜਟ ਘਾਟਾ ਲਗਭਗ 1.8 ਤੋਂ 2 ਟ੍ਰਿਲੀਅਨ ਡਾਲਰ ਦੇ ਵਿਚਕਾਰ ਚੱਲ ਰਿਹਾ ਹੈ। ਅਜਿਹੇ ਸਮੇਂ ਕਰਜ਼ਾ ਚੁੱਕ ਕੇ ਨਕਦੀ ਵੰਡਣਾ ਖ਼ਜ਼ਾਨੇ ਨੂੰ ਦੀਵਾਲੀਆਪਨ ਵੱਲ ਧੱਕਣ ਦੇ ਬਰਾਬਰ ਹੋਵੇਗਾ।

ਬਜ਼ਾਰ ਵਿੱਚ ਅਚਾਨਕ 1.2 ਟ੍ਰਿਲੀਅਨ ਡਾਲਰ ਆਉਣ ਨਾਲ ਖ਼ਪਤਕਾਰਾਂ ਦੀ ਮੰਗ ਤੇਜ਼ੀ ਨਾਲ ਵਧੇਗੀ, ਜਿਸ ਕਾਰਨ ਵਸਤਾਂ ਦੀਆਂ ਕੀਮਤਾਂ ਅਸਮਾਨੀਂ ਚੜ੍ਹ ਜਾਣਗੀਆਂ। ਇਸ ਨਾਲ ਮਹਿੰਗਾਈ ਦਰ ਮੁੜ ਬੇਕਾਬੂ ਹੋ ਸਕਦੀ ਹੈ, ਜਿਸ ਨਾਲ ਆਮ ਲੋਕਾਂ ਦੀ ਰੋਜ਼ਮੱਰਾ ਦੀ ਜ਼ਿੰਦਗੀ ਹੋਰ ਔਖੀ ਹੋ ਜਾਵੇਗੀ।

### ਪ੍ਰਸ਼ਾਸਨ ਦਾ ਬਚਾਅ ਅਤੇ ਜੇਡੀ ਵੈਂਸ ਦੀ ਸਫ਼ਾਈ

ਟਰੰਪ ਦੇ ਇਸ ਐਲਾਨ ਤੋਂ ਮਹਿਜ਼ ਇੱਕ ਘੰਟੇ ਦੇ ਅੰਦਰ ਹੀ ਉਪ-ਰਾਸ਼ਟਰਪਤੀ ਜੇਡੀ ਵੈਂਸ ਨੇ ਇਸ ਬਿਆਨ ਨੂੰ ਸੰਭਾਲਣ ਅਤੇ ਨਰਮ ਕਰਨ ਦੀ ਕੋਸ਼ਿਸ਼ ਕੀਤੀ। ਵੈਂਸ ਨੇ ਸਪੱਸ਼ਟ ਕੀਤਾ ਕਿ ਇਹ ਰਕਮ ਅਮੀਰ ਵਰਗ ਨੂੰ ਨਹੀਂ ਮਿਲੇਗੀ, ਸਗੋਂ ਸਿਰਫ਼ ਜ਼ਰੂਰਤਮੰਦਾਂ ਤੱਕ ਸੀਮਤ ਹੋਵੇਗੀ। ਉਨ੍ਹਾਂ ਇਹ ਵੀ ਸੁਝਾਅ ਦਿੱਤਾ ਕਿ ਇਸ ਖ਼ਰਚੇ ਦੀ ਭਰਪਾਈ ਵਿਦੇਸ਼ੀ ਵਸਤਾਂ 'ਤੇ ਲਗਾਏ ਗਏ ਟੈਰਿਫ (ਆਯਾਤ ਡਿਊਟੀ) ਰਾਹੀਂ ਕੀਤੀ ਜਾ ਸਕਦੀ ਹੈ।

ਹਾਲਾਂਕਿ, ਆਰਥਿਕ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਅਮਰੀਕਾ ਕੋਲ ਟੈਰਿਫ ਤੋਂ ਆਉਣ ਵਾਲੀ ਕੁੱਲ ਕਮਾਈ ਇਸ 1.2 ਟ੍ਰਿਲੀਅਨ ਡਾਲਰ ਦੇ ਮੁਕਾਬਲੇ ਬਹੁਤ ਛੋਟੀ ਹੈ। ਇਸ ਤੋਂ ਇਲਾਵਾ, ਪਿਛਲੇ ਸਾਲ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਦੇ ਟੈਰਿਫ ਪ੍ਰੋਗਰਾਮ ਦੇ ਵੱਡੇ ਹਿੱਸੇ ਨੂੰ ਰੱਦ ਵੀ ਕਰ ਦਿੱਤਾ ਸੀ,

ਜਿਸ ਕਾਰਨ ਇਹ ਦਲੀਲ ਕਮਜ਼ੋਰ ਪੈ ਜਾਂਦੀ ਹੈ।

### ਕੀ ਇਹ ਲੋਕਤੰਤਰ ਲਈ ਜਾਇਜ਼ ਹੈ ? ਨੈਤਿਕ ਅਤੇ ਕਾਨੂੰਨੀ ਪਹਿਲੂ

ਇਸ ਵਾਅਦੇ ਨੇ ਅਮਰੀਕੀ ਲੋਕਤੰਤਰੀ ਪ੍ਰਣਾਲੀ ਅਤੇ ਨੈਤਿਕਤਾ 'ਤੇ ਗੰਭੀਰ ਬਹਿਸ ਛੇੜ ਦਿੱਤੀ ਹੈ:

**ਵੋਟ ਖਰੀਦਣ ਦੇ ਦੋਸ਼:** ਆਲੋਚਕਾਂ ਦਾ ਕਹਿਣਾ ਹੈ ਕਿ ਸਰਕਾਰੀ ਖ਼ਜ਼ਾਨੇ ਵਿੱਚੋਂ ਵੋਟਾਂ ਦੇ ਬਦਲੇ ਨਕਦੀ ਵੰਡਣਾ ਲੋਕਤੰਤਰ ਦੀ ਮੂਲ ਭਾਵਨਾ ਨੂੰ ਸੱਟ ਮਾਰਦਾ ਹੈ। ਪਲੈਂਟੀਰ ਦੇ ਸਹਿ-ਸੰਸਥਾਪਕ ਅਤੇ ਰਿਪਬਲਿਕਨ ਦਾਨੀ ਜੋਅ ਲੌਂਸਡੇਲ ਨੇ ਇਸਦੀ ਸਖ਼ਤ ਨਿਖੇਧੀ ਕਰਦਿਆਂ ਇਸਨੂੰ 'ਜਨਤਾ ਨੂੰ ਭਰਮਾਉਣ ਵਾਲੀ ਰਿਸ਼ਵਤਖ਼ੋਰੀ' ਕਰਾਰ ਦਿੱਤਾ। ਸਾਬਕਾ ਹਾਊਸ ਫਰੀਡਮ ਕਾਕਸ ਦੇ ਆਗੂਆਂ ਨੇ ਵੀ ਇਸਨੂੰ 'ਸਮਾਜਵਾਦੀ ਵੋਟ-ਖਰੀਦ ਸਕੀਮ' ਕਹਿ ਕੇ ਭੰਡਿਆ ਹੈ। ਨਿਊ ਮੈਕਸੀਕੋ ਦੇ ਵਕੀਲ ਜੌਨ ਡੇਅ ਅਨੁਸਾਰ, ਕਾਨੂੰਨੀ ਤੌਰ 'ਤੇ ਇਸਨੂੰ ਇੱਕ ਆਮ 'ਚੋਣ ਵਾਅਦਾ' ਹੀ ਮੰਨਿਆ ਜਾਵੇਗਾ, ਕਿਉਂਕਿ ਇਹ ਪੈਸਾ ਕਿਸੇ ਇੱਕ ਵਿਅਕਤੀ ਨੂੰ ਵੋਟ ਪਾਉਣ ਦੇ ਸਬੂਤ ਬਦਲੇ ਨਹੀਂ, ਸਗੋਂ ਜਿੱਤ ਤੋਂ ਬਾਅਦ ਹਰ ਨਾਗਰਿਕ ਨੂੰ ਦਿੱਤਾ ਜਾਣਾ ਹੈ। ਇਸ ਲਈ ਇਹ ਸਿੱਧੇ ਤੌਰ 'ਤੇ ਰਿਸ਼ਵਤਖ਼ੋਰੀ ਦੇ ਅਪਰਾਧਿਕ ਦਾਇਰੇ ਵਿੱਚ ਨਹੀਂ ਆਉਂਦਾ।

ਅਮਰੀਕੀ ਸੰਵਿਧਾਨ ਮੁਤਾਬਕ ਦੇਸ਼ ਦੇ ਖ਼ਜ਼ਾਨੇ ਦਾ ਕੰਟਰੋਲ ਕਾਂਗਰਸ (ਸੰਸਦ) ਕੋਲ ਹੁੰਦਾ ਹੈ। ਰਾਸ਼ਟਰਪਤੀ ਆਪਣੀ ਮਰਜ਼ੀ ਨਾਲ ਇੱਕ ਵੀ ਡਾਲਰ ਜਾਰੀ ਨਹੀਂ ਕਰ ਸਕਦੇ। ਇਸ ਲਈ ਕਾਨੂੰਨ ਬਣਾਉਣਾ ਪਵੇਗਾ, ਜਿਸਨੂੰ ਲੈ ਕੇ ਰਿਪਬਲਿਕਨ ਸੈਨੇਟਰ ਬਰਨੀ ਮੋਰੇਨੋ ਨੇ ਕਿਹਾ ਹੈ ਕਿ ਉਹ ਚੋਣਾਂ ਤੋਂ ਤੁਰੰਤ ਬਾਅਦ ਬਿੱਲ ਲਿਆਉਣਗੇ। ਪਰ ਵਿੱਤੀ ਤੌਰ 'ਤੇ ਕੱਟੜ ਰੂੜ੍ਹੀਵਾਦੀ ਸੰਸਦ ਮੈਂਬਰ ਵੀ ਇਸ ਵੱਡੇ ਖ਼ਰਚੇ ਖ਼ਿਲਾਫ਼ ਖੜ੍ਹੇ ਹੋ ਸਕਦੇ ਹਨ।

### ਮਾਹਿਰ ਕੀ ਕਹਿੰਦੇ ਹਨ ?

ਵਾਸ਼ਿੰਗਟਨ ਸਥਿਤ ਪ੍ਰਮੁੱਖ ਥਿੰਕ ਟੈਂਕ ਕਮੇਟੀ ਫਾਰ ਏ ਰਿਸਪਾਂਸੀਬਲ ਫੈਡਰਲ ਬਜਟ ਦੇ ਸੀਨੀਅਰ ਪਾਲਿਸੀ ਡਾਇਰੈਕਟਰ ਮਾਰਕ ਗੋਲਡਵਿਨ ਨੇ ਇਸ ਸਕੀਮ ਨੂੰ ਪੂਰੀ ਤਰ੍ਹਾਂ ਬੇਤੁਕੀ ਦੱਸਿਆ ਹੈ। ਉਨ੍ਹਾਂ ਕਿਹਾ: ਕਿ ਕੰਪਨੀਆਂ ਡਿਵੀਡੈਂਡ ਉਦੋਂ ਵੰਡਦੀਆਂ ਹਨ ਜਦੋਂ ਉਨ੍ਹਾਂ ਕੋਲ ਵਾਧੂ ਮੁਨਾਫਾ ਹੁੰਦਾ ਹੈ। ਪਰ ਅਮਰੀਕਾ ਤਾਂ ਹਰ ਸਾਲ 2 ਟ੍ਰਿਲੀਅਨ ਡਾਲਰ ਦੇ ਘਾਟੇ ਵਿੱਚ ਚੱਲ ਰਿਹਾ ਹੈ ਅਤੇ 40 ਟ੍ਰਿਲੀਅਨ ਡਾਲਰ ਦੇ ਕਰਜ਼ੇ ਹੇਠ ਦੱਬਿਆ ਹੋਇਆ ਹੈ। ਇਹ ਕਹਿਣਾ ਕਿ ਅਸੀਂ ਆਰਥਿਕ ਤੌਰ 'ਤੇ ਕਾਮਯਾਬ ਹਾਂ ਅਤੇ ਵੰਡਣ ਲਈ ਪੈਸਾ ਹੈ, ਹਾਸੋਹੀਣਾ ਹੈ।

ਕੁੱਲ ਮਿਲਾ ਕੇ, ਡੋਨਾਲਡ ਟਰੰਪ ਦਾ ਇਹ ਵਾਅਦਾ ਅਮਰੀਕੀ ਸਿਆਸਤ ਵਿੱਚ ਇੱਕ ਨਵਾਂ ਰੁਝਾਨ ਪੈਦਾ ਕਰ ਰਿਹਾ ਹੈ। ਜਿੱਥੇ ਆਮ ਵੋਟਰ 5,000 ਡਾਲਰ ਦੀ ਸਿੱਧੀ ਰਾਹਤ ਦੇਖ ਕੇ ਖ਼ੁਸ਼ ਹੋ ਸਕਦੇ ਹਨ, ਉੱਥੇ ਹੀ ਲੋਕਤੰਤਰ ਦੇ ਰਾਖੇ ਅਤੇ ਅਰਥਸ਼ਾਸਤਰੀ ਇਸਨੂੰ ਭਵਿੱਖ ਵਿੱਚ ਅਮਰੀਕਾ ਦੀ ਆਰਥਿਕ ਸਥਿਰਤਾ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਲਈ ਇੱਕ ਵੱਡਾ ਖ਼ਤਰਾ ਮੰਨ ਰਹੇ ਹਨ।

***

## ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ

ਡਾ. ਗੁਰਪ੍ਰੀਤ ਕੌਰ ਨੇ ਕਿਹਾ ਕਿ ਸਾਰੇ ਮੁਲਜ਼ਮਾਂ ਨੇ ਆਪਣੇ ਬਿਆਨਾਂ ਵਿੱਚ ਉਨ੍ਹਾਂ ਨੂੰ ਖਾਸ ਤੌਰ 'ਤੇ ਨਿਸ਼ਾਨਾ ਬਣਾਇਆ ਹੈ। ਇੱਕ ਔਰਤ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਪੈਸਿਆਂ ਦੀ ਖਾਤਰ ਜਬਰ-ਜਨਾਹ ਦੇ ਮੁਲਜ਼ਮ ਦੀ ਮਦਦ ਕਰਨ ਵਾਲੀ ਵਜੋਂ ਪੇਸ਼ ਕੀਤਾ ਗਿਆ ਹੈ। ਇਹਨਾਂ ਝੂਠੇ ਦੋਸ਼ਾਂ ਨਾਲ ਉਨ੍ਹਾਂ ਦੇ ਅਕਸ, ਸ਼ਾਨ ਅਤੇ ਨਿੱਜੀ ਪਛਾਣ ਨੂੰ ਡੂੰਘੀ ਠੇਸ ਪੁੱਜੀ ਹੈ।

ਉਨ੍ਹਾਂ ਨੇ ਅਦਾਲਤ ਅੱਗੇ ਅਪੀਲ ਕੀਤੀ ਹੈ ਕਿ ਮੁਲਜ਼ਮਾਂ ਨੂੰ ਅਪਰਾਧਿਕ ਮਾਣਹਾਨੀ ਦੇ ਦੋਸ਼ਾਂ ਦਾ ਜਵਾਬ ਦੇਣ ਲਈ ਤਲਬ ਕੀਤਾ ਜਾਵੇ ਅਤੇ ਬੀ.ਐੱਨ.ਐੱਸ. ਦੀ ਧਾਰਾ 356 ਤਹਿਤ ਸਜ਼ਾ ਦਿੱਤੀ ਜਾਵੇ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇੱਕ ਵੱਖਰੇ ਮਾਮਲੇ ਵਿੱਚ ਸਿਵਲ ਜੱਜ (ਜੂਨੀਅਰ ਡਵੀਜ਼ਨ) ਡਾ. ਪ੍ਰੀਕਸ਼ਿਤ ਦੀ ਅਦਾਲਤ ਨੇ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ, ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ 'ਤੇ ਅਗਲੇ ਹੁਕਮਾਂ ਤੱਕ ਸੋਸ਼ਲ ਮੀਡੀਆ ਜਾਂ ਕਿਸੇ ਵੀ ਹੋਰ ਮਾਧਿਅਮ 'ਤੇ ਰਿਸ਼ਵਤ ਦੀ ਮੰਗ ਨਾਲ ਸਬੰਧਿਤ ਕੋਈ ਵੀ ਅਣ-ਪ੍ਰਮਾਣਿਤ ਅਤੇ ਮਾਣਹਾਨੀਯੋਗ ਸਮੱਗਰੀ ਪ੍ਰਕਾਸ਼ਿਤ ਜਾਂ ਸ਼ੇਅਰ ਕਰਨ 'ਤੇ ਅੰਤਰਿਮ ਰੋਕ ਲਗਾਈ ਹੋਈ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਧਰਤੀ ਨੇ ਗੁਆਇਆ ਜਲਵਾਯੂ ਤਬਾਹੀ

ਹੁਣ ਮਲਬੇ ਦੇ ਢੇਰਾਂ ਕੋਲ ਖੜ੍ਹੇ ਮਾਹਿਰ ਅਤੇ ਰਾਹਤ ਕਰਮੀ ਇਹ ਸਵਾਲ ਚੁੱਕ ਰਹੇ ਹਨ ਕਿ ਜੇਕਰ ਉਹ ਨਿਗਰਾਨੀ ਪ੍ਰਣਾਲੀ ਜਾਰੀ ਰਹਿੰਦੀ, ਤਾਂ ਕੀ ਅਗਾਊਂ ਚਿਤਾਵਨੀ ਪ੍ਰਣਾਲੀ ਰਾਹੀਂ ਸਮਾਂ ਰਹਿੰਦੇ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢ ਕੇ ਇਸ ਜਾਨੀ-ਮਾਲੀ ਨੁਕਸਾਨ ਨੂੰ ਘੱਟ ਨਹੀਂ ਸੀ ਕੀਤਾ ਜਾ ਸਕਦਾ ?

ਵਾਤਾਵਰਣ ਮਾਹਿਰਾਂ ਦਾ ਮੰਨਣਾ ਹੈ ਕਿ ਵਿਕਸਤ ਸੰਸਾਰ ਦੀ ਇਸ ਬੇਰੁਖ਼ੀ ਅਤੇ ਆਲਮੀ ਪੱਧਰ 'ਤੇ ਠੋਸ ਕਦਮ ਨਾ ਚੁੱਕੇ ਜਾਣ ਕਾਰਨ ਵਿਕਾਸਸ਼ੀਲ ਅਤੇ ਪੱਛੜੇ ਦੇਸ਼ਾਂ ਅੰਦਰ ਘੋਰ ਨਿਰਾਸ਼ਾ ਅਤੇ ਬੇਵੱਸੀ ਫੈਲ ਗਈ ਹੈ। ਕੌਮਾਂਤਰੀ ਸੰਮੇਲਨਾਂ ਵਿੱਚ ਕੀਤੇ ਜਾਣ ਵਾਲੇ ਵੱਡੇ-ਵੱਡੇ ਵਾਅਦੇ ਜ਼ਮੀਨ 'ਤੇ ਜ਼ੀਰੋ ਸਾਬਤ ਹੋ ਰਹੇ ਹਨ, ਜਦਕਿ ਗਲੇਸ਼ੀਅਰਾਂ ਦੇ ਪਿਘਲਣ ਦੀ ਰਫ਼ਤਾਰ ਰਿਕਾਰਡ ਪੱਧਰ 'ਤੇ ਪਹੁੰਚ ਚੁੱਕੀ ਹੈ। ਵਿਸ਼ਵ ਪੱਧਰੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਧਨਾਢ ਮੁਲਕਾਂ ਨੇ ਤੁਰੰਤ ਕਾਰਬਨ ਨਿਕਾਸ ਘਟਾਉਣ ਅਤੇ ਪ੍ਰਭਾਵਿਤ ਖੇਤਰਾਂ ਨੂੰ ਮਦਦ ਦੇਣ ਵਿੱਚ ਇਮਾਨਦਾਰੀ ਨਾ ਦਿਖਾਈ, ਤਾਂ ਅਜਿਹੀਆਂ ਕੁਦਰਤੀ ਆਫ਼ਤਾਂ ਸਿਰਫ਼ ਪਹਾੜੀ ਇਲਾਕਿਆਂ ਤੱਕ ਸੀਮਤ ਨਹੀਂ ਰਹਿਣਗੀਆਂ, ਸਗੋਂ ਵਿਸ਼ਵ ਦੀ ਸਮੁੱਚੀ ਆਰਥਿਕਤਾ ਅਤੇ ਮਨੁੱਖੀ ਹੋਂਦ ਨੂੰ ਹੀ ਨਿਗਲ ਲੈਣਗੀਆਂ।

ਪੰਜਾਬ ਦੇ ਲਈ ਵਾਤਾਵਰਣ ਸੰਕਟ ਤੇ ਭਾਖੜਾ ਡੈਮ ਕਿਵੇਂ ਖਤਰਨਾਕ ਸਿੱਧ ਹੋਵੇਗਾ

ਪੰਜਾਬ ਪੂਰੀ ਤਰ੍ਹਾਂ ਇਸ ਜਲਵਾਯੂ ਸੰਕਟ ਦੇ ਘੇਰੇ ਵਿੱਚ ਆਉਂਦਾ ਹੈ ਅਤੇ ਹਿਮਾਲੀਅਨ ਖੇਤਰ ਵਿੱਚ ਵਾਪਰ ਰਹੀਆਂ ਤਬਦੀਲੀਆਂ ਕਾਰਨ ਭਾਖੜਾ ਡੈਮ ਅਤੇ ਪੰਜਾਬ ਦੇ ਮੈਦਾਨੀ ਇਲਾਕਿਆਂ ਲਈ ਗੰਭੀਰ ਖ਼ਤਰੇ ਬਣ ਰਹੇ ਹਨ।

ਇਸ ਦੇ ਪੰਜਾਬ ਅਤੇ ਭਾਖੜਾ ਡੈਮ 'ਤੇ ਪੈਣ ਵਾਲੇ ਸਿੱਧੇ ਅਸਰਾਂ ਨੂੰ ਹੇਠ ਲਿਖੇ ਮੁੱਖ ਨੁਕਤਿਆਂ ਰਾਹੀਂ ਸਮਝਿਆ ਜਾ ਸਕਦਾ ਹੈ:

ਭਾਖੜਾ ਡੈਮ ਸਤਲੁਜ ਦਰਿਆ ਉੱਤੇ ਬਣਿਆ ਹੋਇਆ ਹੈ। ਸਤਲੁਜ ਦਾ ਪਾਣੀ ਤਿੱਬਤ ਅਤੇ ਹਿਮਾਚਲ ਪ੍ਰਦੇਸ਼ ਦੇ ਹਿਮਾਲੀਅਨ ਗਲੇਸ਼ੀਅਰਾਂ ਦੇ ਪਿਘਲਣ ਅਤੇ ਮਾਨਸੂਨ ਦੀ ਬਾਰਸ਼ ਤੋਂ ਆਉਂਦਾ ਹੈ। ਤਾਪਮਾਨ ਵਧਣ ਕਾਰਨ ਜਦੋਂ ਉੱਪਰਲੇ ਗਲੇਸ਼ੀਅਰ ਤੇਜ਼ੀ ਨਾਲ ਪਿਘਲਦੇ ਹਨ, ਤਾਂ ਉੱਥੇ ਬਰਫ਼ਾਨੀ ਝੀਲਾਂ ਬਣ ਜਾਂਦੀਆਂ ਹਨ। ਜੇਕਰ ਬੱਦਲ ਫਟਣ ਜਾਂ ਜ਼ਮੀਨ ਖਿਸਕਣ ਕਾਰਨ ਇਹ ਝੀਲਾਂ ਟੁੱਟਦੀਆਂ ਹਨ, ਤਾਂ ਭਾਰੀ ਮਾਤਰਾ ਵਿੱਚ ਪਾਣੀ ਅਤੇ ਮਲਬਾ ਹੇਠਾਂ ਵੱਲ ਆਉਂਦਾ ਹੈ।

ਜੇਕਰ ਉੱਪਰਲੇ ਕੈਚਮੈਂਟ ਏਰੀਆ ਵਿੱਚ ਬੱਦਲ ਫਟਣ ਅਤੇ ਗਲੇਸ਼ੀਅਰ ਟੁੱਟਣ ਦੀਆਂ ਘਟਨਾਵਾਂ ਇਕੱਠੀਆਂ ਵਾਪਰਦੀਆਂ ਹਨ, ਤਾਂ ਗੋਬਿੰਦ ਸਾਗਰ ਝੀਲ (ਭਾਖੜਾ ਜਲ ਭੰਡਾਰ) ਵਿੱਚ ਅਚਾਨਕ ਪਾਣੀ ਦਾ ਪੱਧਰ ਖ਼ਤਰਨਾਕ ਹੱਦ ਤੱਕ ਵਧ ਸਕਦਾ ਹੈ। ਡੈਮ ਦੀ ਸੁਰੱਖਿਆ ਲਈ ਫਲੱਡ ਗੇਟ ਖੋਲ੍ਹਣੇ ਲਾਜ਼ਮੀ ਹੋ ਜਾਂਦੇ ਹਨ, ਜਿਸ ਕਾਰਨ ਪੰਜਾਬ ਦੇ ਹੇਠਲੇ ਇਲਾਕਿਆਂ ਵਿੱਚ ਭਿਆਨਕ ਹੜ੍ਹ ਤਬਾਹੀ ਮਚਾ ਸਕਦੇ ਹਨ। ਪਹਾੜਾਂ ਵਿੱਚ ਜ਼ਮੀਨ ਖਿਸਕਣ ਕਾਰਨ ਪਾਣੀ ਦੇ ਨਾਲ ਵੱਡੀ ਮਾਤਰਾ ਵਿੱਚ ਮਿੱਟੀ ਅਤੇ ਪੱਥਰ ਡੈਮ ਵਿੱਚ ਆਉਂਦੇ ਹਨ। ਇਸ ਨਾਲ ਗੋਬਿੰਦ ਸਾਗਰ ਦੀ ਪਾਣੀ ਸੰਭਾਲਣ ਦੀ ਸਮਰੱਥਾ ਘਟ ਰਹੀ ਹੈ, ਜਿਸ ਨਾਲ ਥੋੜ੍ਹੀ ਜਿਹੀ ਵਾਧੂ ਬਾਰਸ਼ ਨਾਲ ਵੀ ਡੈਮ ਦੇ ਓਵਰਫਲੋਅ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਜਦੋਂ ਭਾਖੜਾ ਡੈਮ ਤੋਂ ਜ਼ਿਆਦਾ ਪਾਣੀ ਛੱਡਿਆ ਜਾਂਦਾ ਹੈ, ਤਾਂ ਰੋਪੜ, ਆਨੰਦਪੁਰ ਸਾਹਿਬ, ਲੁਧਿਆਣਾ, ਜਲੰਧਰ, ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ ਤੱਕ ਦੇ ਇਲਾਕੇ ਪਾਣੀ ਵਿੱਚ ਡੁੱਬ ਜਾਂਦੇ ਹਨ। ਇਹ ਸਥਿਤੀ 2023 ਦੇ ਹੜ੍ਹਾਂ ਦੌਰਾਨ ਵੀ ਦੇਖਣ ਨੂੰ ਮਿਲੀ ਸੀ, ਜਦੋਂ ਹਿਮਾਚਲ ਵਿੱਚ ਭਾਰੀ ਬਾਰਸ਼ ਨੇ ਪੰਜਾਬ ਵਿੱਚ ਅਰਬਾਂ ਰੁਪਏ ਦੀਆਂ ਫ਼ਸਲਾਂ ਅਤੇ ਘਰ ਤਬਾਹ ਕਰ ਦਿੱਤੇ ਸਨ। ਜਲਵਾਯੂ ਵਿਗਿਆਨੀਆਂ ਅਨੁਸਾਰ ਇਸ ਤਬਦੀਲੀ ਦਾ ਦੂਜਾ ਪਾਸਾ ਹੋਰ ਵੀ ਖ਼ਤਰਨਾਕ ਹੈ। ਸ਼ੁਰੂਆਤ ਵਿੱਚ ਗਲੇਸ਼ੀਅਰ ਤੇਜ਼ੀ ਨਾਲ ਪਿਘਲਣ ਕਾਰਨ ਵਾਰ-ਵਾਰ ਹੜ੍ਹ ਆਉਣਗੇ, ਪਰ ਕੁਝ ਦਹਾਕਿਆਂ ਬਾਅਦ ਜਦੋਂ ਇਹ ਗਲੇਸ਼ੀਅਰ ਸੁੰਗੜ ਜਾਣਗੇ, ਤਾਂ ਸਤਲੁਜ ਸਮੇਤ ਪੰਜਾਬ ਦੇ ਦਰਿਆਵਾਂ ਵਿੱਚ ਪਾਣੀ ਦਾ ਵਹਾਅ ਬਹੁਤ ਘੱਟ ਜਾਵੇਗਾ। ਪੰਜਾਬ ਜੋ ਪਹਿਲਾਂ ਹੀ ਧਰਤੀ ਹੇਠਲੇ ਪਾਣੀ ਦੇ ਘਟਦੇ ਪੱਧਰ ਨਾਲ ਜੂਝ ਰਿਹਾ ਹੈ, ਉਸ ਦੀ ਖੇਤੀਬਾੜੀ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ ਪੂਰੀ ਤਰ੍ਹਾਂ ਸੰਕਟ ਵਿੱਚ ਘਿਰ ਜਾਵੇਗੀ। ਪੰਜਾਬ ਭਾਵੇਂ ਪਹਾੜੀ ਸੂਬਾ ਨਹੀਂ ਹੈ, ਪਰ ਹਿਮਾਲਿਆ ਦੀ ਗੋਦ ਵਿੱਚੋਂ ਨਿਕਲਦੇ ਦਰਿਆਵਾਂ 'ਤੇ ਨਿਰਭਰ ਹੋਣ ਕਾਰਨ, ਗਲੇਸ਼ੀਅਰਾਂ ਦੇ ਪਿਘਲਣ ਦਾ ਸਭ ਤੋਂ ਵੱਡਾ ਖ਼ਮਿਆਜ਼ਾ ਪੰਜਾਬ ਦੇ ਲੋਕਾਂ ਅਤੇ ਇੱਥੋਂ ਦੇ ਬੁਨਿਆਦੀ ਢਾਂਚੇ ਨੂੰ ਹੀ ਭੁਗਤਣਾ ਪਵੇਗਾ।

***

## ਕੁਰਸੀਆਂ ਦੀ ਖਿੱਚੋਤਾਣ

ਕਿਸੇ ਵੀ ਧਿਰ ਲਈ ਵਿਰੋਧੀ 'ਤੇ ਦੋਸ਼ ਲਾਉਣੇ, ਕਰਜ਼ੇ ਦਾ ਲੇਖਾ-ਜੋਖਾ ਕਰਨ ਜਾਂ ਪਾਣੀ ਬਚਾਉਣ ਲਈ ਕੋਈ ਸਖ਼ਤ ਨੀਤੀ ਲਿਆਉਣ ਨਾਲੋਂ ਕਿਤੇ ਸੌਖਾ ਕੰਮ ਹੈ। ਅੰਦਰੂਨੀ ਕਲੇਸ਼ ਰਾਹੀਂ ਸੁਰਖੀਆਂ 'ਚ ਰਹਿਣਾ ਸਭ ਤੋਂ ਸੌਖਾ ਤਰੀਕਾ ਹੈ, ਭਾਵੇਂ ਉਸ ਵਿੱਚੋਂ ਆਪਣਾ ਖ਼ਾਲੀਪਣ ਅਤੇ ਖੋਖਲਾਪਣ ਹੀ ਕਿਉਂ ਨਾ ਝਲਕੇ। ਜਦਕਿ ਲੋਕ-ਮੁੱਦਿਆਂ 'ਤੇ ਕੰਮ ਕਰਨ ਲਈ ਸਖ਼ਤ ਫ਼ੈਸਲੇ, ਲੰਬੀ ਯੋਜਨਾਬੰਦੀ ਅਤੇ ਕਈ ਵਾਰ ਵੋਟਰਾਂ ਨੂੰ ਨਾਰਾਜ਼ ਕਰਨ ਦਾ ਜੋਖ਼ਮ ਵੀ ਚੁੱਕਣਾ ਪੈਂਦਾ ਹੈ। ਕੋਈ ਵੀ ਧਿਰ ਇਹ ਜੋਖ਼ਮ ਚੁੱਕਣ ਲਈ ਤਿਆਰ ਨਹੀਂ, ਇਸ ਲਈ ਸੌਖਾ ਰਸਤਾ ਇਹ ਹੀ ਬਚਦਾ ਹੈ ਕਿ ਲੋਕਾਂ ਦਾ ਧਿਆਨ ਕੁਰਸੀ ਵੱਲ ਮੋੜ ਦਿੱਤਾ ਜਾਵੇ।

ਇੱਥੇ ਜ਼ਿੰਮੇਵਾਰੀ ਸਿਰਫ਼ ਸਿਆਸੀ ਪਾਰਟੀਆਂ ਦੀ ਹੀ ਨਹੀਂ ਹੈ। ਜੇਕਰ ਹਰ ਚੋਣ ਰੈਲੀ 'ਚ ਲੋਕ ਖ਼ੁਦ ਕਰਜ਼ੇ, ਪਾਣੀ, ਨੌਕਰੀ, ਸਿੱਖਿਆ ਅਤੇ ਸਿਹਤ ਇਲਾਜ ਦੇ ਢਾਂਚੇ ਬਾਰੇ ਸਵਾਲ ਪੁੱਛਣ ਲੱਗ ਪੈਣ, ਤਾਂ ਪਾਰਟੀਆਂ ਦਾ ਧਿਆਨ ਵੀ ਆਪਣੇ-ਆਪ ਉਧਰ ਮੁੜ ਜਾਵੇਗਾ। ਮੀਡੀਆ ਦੀ ਭੂਮਿਕਾ ਵੀ ਇੱਥੇ ਬਹੁਤ ਅਹਿਮ ਹੈ; ਧੜੇਬੰਦੀ ਦੀ ਖ਼ਬਰ ਤਾਂ ਵਿਕਦੀ ਹੀ ਹੈ, ਪਰ ਕਰਜ਼ੇ ਦੇ ਅੰਕੜੇ ਵੀ ਓਨੀ ਹੀ ਥਾਂ ਘੇਰਦੇ ਹਨ। 2027 ਦੀਆਂ ਚੋਣਾਂ ਅਸਲ ਵਿੱਚ ਇਸ ਗੱਲ ਦਾ ਇਮਤਿਹਾਨ ਹੋਣਗੀਆਂ ਕਿ ਪੰਜਾਬ ਦਾ ਵੋਟਰ ਕੁਰਸੀ ਦੀ ਖੇਡ ਤੋਂ ਧਿਆਨ ਹਟਾ ਕੇ ਆਪਣੇ ਅਸਲ ਸਵਾਲ ਪੁੱਛਣ ਲਈ ਕਿੰਨਾ ਕੁ ਤਿਆਰ ਹੈ? ਜੇਕਰ ਇਹ ਸਵਾਲ ਹੁਣ ਨਾ ਪੁੱਛੇ ਗਏ, ਤਾਂ ਅਗਲੀ ਸਰਕਾਰ ਵੀ ਉਹੀ ਪੁਰਾਣੇ ਕਰਜ਼ੇ ਅਤੇ ਨਸ਼ੇ ਵਿਰਸੇ ਵਿੱਚ ਮਿਲੇ ਹੋਣ ਦਾ ਮਾਤਮ ਮਨਾਉਣ ਬੈਠ ਜਾਵੇਗੀ—ਬਸ ਕੁਰਸੀ ਅਤੇ ਚਿਹਰਾ ਹੀ ਬਦਲੇਗਾ।

***

## ਵੋਟ, ਸਰਕਾਰ ਜਾਂ ਨਾਗਰਿਕ

ਬੰਗਾਲ ਵਿੱਚ ਇਸ ਦਾ ਸਭ ਤੋਂ ਵੱਡਾ ਬੋਝ ਨਿਆਂਪਾਲਿਕਾ 'ਤੇ ਵੀ ਪਿਆ। ਲਗਭਗ 19 ਅਦਾਲਤੀ ਅਪੀਲਾਂ ਬਣਾਈਆਂ ਗਈਆਂ, ਜਿਨ੍ਹਾਂ ਵਿੱਚ ਆਈਆਂ 38.10 ਲੱਖ ਅਪੀਲਾਂ ਵਿੱਚੋਂ ਕੇਵਲ 82,782 ਦਾ ਹੀ ਨਿਪਟਾਰਾ ਹੋ ਸਕਿਆ, ਜਦਕਿ 97.8 ਫ਼ੀਸਦੀ ਅਪੀਲਾਂ ਅਜੇ ਵੀ ਲਟਕ ਰਹੀਆਂ ਹਨ।

ਸਭ ਤੋਂ ਬੁਨਿਆਦੀ ਸਵਾਲ ਇਹ ਹੈ ਕਿ ਕੀ ਐਸ.ਆਈ.ਆਰ. ਵਰਗੀ ਪ੍ਰਕਿਰਿਆ ਸਿਰਫ਼ ਫ਼ਰਜ਼ੀ ਜਾਂ ਮਰ ਚੁੱਕੇ ਵੋਟਰਾਂ ਦੇ ਨਾਂ ਹਟਾਉਣ ਤੱਕ ਸੀਮਤ ਹੈ, ਜਾਂ ਇਸ ਦਾ ਖ਼ਮਿਆਜ਼ਾ ਉਨ੍ਹਾਂ ਲੱਖਾਂ ਗਰੀਬ ਅਤੇ ਸਾਧਨਹੀਣ ਨਾਗਰਿਕਾਂ ਨੂੰ ਭੁਗਤਣਾ ਪੈ ਰਿਹਾ ਹੈ ਜਿਨ੍ਹਾਂ ਕੋਲ ਐਨ ਸਮੇਂ 'ਤੇ ਲੋੜੀਂਦੇ ਦਸਤਾਵੇਜ਼ ਪੇਸ਼ ਕਰਨ ਦੀ ਜਾਣਕਾਰੀ ਜਾਂ ਸਾਧਨ ਨਹੀਂ ਸਨ? ਲੋਕਾਂ ਕੋਲੋਂ ਉਨ੍ਹਾਂ ਦੇ ਮਾਪਿਆਂ ਦੇ ਜਨਮ ਸਰਟੀਫਿਕੇਟ, ਰਿਹਾਇਸ਼ੀ ਸਬੂਤ, ਮੌਤ ਦੇ ਸਰਟੀਫਿਕੇਟ ਅਤੇ ਜਾਤੀ ਸਰਟੀਫਿਕੇਟ ਮੰਗੇ ਜਾ ਰਹੇ ਹਨ। ਇਸ ਪ੍ਰਕਿਰਿਆ ਦੌਰਾਨ ਨਾਗਰਿਕਤਾ ਤੱਕ 'ਤੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ, ਜਿਸ ਨਾਲ ਪ੍ਰਸਿੱਧ ਅਤੇ ਜਾਣੀਆਂ-ਪਛਾਣੀਆਂ ਸ਼ਖ਼ਸੀਅਤਾਂ ਦੀਆਂ ਵੋਟਾਂ ਵੀ ਕੱਟੀਆਂ ਗਈਆਂ ਹਨ।

ਇਸ ਤੋਂ ਇਲਾਵਾ, ਚੋਣ ਪ੍ਰਸ਼ਾਸਨ ਅਤੇ ਸਰਕਾਰੀ ਮਸ਼ੀਨਰੀ ਦੀਆਂ ਤਕਨੀਕੀ ਤੇ ਪ੍ਰਸ਼ਾਸਨਿਕ ਨਾਕਾਮੀਆਂ ਕਾਰਨ ਵੀ ਆਮ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਵਾਰ ਡਿਜੀਟਲ ਪੋਰਟਲਾਂ ਦੇ ਸਹੀ ਢੰਗ ਨਾਲ ਕੰਮ ਨਾ ਕਰਨ ਜਾਂ ਬੂਥ ਲੈਵਲ ਅਧਿਕਾਰੀਆਂ ਕੋਲ ਪੂਰੇ ਸਾਧਨ ਨਾ ਹੋਣ ਕਰਕੇ ਵੀ ਵੋਟਰਾਂ ਦੇ ਫਾਰਮ ਸਮੇਂ ਸਿਰ ਅਪਲੋਡ ਨਹੀਂ ਹੁੰਦੇ। ਇਸ ਦੇ ਨਾਲ ਹੀ, ਆਮ ਨਾਗਰਿਕਾਂ ਵਿੱਚ ਵੋਟ ਨਾਲ ਜੁੜੇ ਵੱਖ-ਵੱਖ ਫਾਰਮਾਂ (ਜਿਵੇਂ ਕਿ ਨਵੇਂ ਵੋਟਰ ਲਈ ਫਾਰਮ 6, ਵੋਟ ਕਟਵਾਉਣ ਲਈ ਫਾਰਮ 7 ਅਤੇ ਵੇਰਵੇ ਬਦਲਣ ਲਈ ਫਾਰਮ 8) ਬਾਰੇ ਜਾਗਰੂਕਤਾ ਦੀ ਭਾਰੀ ਘਾਟ ਹੈ। ਚੋਣ ਕਮਿਸ਼ਨ ਦਾ ਇਹ ਫਰਜ਼ ਬਣਦਾ ਸੀ ਕਿ ਅਜਿਹੇ ਵੱਡੇ ਅਭਿਆਸ ਨੂੰ ਲਾਗੂ ਕਰਨ ਤੋਂ ਪਹਿਲਾਂ ਨਾਗਰਿਕਾਂ ਨੂੰ ਜਾਗਰੂਕ ਕਰਨ ਲਈ ਇੱਕ ਵਿਆਪਕ ਮੁਹਿੰਮ ਚਲਾਈ ਜਾਂਦੀ, ਤਾਂ ਜੋ ਕੋਈ ਵੀ ਯੋਗ ਵੋਟਰ ਦਸਤਾਵੇਜ਼ੀ ਉਲਝਣਾਂ ਕਾਰਨ ਬਾਹਰ ਨਾ ਰਹਿ ਜਾਂਦਾ।

ਸਰਕਾਰ ਅਤੇ ਸੰਵਿਧਾਨਕ ਸੰਸਥਾਵਾਂ ਇਹ ਤਰਕ ਦਿੰਦੀਆਂ ਹਨ ਕਿ ਉਹ ਜੋ ਵੀ ਕਰ ਰਹੀਆਂ ਹਨ, ਉਹ ਕਾਨੂੰਨ ਦੇ ਅਨੁਸਾਰ ਹੈ। ਪਰ ਸਵਾਲ ਇਹ ਹੈ ਕਿ ਕੀ ਇਹ ਪ੍ਰਕਿਰਿਆ ਨਿਆਂਸੰਗਤ ਹੈ? ਕੀ ਭਾਰਤ ਵਰਗੇ ਵਿਸ਼ਾਲ, ਗਰੀਬੀ ਅਤੇ ਅਨਪੜ੍ਹਤਾ ਨਾਲ ਜੂਝ ਰਹੇ ਦੇਸ਼ ਵਿੱਚ ਆਮ ਲੋਕਾਂ 'ਤੇ ਅਜਿਹਾ ਦਸਤਾਵੇਜ਼ੀ ਬੋਝ ਪਾਉਣਾ ਵਾਜਬ ਹੈ? ਅੱਜ ਵੈਧਾਨਿਕ ਸੰਸਥਾਵਾਂ ਨੂੰ ਇਹ ਗੰਭੀਰਤਾ ਨਾਲ ਸੋਚਣਾ ਪਵੇਗਾ ਕਿ ਜੋ ਨਿਯਮ ਉਹ ਬਣਾ ਰਹੇ ਹਨ, ਉਨ੍ਹਾਂ ਨਾਲ ਆਮ ਨਾਗਰਿਕਾਂ 'ਤੇ ਕੀ ਬੀਤ ਰਹੀ ਹੈ।

ਅਸਲ ਵਿੱਚ, ਵੋਟ ਬਣਾਉਣ ਅਤੇ ਵੋਟਰ ਸੂਚੀ ਨੂੰ ਦਰੁਸਤ ਰੱਖਣ ਦੀ ਪੂਰੀ ਜ਼ਿੰਮੇਵਾਰੀ ਸਰਕਾਰ ਅਤੇ ਚੋਣ ਪ੍ਰਸ਼ਾਸਨ ਦੀ ਹੋਣੀ ਚਾਹੀਦੀ ਹੈ। ਆਮ ਨਾਗਰਿਕ ਨੂੰ ਇੱਕ-ਇੱਕ ਦਸਤਾਵੇਜ਼ ਲਈ ਦਫ਼ਤਰਾਂ ਦੇ ਚੱਕਰ ਕੱਟਣ, ਗਲੀਆਂ ਦੀ ਖ਼ਾਕ ਛਾਣਨ ਅਤੇ ਖ਼ੁਆਰ ਹੋਣ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ। ਸੁਪਰੀਮ ਕੋਰਟ ਦੀ ਨਿਗਰਾਨੀ, ਅੰਕੜਿਆਂ ਦੀ ਪਾਰਦਰਸ਼ਤਾ ਅਤੇ ਆਉਣ ਵਾਲੀਆਂ ਚੋਣਾਂ ਦਾ ਦਬਾਅ ਹੀ ਇਹ ਤੈਅ ਕਰੇਗਾ ਕਿ ਭਾਰਤ ਦਾ ਲੋਕਤੰਤਰ ਇਸ ਕਵਾਇਦ ਨਾਲ ਮਜ਼ਬੂਤ ਹੋਵੇਗਾ ਜਾਂ ਆਮ ਨਾਗਰਿਕ ਨੂੰ ਆਪਣੇ ਹੀ ਦੇਸ਼ ਦੇ ਲੋਕਤੰਤਰੀ ਢਾਂਚੇ ਤੋਂ ਦੂਰ ਕਰ ਦੇਵੇਗਾ। ਸਰਕਾਰਾਂ ਦਾ ਫ਼ਰਜ਼ ਨਾਗਰਿਕਾਂ ਦੇ ਅਧਿਕਾਰਾਂ ਦੀ ਰਾਖੀ ਕਰਨਾ ਅਤੇ ਉਨ੍ਹਾਂ ਲਈ ਸੁਖਾਲਾ ਮਾਹੌਲ ਸਿਰਜਣਾ ਹੈ, ਨਾ ਕਿ ਉਨ੍ਹਾਂ ਨੂੰ ਸਰਕਾਰੀ ਉਲਝਣਾਂ ਵਿੱਚ ਫਸਾ ਕੇ ਉਨ੍ਹਾਂ ਦੇ ਬੁਨਿਆਦੀ ਵੋਟ ਅਧਿਕਾਰ ਤੋਂ ਵਾਂਝਾ ਕਰਨਾ।

***

## ਅਕਾਲੀ ਦਲ: ਪੰਥਕ ਵਿਰਾਸਤ ਤੋਂ ਸਿਆਸੀ

ਸੁਖਬੀਰ ਬਾਦਲ 'ਤੇ ਨੰਦੇੜ ਹਮਲਾ ਹੋਵੇ ਜਾਂ ਦਸੰਬਰ 2024 ਵਿੱਚ ਅੰਮ੍ਰਿਤਸਰ ਵਿਖੇ ਹੋਇਆ ਹਮਲਾ, ਅਕਾਲੀ ਦਲ ਲਈ ਇਹ ਘਟਨਾਵਾਂ ਡੂੰਘੇ ਆਤਮ-ਮੰਥਨ ਦਾ ਮੌਕਾ ਵੀ ਪੈਦਾ ਕਰਦੀਆਂ ਹਨ। ਅਕਾਲੀ ਦਲ ਨੂੰ ਆਪਣੇ ਆਪ ਤੋਂ ਕਈ ਔਖੇ ਸਵਾਲ ਪੁੱਛਣੇ ਪੈਣਗੇ। ਨੰਦੇੜ ਦੀ ਘਟਨਾ ਨੂੰ ਸਿਰਫ਼ ਸੁਰੱਖਿਆ ਦੀ ਘਟਨਾ ਸਮਝ ਕੇ ਭੁਲਾ ਦੇਣਾ ਅਕਾਲੀ ਦਲ ਲਈ ਇੱਕ ਹੋਰ ਗੁਆਚਿਆ ਮੌਕਾ ਹੋ ਸਕਦਾ ਹੈ। ਸੰਕਟ ਸਿਰਫ਼ ਪਤਨ ਦੀ ਨਿਸ਼ਾਨੀ ਨਹੀਂ ਹੁੰਦਾ; ਕਈ ਵਾਰ ਇਹ ਪੁਨਰ-ਨਿਰਮਾਣ ਦਾ ਮੌਕਾ ਵੀ ਬਣ ਸਕਦਾ ਹੈ। ਅਕਾਲੀ ਦਲ ਦੀ ਗਿਰਾਵਟ ਡੂੰਘੀ ਜ਼ਰੂਰ ਹੈ, ਪਰ ਇਸ ਨੂੰ ਅਟੱਲ ਮੰਨਣਾ ਵੀ ਜਲਦਬਾਜ਼ੀ ਹੋਵੇਗੀ। ਪੰਜਾਬ ਦੀ ਸਿਆਸਤ ਵਿੱਚ ਖੇਤਰੀ ਅਤੇ ਪੰਥਕ ਤਾਕਤ ਲਈ ਅਜੇ ਵੀ ਥਾਂ ਹੈ। ਇਸ ਥਾਂ ਨੂੰ ਮੁੜ ਹਾਸਲ ਕਰਨ ਲਈ ਪਾਰਟੀ ਨੂੰ ਆਪਣੇ ਅਤੀਤ ਦੀ ਸਿਰਫ਼ ਮਹਿਮਾ ਗਾਉਣ ਦੀ ਬਜਾਏ ਉਸ ਤੋਂ ਸਿੱਖਣਾ ਪਵੇਗਾ।

ਸਭ ਤੋਂ ਪਹਿਲਾਂ ਉਸ ਨੂੰ ਵਿਅਕਤੀ ਤੋਂ ਸੰਗਠਨ, ਪਰਿਵਾਰ ਤੋਂ ਪਾਰਟੀ ਅਤੇ ਅਤੀਤ ਤੋਂ ਭਵਿੱਖ ਵੱਲ ਵਧਣਾ ਪਵੇਗਾ। ਪੰਥਕ ਵਿਰਾਸਤ ਨੂੰ ਆਧੁਨਿਕ ਲੋਕ-ਭਲਾਈ ਦੀ ਸਿਆਸਤ ਨਾਲ ਜੋੜ ਕੇ ਇਹ ਸਾਬਤ ਕਰਨਾ ਪਵੇਗਾ ਕਿ ਅਕਾਲੀ ਦਲ ਕਿਸੇ ਪਰਿਵਾਰ ਦੀ ਸਿਆਸੀ ਜਾਇਦਾਦ ਨਹੀਂ, ਸਗੋਂ ਪੰਜਾਬ ਦੇ ਲੋਕਾਂ ਦੀ ਇਤਿਹਾਸਕ ਜਥੇਬੰਦਕ ਵਿਰਾਸਤ ਹੈ।

2027 ਦੀਆਂ ਵਿਧਾਨ ਸਭਾ ਚੋਣਾਂ ਅਕਾਲੀ ਦਲ ਲਈ ਸਿਰਫ਼ ਇੱਕ ਹੋਰ ਚੋਣ ਨਹੀਂ ਹੋਣਗੀਆਂ, ਸਗੋਂ ਇਸ ਗੱਲ ਦੀ ਪਰਖ ਹੋਣਗੀਆਂ ਕਿ ਪਾਰਟੀ ਆਪਣੀ ਇਤਿਹਾਸਕ ਵਿਰਾਸਤ ਨੂੰ ਬਦਲਦੇ ਪੰਜਾਬ ਦੀਆਂ ਆਸਾਂ-ਉਮੀਦਾਂ ਨਾਲ ਜੋੜ ਕੇ ਮੁੜ ਭਰੋਸੇਯੋਗ ਸਿਆਸੀ ਤਾਕਤ ਬਣ ਸਕਦੀ ਹੈ ਜਾਂ ਨਹੀਂ। ਬੇਸ਼ੱਕ ਅਕਾਲੀ ਦਲ ਕੋਲ ਅਜੇ ਵੀ ਵੱਡੀ ਇਤਿਹਾਸਕ ਵਿਰਾਸਤ, ਪਿੰਡ ਪੱਧਰ 'ਤੇ ਸੰਗਠਨ ਦੀ ਬੁਨਿਆਦ ਅਤੇ ਪੰਜਾਬ ਦੀ ਸਿਆਸੀ ਯਾਦ ਵਿੱਚ ਡੂੰਘੀ ਥਾਂ ਹੈ। ਪਰ ਚੋਣਾਂ ਸਿਰਫ਼ ਵਿਰਾਸਤ ਨਾਲ ਨਹੀਂ ਜਿੱਤੀਆਂ ਜਾਂਦੀਆਂ। ਪਾਰਟੀ ਨੂੰ ਨਵੀਂ ਪੀੜ੍ਹੀ ਨੂੰ ਅੱਗੇ ਲਿਆਉਣ, ਫ਼ੈਸਲਾ ਲੈਣ ਦੀ ਪ੍ਰਕਿਰਿਆ ਨੂੰ ਵਧੇਰੇ ਲੋਕਤੰਤਰਿਕ ਬਣਾਉਣ ਅਤੇ ਰਵਾਇਤੀ ਕਾਡਰ ਦਾ ਭਰੋਸਾ ਮੁੜ ਜਿੱਤਣ ਦੀ ਲੋੜ ਹੈ। ਇਸ ਦੇ ਨਾਲ ਧਾਰਮਿਕ ਸੰਸਥਾਵਾਂ ਦੀ ਖ਼ੁਦਮੁਖ਼ਤਿਆਰੀ ਬਾਰੇ ਸਪਸ਼ਟ ਰੁਖ਼ ਅਤੇ ਪੰਜਾਬ ਲਈ ਅਜਿਹਾ ਵਿਕਾਸ ਮਾਡਲ ਪੇਸ਼ ਕਰਨਾ ਪਵੇਗਾ, ਜਿਸ ਵਿੱਚ ਪੰਥਕ ਸਰੋਕਾਰਾਂ ਦੇ ਨਾਲ ਰੁਜ਼ਗਾਰ, ਨਸ਼ਾ ਮੁਕਤੀ, ਕਿਸਾਨੀ, ਉਦਯੋਗ, ਪਾਣੀ, ਸਿੱਖਿਆ, ਸਿਹਤ ਅਤੇ ਕਾਨੂੰਨ-ਵਿਵਸਥਾ ਕੇਂਦਰ ਵਿੱਚ ਹੋਣ।

ਅਕਾਲੀ ਦਲ ਦੇ ਸਾਹਮਣੇ ਹੁਣ ਅਸਲ ਸਵਾਲ ਇਹ ਨਹੀਂ ਕਿ 2027 ਵਿੱਚ ਉਹ ਕਿੰਨੀਆਂ ਸੀਟਾਂ ਜਿੱਤੇਗਾ। ਸਵਾਲ ਇਹ ਹੈ ਕਿ ਕੀ ਉਹ ਮੁੜ ਪੰਜਾਬ ਦੇ ਲੋਕਾਂ ਦੇ ਦਿਲਾਂ ਵਿੱਚ ਉਹ ਥਾਂ ਬਣਾ ਸਕੇਗਾ, ਜਿੱਥੋਂ ਕਦੇ ਉਸ ਦੀ ਸਿਆਸੀ ਤਾਕਤ ਜਨਮ ਲੈਂਦੀ ਸੀ। ਸਿਆਸਤ ਵਿੱਚ ਚੋਣ ਹਾਰ ਕੇ ਪਾਰਟੀ ਬਚ ਸਕਦੀ ਹੈ, ਸੱਤਾ ਗੁਆ ਕੇ ਵੀ ਮੁੜ ਸੱਤਾ ਵਿੱਚ ਆ ਸਕਦੀ ਹੈ। ਪਰ ਜਦੋਂ ਲੋਕਾਂ ਦਾ ਭਰੋਸਾ ਚਲਾ ਜਾਵੇ ਤਾਂ ਵਾਪਸੀ ਦਾ ਰਸਤਾ ਸਭ ਤੋਂ ਔਖਾ ਹੋ ਜਾਂਦਾ ਹੈ। ਅਕਾਲੀ ਦਲ ਦੀ ਅਸਲ ਪਰਖ ਹੁਣ ਚੋਣ ਮੈਦਾਨ ਵਿੱਚ ਨਹੀਂ, ਭਰੋਸੇ ਦੇ ਮੈਦਾਨ ਵਿੱਚ ਹੈ।

***

## ਏ.ਆਈ. ਕ੍ਰਾਂਤੀ: ਮਨੁੱਖ ਲਈ ਵਰਦਾਨ

ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਅ ਸਕੇਗਾ। ਪੁਲਾੜ ਵਿਗਿਆਨ ਵਿਚ ਏ.ਆਈ. ਬ੍ਰਹਿਮੰਡ ਦੀਆਂ ਉਨ੍ਹਾਂ ਗੁੰਝਲਾਂ ਨੂੰ ਸੁਲਝਾ ਰਹੀ ਹੈ, ਜਿੱਥੇ ਮਨੁੱਖੀ ਪਹੁੰਚ ਅਸੰਭਵ ਹੈ। ਦੂਰ-ਦੁਰਾਡੇ ਗ੍ਰਹਿਆਂ 'ਤੇ ਭੇਜੇ ਗਏ ਰੋਵਰ ਏ.ਆਈ. ਰਾਹੀਂ ਹੀ ਆਪਣੇ ਫ਼ੈਸਲੇ ਲੈਂਦੇ ਹਨ। ਅਪਰਾਧ ਵਿਗਿਆਨ ਤੇ ਸੁਰੱਖਿਆ ਵਿੱਚ ਏ.ਆਈ. ਦੀ ਵਰਤੋਂ ਪੁਲਿਸਿੰਗ ਨੂੰ ਆਧੁਨਿਕ ਬਣਾ ਰਹੀ ਹੈ।

ਅੰਤਰਰਾਸ਼ਟਰੀ ਪੱਧਰ 'ਤੇ ਆਟੋਨੋਮਸ ਹਥਿਆਰ ਦੁਨੀਆ ਲਈ ਸਭ ਤੋਂ ਵੱਡਾ ਖ਼ਤਰਾ ਹਨ। ਜੇਕਰ ਜੰਗ ਦੇ ਮੈਦਾਨ ਵਿੱਚ ਫ਼ੈਸਲੇ ਮਸ਼ੀਨਾਂ ਲੈਣਗੀਆਂ ਤਾਂ ਮਨੁੱਖੀ ਹੋਂਦ ਨੂੰ ਖ਼ਤਰਾ ਵਧੇਗਾ।

ਇਹ ਤਕਨੀਕੀ ਚਮਕ-ਦਮਕ ਸਾਡੀ ਨਿੱਜਤਾ ਲਈ ਖ਼ਤਰਾ ਬਣ ਸਕਦੀ ਹੈ, ਕਿਉਂਕਿ ਅਸੀਂ ਅਨਜਾਣੇ ਵਿਚ ਆਪਣੀ ਆਜ਼ਾਦੀ ਇਕ ਅਜਿਹੇ ਅਦਿੱਖ ਸਿਸਟਮ ਨੂੰ ਸੌਂਪ ਰਹੇ ਹਾਂ, ਜੋ ਸਾਡੀ ਸੋਚ ਨੂੰ ਕੰਟਰੋਲ ਕਰਨ ਦੀ ਸਮਰੱਥਾ ਰੱਖਦਾ ਹੈ। ਜੇਕਰ ਇਹ ਡੇਟਾ ਗਲਤ ਹੱਥਾਂ ਵਿਚ ਚਲਾ ਜਾਵੇ ਤਾਂ ਆਰਥਿਕ ਨੁਕਸਾਨ ਹੋ ਸਕਦੇ ਹਨ। ਇੱਥੇ ਏ.ਆਈ. ਦੀ ਨੈਤਿਕਤਾ (ਇਥੀਕਲ) 'ਤੇ ਵੀ ਸਵਾਲ ਉੱਠਦਾ ਹੈ, ਕੀ ਇੱਕ ਮਸ਼ੀਨ ਨੂੰ ਇਹ ਫ਼ੈਸਲਾ ਲੈਣ ਦਾ ਹੱਕ ਹੋਣਾ ਚਾਹੀਦਾ ਹੈ, ਕਿ ਕਿਸ ਇਨਸਾਨ ਨੂੰ ਨੌਕਰੀ ਜਾਂ ਇਲਾਜ ਮਿਲੇਗਾ? ਇਹੀ ਨੈਤਿਕ ਦੁਬਿਧਾ ਮਨੁੱਖ ਤੇ ਮਸ਼ੀਨ ਵਿਚਕਾਰਲੀ ਜੰਗ ਦਾ ਮੈਦਾਨ ਬਣੇਗੀ। ਬਿਨਾਂ ਸ਼ੱਕ ਏ.ਆਈ. ਮਨੁੱਖੀ ਇਤਿਹਾਸ ਦਾ ਇਕ ਸਭ ਤੋਂ ਸ਼ਕਤੀਸ਼ਾਲੀ ਸੰਦ ਹੈ, ਜੋ ਕੋਈ ਜਾਦੂ ਨਹੀਂ, ਸਗੋਂ ਮਨੁੱਖੀ ਬੁੱਧੀ ਦਾ ਹੀ ਵਿਸਤਾਰ ਹੈ। ਏ.ਆਈ. ਦੀ ਸਫਲਤਾ ਇਸ ਗੱਲ 'ਤੇ ਨਿਰਭਰ ਨਹੀਂ ਕਿ ਇਹ ਕਿੰਨੀ ਪ੍ਰਭਾਵੀ ਹੈ, ਸਗੋਂ ਇਸ ਨੂੰ ਚਲਾਉਣ ਵਾਲੀ ਮਨੁੱਖੀ ਚੇਤਨਾ ਦੀ ਸੰਵੇਦਨਸ਼ੀਲਤਾ 'ਤੇ ਨਿਰਭਰ ਹੈ। ਜੇਕਰ ਅਸੀਂ ਏ.ਆਈ. ਨੂੰ ਮੁਨਾਫੇ ਜਾਂ ਰਾਜਨੀਤਿਕ ਸੱਤਾ ਲਈ ਵਰਤਾਂਗੇ ਤਾਂ ਇਹ ਮਨੁੱਖੀ ਹੋਂਦ ਲਈ ਖ਼ਤਰਾ ਹੈ, ਪਰ ਇਸ ਨੂੰ ਵੱਡੀਆਂ ਸਮੱਸਿਆਵਾਂ- ਗਰੀਬੀ, ਬਿਮਾਰੀਆਂ ਤੇ ਵਾਤਾਵਰਣਕ ਸੰਕਟ ਨੂੰ ਹੱਲ ਕਰਨ ਲਈ ਵਰਤਾਂਗੇ ਤਾਂ ਇਹ ਧਰਤੀ 'ਤੇ ਸਵਰਗ ਸਿਰਜ ਸਕਦੀ ਹੈ। ਮਨੁੱਖ ਨੂੰ ਮਸ਼ੀਨ ਤੋਂ ਡਰਨ ਦੀ ਬਜਾਏ ਆਪਣੀ ਮਨੁੱਖਤਾ ਨੂੰ ਬਚਾਉਣ ਦੀ ਲੋੜ ਹੈ, ਕਿਉਂਕਿ ਤਕਨੀਕ ਦੇ ਹੜ੍ਹ ਵਿੱਚ ਨੈਤਿਕਤਾ ਹੀ ਸਾਡਾ ਸਭ ਤੋਂ ਵੱਡਾ ਜ਼ਾਬਤਾ ਹੈ। ਇਹ ਤੈਅ ਕਰਨਾ ਸਾਡੇ ਹੱਥ ਵਿੱਚ ਹੈ ਕਿ ਇੱਕ ਅਜਿਹਾ ਸੰਸਾਰ ਸਿਰਜੀਏ ਜਿੱਥੇ ਏ.ਆਈ. ਮਨੁੱਖ ਦੀ ਗੁਲਾਮ ਨਾ ਹੋ ਕੇ ਇਨਸਾਨੀਅਤ ਦੇ ਭਲੇ ਲਈ ਇੱਕ ਸੁਚੱਜੀ ਸਹਿਯੋਗੀ ਬਣ ਕੇ ਵਿਚਰੇ। ਏ.ਆਈ. ਦਾ ਅਸਲੀ ਖ਼ਤਰਾ ਇਹ ਨਹੀਂ ਕਿ ਮਸ਼ੀਨਾਂ ਮਨੁੱਖਾਂ ਵਾਂਗ ਸੋਚਣ ਲੱਗ ਪੈਣਗੀਆਂ, ਸਗੋਂ ਇਹ ਹੈ ਕਿ ਕਿਤੇ ਮਨੁੱਖ ਮਸ਼ੀਨਾਂ ਵਾਂਗ ਸੋਚਣਾ ਨਾ ਸ਼ੁਰੂ ਕਰ ਦੇਵੇ।

**

## ਜਾਪਾਨ ਦੇ ਸਿੱਖਿਆਂ ਢਾਂਚੇ

ਜਾਪਾਨੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਵਿਖਾਵੇ ਤੋਂ ਦੂਰ ਕੁਦਰਤੀ ਜੀਵਨ ਜਾਚ ਸਿਖਾਈ ਜਾਂਦੀ ਹੈ; ਇਹੀ ਕਾਰਨ ਹੈ ਕਿ ਉੱਥੇ ਮੇਕਅਪ ਜਾਂ ਸੈਂਟ ਆਦਿ ਲਗਾਉਣ ਦੀ ਮਨਾਹੀ ਹੈ। ਸਕੂਲ ਕੈਂਪਸ ਵਿੱਚ ਜੰਕ ਫੂਡ, ਚਿਪਸ ਅਤੇ ਕੋਲਡ ਡ੍ਰਿੰਕਸ ਪੂਰੀ ਤਰ੍ਹਾਂ ਬੈਨ ਹਨ। ਵਿਦਿਆਰਥੀ ਜਾਂ ਤਾਂ ਘਰੋਂ ਪੌਸ਼ਟਿਕ ਖਾਣਾ ਲਿਆਉਂਦੇ ਹਨ ਜਾਂ ਸਕੂਲ ਦਾ ਤਿਆਰ ਭੋਜਨ ਖਾਂਦੇ ਹਨ, ਜਿਸ ਨੂੰ ਅਧਿਆਪਕ ਖ਼ੁਦ ਬੱਚਿਆਂ ਨਾਲ ਬੈਠ ਕੇ ਵਰਤਾਉਂਦੇ ਹਨ। ਛੁੱਟੀਆਂ ਦੌਰਾਨ ਵੀ ਸਕੂਲਾਂ ਵਿੱਚ ਜੂਡੋ, ਆਰਟਸ ਅਤੇ ਸੰਗੀਤ ਵਰਗੀਆਂ ਕਲੱਬ ਗਤੀਵਿਧੀਆਂ ਲਾਜ਼ਮੀ ਹੁੰਦੀਆਂ ਹਨ। ਹਰ ਸਕੂਲ ਦੀ ਆਪਣੀ ਨਿਵੇਕਲੀ ਵਰਦੀ ਅਤੇ ਗੀਤ ਹੁੰਦਾ ਹੈ, ਜਿੱਥੇ ਵਰਦੀ ਨੂੰ ਮਹਿਜ਼ ਕੱਪੜਾ ਨਹੀਂ ਸਗੋਂ ਜ਼ਿੰਮੇਵਾਰੀ ਸਮਝਿਆ ਜਾਂਦਾ ਹੈ। ਬੱਚਿਆਂ ਨੂੰ ਸ਼ਾਂਤ ਰਹਿਣਾ, ਅਨੁਸ਼ਾਸਨ ਵਿੱਚ ਬੈਠਣਾ ਅਤੇ ਸਮੇਂ ਦੀ ਪਾਬੰਦੀ ਸਿਖਾਈ ਜਾਂਦੀ ਹੈ। ਜਾਪਾਨ ਦੀ ਇਸ ਬੇਮਿਸਾਲ ਸਿੱਖਿਆ ਪ੍ਰਣਾਲੀ ਨੂੰ ਦੇਖ ਕੇ ਅਕਸਰ ਇਹ ਸਵਾਲ ਉੱਠਦਾ ਹੈ ਕਿ ਸਾਡੇ ਦੇਸ਼ ਦੇ ਹਾਕਮਾਂ ਨੂੰ ਅਜਿਹਾ ਪ੍ਰਬੰਧ ਲਾਗੂ ਕਰਨ ਦੀ ਸੂਝ ਕਦੋਂ ਆਵੇਗੀ?

***

## ਜ਼ਖ਼ਮਾਂ ਤੋਂ ਉਮੀਦ ਤੱਕ, ਸਿੱਖਾਂ ਨੇ ਨਫ਼ਰਤ ਦਾ ਜਵਾਬ

ਸਿੱਖਾਂ ਨੇ ਸਾਬਤ ਕਰ ਦਿੱਤਾ ਕਿ ਸਾਡਾ ਧਰਮ ਦੁੱਖ ਵੇਲੇ ਕੰਮ ਆਉਣ ਦਾ ਨਾਂਅ ਹੈ।

**ਸਿਆਸਤ, ਪ੍ਰਸ਼ਾਸਨ ਅਤੇ ਸਮਾਜ ਵਿੱਚ ਨਵੀਂ ਪਛਾਣ**

ਕਰੋਨਾ ਕਾਲ ਤੋਂ ਬਾਅਦ ਸਿੱਖਾਂ ਦਾ ਅਕਸ ਪੂਰੀ ਤਰ੍ਹਾਂ ਬਦਲ ਗਿਆ ਸੀ। ਸਿੱਖ ਹੁਣ ਸਿਰਫ਼ ਸ਼ੱਕੀ ਪਰਵਾਸੀ ਨਹੀਂ ਸਨ। ਉਹ ਸਮਾਜ ਦੇ ਨਾਇਕ ਬਣ ਚੁੱਕੇ ਸਨ। ਸਿੱਖਾਂ ਨੇ ਅਮਰੀਕੀ ਸਿਆਸਤ ਵਿੱਚ ਵੀ ਪੈਰ ਜਮਾਏ। ਗੁਰਬੀਰ ਸਿੰਘ ਗਰੇਵਾਲ ਨਿਊਜਰਸੀ ਦੇ ਅਟਾਰਨੀ ਜਨਰਲ ਬਣੇ। ਉਹ ਪੂਰੇ ਅਮਰੀਕਾ ਵਿੱਚ ਪਹਿਲੇ ਦਸਤਾਰਧਾਰੀ ਸੂਬਾਈ ਅਟਾਰਨੀ ਜਨਰਲ ਸਨ। ਉਨ੍ਹਾਂ ਨੇ ਕਾਨੂੰਨ ਦਾ ਰਾਜ ਕਾਇਮ ਕੀਤਾ। ਉਨ੍ਹਾਂ ਨੇ ਨਸਲਵਾਦ ਵਿਰੁੱਧ ਸਖ਼ਤ ਕਦਮ ਚੁੱਕੇ।

ਰਵੀ ਭੱਲਾ ਹੋਬੋਕਨ ਸ਼ਹਿਰ ਦੇ ਮੇਅਰ ਚੁਣੇ ਗਏ। ਉਨ੍ਹਾਂ ਵਿਰੁੱਧ ਚੋਣਾਂ ਵਿੱਚ ਨਫ਼ਰਤੀ ਪੋਸਟਰ ਲੱਗੇ ਸਨ। ਪਰ ਲੋਕਾਂ ਨੇ ਉਨ੍ਹਾਂ ਨੂੰ ਭਾਰੀ ਵੋਟਾਂ ਨਾਲ ਜਿਤਾਇਆ। ਸਿੱਖ ਜੱਜ ਬਣੇ। ਸਿੱਖ ਵਿਧਾਇਕ ਬਣੇ। ਸਿੱਖਾਂ ਨੇ ਸਾਬਤ ਕੀਤਾ ਕਿ ਉਹ ਦੇਸ਼ ਦੀ ਤਰੱਕੀ ਵਿੱਚ ਭਾਈਵਾਲ ਹਨ। ਅੱਜ ਅਮਰੀਕੀ ਯੂਨੀਵਰਸਿਟੀਆਂ ਵਿੱਚ ਸਿੱਖ ਪ੍ਰੋਫ਼ੈਸਰ ਹਨ। ਵੱਡੇ ਹਸਪਤਾਲਾਂ ਵਿੱਚ ਸਿੱਖ ਡਾਕਟਰ ਹਨ। ਕਾਰਪੋਰੇਟ ਕੰਪਨੀਆਂ ਵਿੱਚ ਸਿੱਖ ਉੱਚ ਅਹੁਦਿਆਂ 'ਤੇ ਹਨ। ਖੇਡਾਂ ਦੇ ਮੈਦਾਨਾਂ ਵਿੱਚ ਸਿੱਖ ਨੌਜਵਾਨ ਤਰੱਕੀ ਕਰ ਰਹੇ ਹਨ। ਨਵੀਂ ਪੀੜ੍ਹੀ ਹੁਣ ਸਿਰ ਝੁਕਾ ਕੇ ਨਹੀਂ ਤੁਰਦੀ। ਉਹ ਮਾਣ ਨਾਲ ਦਸਤਾਰ ਸਜਾ ਕੇ ਨਿਕਲਦੀ ਹੈ। ਦਸਤਾਰ ਹੁਣ ਡਰ ਦਾ ਕਾਰਨ ਨਹੀਂ, ਸਗੋਂ ਇੱਜ਼ਤ ਦਾ ਨਿਸ਼ਾਨ ਬਣ ਚੁੱਕੀ ਹੈ।

**ਨਫ਼ਰਤ ਦਾ ਕੋਝਾ ਰੂਪ ਅਤੇ ਨਵੀਆਂ ਚੁਣੌਤੀਆਂ**

ਕੀ 25 ਸਾਲਾਂ ਬਾਅਦ ਨਫ਼ਰਤ ਪੂਰੀ ਤਰ੍ਹਾਂ ਮੁੱਕ ਗਈ ਹੈ? ਜਵਾਬ ਹੈ—ਨਹੀਂ। ਨਸਲਵਾਦ ਅਜੇ ਵੀ ਖ਼ਤਮ ਨਹੀਂ ਹੋਇਆ। ਇਹ ਆਪਣਾ ਰੂਪ ਬਦਲ ਚੁੱਕਾ ਹੈ। ਹੁਣ ਨਫ਼ਰਤ ਸੜਕਾਂ ਤੋਂ ਜ਼ਿਆਦਾ ਇੰਟਰਨੈੱਟ 'ਤੇ ਫੈਲਦੀ ਹੈ। ਸੋਸ਼ਲ ਮੀਡੀਆ 'ਤੇ ਗ਼ਲਤ ਪ੍ਰਚਾਰ ਕੀਤਾ ਜਾਂਦਾ ਹੈ। ਕੱਟੜਪੰਥੀ ਗਰੁੱਪ ਅਜੇ ਵੀ ਸਰਗਰਮ ਹਨ। ਕਦੇ-ਕਦਾਈਂ ਅਜੇ ਵੀ ਸਿੱਖਾਂ 'ਤੇ ਹਮਲੇ ਹੁੰਦੇ ਹਨ। ਕਿਸੇ ਬਜ਼ੁਰਗ ਦੀ ਕੁੱਟਮਾਰ ਹੋ ਜਾਂਦੀ ਹੈ। ਕਿਸੇ ਦੀ ਦਸਤਾਰ ਉਤਾਰ ਦਿੱਤੀ ਜਾਂਦੀ ਹੈ।

ਪਰ ਅੱਜ ਦਾ ਸਿੱਖ 2001 ਵਾਲਾ ਸਿੱਖ ਨਹੀਂ ਹੈ। ਅੱਜ ਸਿੱਖ ਇਕੱਲਾ ਨਹੀਂ ਹੈ। ਅੱਜ ਉਸ ਕੋਲ ਮਜ਼ਬੂਤ ਜਥੇਬੰਦੀਆਂ ਹਨ। ਅੱਜ ਉਸ ਕੋਲ ਕਾਨੂੰਨ ਦੀ ਤਾਕਤ ਹੈ। ਅੱਜ ਉਸ ਦੇ ਪਿੱਛੇ ਮੀਡੀਆ ਖੜ੍ਹਦਾ ਹੈ। ਜਦੋਂ ਕਿਸੇ ਸਿੱਖ 'ਤੇ ਹਮਲਾ ਹੁੰਦਾ ਹੈ, ਤਾਂ ਅਮਰੀਕੀ ਲੋਕ ਖ਼ੁਦ ਸੜਕਾਂ 'ਤੇ ਆਉਂਦੇ ਹਨ। ਉਹ ਸਿੱਖਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਦੇ ਹਨ। ਇਹ 25 ਸਾਲਾਂ ਦੀ ਵੱਡੀ ਕਮਾਈ ਹੈ।

ਮੁਸਲਿਮ ਭਾਈਚਾਰੇ ਨੇ ਵੀ ਲੰਬਾ ਸੰਘਰਸ਼ ਕੀਤਾ ਹੈ। ਉਨ੍ਹਾਂ ਨੇ ਵੀ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਮੁਸਲਿਮ ਔਰਤਾਂ ਅੱਜ ਸੰਸਦ (ਕਾਂਗਰਸ) ਤੱਕ ਪਹੁੰਚੀਆਂ ਹਨ। ਇਲਹਾਨ ਉਮਰ ਅਤੇ ਰਸ਼ੀਦਾ ਤਲੈਬ ਵਰਗੀਆਂ ਔਰਤਾਂ ਮਿਸਾਲ ਹਨ। ਉਨ੍ਹਾਂ ਨੇ ਹਿਜਾਬ ਪਹਿਨ ਕੇ ਸਹੁੰ ਚੁੱਕੀ। ਉਨ੍ਹਾਂ ਨੇ ਦਿਖਾਇਆ ਕਿ ਧਰਮ ਦੇਸ਼ ਭਗਤੀ ਦੇ ਰਾਹ ਵਿੱਚ ਰੋੜਾ ਨਹੀਂ ਹੈ। ਦੋਵੇਂ ਭਾਈਚਾਰੇ ਹੁਣ ਇੱਕ-ਦੂਜੇ ਦੇ ਦਰਦ ਨੂੰ ਸਮਝਦੇ ਹਨ। ਉਹ ਰਲ ਕੇ ਘੱਟ-ਗਿਣਤੀਆਂ ਦੇ ਹੱਕਾਂ ਲਈ ਲੜਦੇ ਹਨ।

**ਜ਼ਖ਼ਮਾਂ ਤੋਂ ਉਮੀਦ ਵੱਲ: ਚੜ੍ਹਦੀ ਕਲਾ ਦਾ ਪੈਂਡਾ**

9/11 ਨੂੰ ਪੱਚੀ ਸਾਲ ਹੋ ਗਏ ਹਨ। ਸਮਾਂ ਬਹੁਤ ਤੇਜ਼ੀ ਨਾਲ ਲੰਘਿਆ ਹੈ। ਟਵਿਨ ਟਾਵਰਾਂ ਦੀ ਥਾਂ 'ਤੇ ਹੁਣ 'ਵੰਨ ਵਰਲਡ ਟਰੇਡ ਸੈਂਟਰ' ਖੜ੍ਹਾ ਹੈ। ਸ਼ਹੀਦਾਂ ਦੀ ਯਾਦਗਾਰ ਬਣੀ ਹੋਈ ਹੈ। ਉੱਥੇ ਬਲਬੀਰ ਸਿੰਘ ਸੋਢੀ ਅਤੇ ਵਿਸਕਾਨਸਿਨ ਦੇ ਸ਼ਹੀਦਾਂ ਦੇ ਨਾਂਅ ਵੀ ਸੁਨਹਿਰੀ ਅੱਖਰਾਂ ਵਿੱਚ ਉੱਕਰੇ ਹੋਏ ਹਨ। ਉਹ ਸਿਰਫ਼ ਪੀੜਤ ਨਹੀਂ ਸਨ, ਉਹ ਸ਼ਾਂਤੀ ਦੇ ਸ਼ਹੀਦ ਸਨ।

ਸਿੱਖ ਕੌਮ ਨੇ ਸਾਬਤ ਕੀਤਾ ਹੈ ਕਿ ਚੜ੍ਹਦੀ ਕਲਾ ਕੀ ਹੁੰਦੀ ਹੈ। ਚੜ੍ਹਦੀ ਕਲਾ ਦਾ ਮਤਲਬ ਹੈ ਹਰ ਹਾਲ ਵਿੱਚ ਰੱਬ ਦਾ ਭਾਣਾ ਮੰਨਣਾ। ਮੁਸੀਬਤਾਂ ਵਿੱਚ ਵੀ ਦੂਜਿਆਂ ਦਾ ਭਲਾ ਸੋਚਣਾ। ਸਿੱਖਾਂ ਨੇ ਰੋਣ-ਧੋਣ ਦੀ ਬਜਾਏ ਹੱਥੀਂ ਸੇਵਾ ਕੀਤੀ। ਉਨ੍ਹਾਂ ਨੇ ਜ਼ਖ਼ਮਾਂ 'ਤੇ ਲੰਗਰ ਦਾ ਮਲ੍ਹਮ ਲਗਾਇਆ। ਉਨ੍ਹਾਂ ਨੇ ਨਫ਼ਰਤ ਦੀ ਕੰਧ ਨੂੰ ਪਿਆਰ ਨਾਲ ਢਾਹ ਦਿੱਤਾ।

ਅੱਜ ਦੀ ਉਮੀਦ ਇਹ ਹੈ ਕਿ ਸੰਸਾਰ ਸਾਂਝੀਵਾਲਤਾ ਵੱਲ ਵਧ ਰਿਹਾ ਹੈ। ਲੋਕ ਸਮਝ ਰਹੇ ਹਨ ਕਿ ਵੰਨ-ਸੁਵੰਨਤਾ ਹੀ ਕੁਦਰਤ ਦਾ ਨਿਯਮ ਹੈ। ਦਸਤਾਰ, ਹਿਜਾਬ ਜਾਂ ਕੋਈ ਵੀ ਬਾਣਾ ਕਿਸੇ ਨੂੰ ਦੁਸ਼ਮਣ ਨਹੀਂ ਬਣਾਉਂਦਾ। ਮਨੁੱਖ ਦੇ ਕਰਮ ਉਸ ਦੀ ਅਸਲ ਪਛਾਣ ਹੁੰਦੇ ਹਨ। 9/11 ਦੇ ਪੱਚੀ ਵਰ੍ਹੇ ਸਾਨੂੰ ਯਾਦ ਕਰਵਾਉਂਦੇ ਹਨ ਕਿ ਨਫ਼ਰਤ ਤਬਾਹੀ ਲਿਆਉਂਦੀ ਹੈ। ਪਿਆਰ ਜੀਵਨ ਦਿੰਦਾ ਹੈ। ਸੇਵਾ ਮਨੁੱਖਤਾ ਨੂੰ ਜੋੜਦੀ ਹੈ। ਸਿੱਖ ਕੌਮ ਨੇ ਅਮਰੀਕਾ ਵਿੱਚ ਆਪਣਾ ਖ਼ੂਨ ਅਤੇ ਪਸੀਨਾ ਦੋਵੇਂ ਵਹਾਏ ਹਨ। ਉਹ ਇਸ ਧਰਤੀ ਦੇ ਸੱਚੇ ਸਪੂਤ ਬਣ ਕੇ ਉੱਭਰੇ ਹਨ। ਹਨੇਰਾ ਕਿੰਨਾ ਵੀ ਡੂੰਘਾ ਹੋਵੇ, ਸੱਚ ਦਾ ਸੂਰਜ ਹਮੇਸ਼ਾ ਚੜ੍ਹਦਾ ਹੈ। ਸਿੱਖਾਂ ਦੀ ਸੇਵਾ ਅਤੇ ਸਿਦਕ ਨੇ ਉਸ ਸੂਰਜ ਨੂੰ ਰੌਸ਼ਨ ਰੱਖਿਆ ਹੈ। ਇਹ ਸਫ਼ਰ ਜਾਰੀ ਰਹੇਗਾ। ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਕਦੇ ਹਾਰ ਨਹੀਂ ਸਕਦੀ। ਉਸ ਦਾ ਹਰ ਕਦਮ ਮਨੁੱਖਤਾ ਦੀ ਰਾਖੀ ਲਈ ਉੱਠੇਗਾ। ਇਹੋ 9/11 ਦੇ 25 ਸਾਲਾਂ ਦਾ ਅਸਲ ਸੁਨੇਹਾ ਅਤੇ ਸਦੀਵੀ ਸੱਚ ਹੈ।

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

# ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
# ਪੰਜਾਬ ਦਾ ਪਹਿਲਾ OTT ਪਲੇਟਫਾਰਮ

**ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।**

RAISING VOICE FOR TRUTH
ਹੋਕਾ TV

**ਮੁਫ਼ਤ ਉਪਲੱਬਧ ਹੈ**

Download on the App Store

GET IT ON Google Play

**ਹੋਰ ਜਾਣਕਾਰੀ ਲਈ ਵੇਖੋ**

**https://hokatv.com/guest/home**